ਜੁਲਾਈ/ਅਗਸਤ/ਸਤੰਬਰ, 1989

# ਵਤਨ




## ਕਾਮਾਗਾਟਾ ਮਾਰੂ ਵਿਸ਼ੇਸ਼ ਅੰਕ

# ਕਾਮਾਗਾਟਾ ਮਾਰੂ ਦੇ ਮੁਸਾਫਰਾਂ ਦੀ ਸੂਚੀ

| ਨਾਂ | ਪਿੰਡ |
|---|---|

1 ਹਰਨਾਮ ਸਿੰਘ ਰੋਡੇ
2 ਕੇਹਰ ਸਿੰਘ ਰੋਡੇ ਬਾਦਲ
3 ਇੰਦਰ ਸਿੰਘ ਰੋਡੇ ਬਾਦਲ
4 ਕੇਹਰ ਸਿੰਘ ਰੋਡੇ ਭੂਪਾ
5 ਹੀਰਾ ਸਿੰਘ ਤੁੰਗਵਾਲੀ
6 ਸ਼ੇਰ ਸਿੰਘ ਤੁੰਗਵਾਲੀ
7 ਰਾਮ ਸਿੰਘ ਤੁੰਗਵਾਲੀ
8 ਗੁਰਮੁਖ ਸਿੰਘ ਤੁੰਗਵਾਲੀ
9 ਬੁੱ ਦਾ ਸਿੰਘ ਤੁੰਗਵਾਲੀ
10 ਕੇਹਰ ਸਿੰਘ ਤੁੰਗਵਾਲੀ
11 ਬੰਸੀ ਲਾਲ ਤੁੰਗਵਾਲੀ
12 ਰਾਮ ਜੀ ਤੁੰਗਵਾਲੀ
13 ਕਰਤਾ ਰਾਮ ਤੁੰਗਵਾਲੀ
14 ਰਾਮ ਰਤਨ ਤੁੰਗਵਾਲੀ
15 ਬੰਮਣ ਸਿੰਘ ਤੁੰਗਵਾਲੀ
16 ਦਲਬਾਰਾ ਸਿੰਘ ਮੱਲ੍ਹਣ
17 ਸੁੰਦਰ ਸਿੰਘ ਮੱਲ੍ਹਣ
18 ਪਰਤਾਪ ਸਿੰਘ ਮੱਲ੍ਹਣ
19 ਬੂੜ ਸਿੰਘ ਲੰਡੇਆਣਾ
20 ਜੈਮਲ ਸਿੰਘ ਲੰਡੇਆਣਾ
21 ਰੂੜ ਸਿੰਘ ਲੰਡੇਆਣਾ
22 ਦੇਵਾ ਸਿੰਘ ਲੰਡੇਆਣਾ
23 ਪੂਰਨ ਸਿੰਘ ਦੂੜੀਕੇ
24 ਇੰਦਰ ਸਿੰਘ ਦੂੜੀਕੇ
25 ਮੇਵਾ ਸਿੰਘ ਦੂੜੀਕੇ
26 ਬੱਗਾ ਸਿੰਘ ਦੂੜੀਕੇ
27 ਜੀਵਨ ਸਿੰਘ ਦੂੜੀਕੇ
28 ਰਾਮ ਸਿੰਘ ਅਬੋ
29 ਰਾਇਜ਼ਾਦਾ ਸਿੰਘ ਅਬੋ
30 ਨਾਹਰ ਸਿੰਘ ਅਬੋ
31 ਜਵਾਲਾ ਸਿੰਘ ਵਾੜੇ
32 ਗੁਰਮੁਖ ਸਿੰਘ ਵਾੜੇ
33 ਗੋਬਿੰਦ ਸਿੰਘ ਵਾੜੇ
34 ਭਗਤ ਸਿੰਘ ਰਾਜੇਆਣਾ
35 ਸੰਤਾ ਸਿੰਘ ਰਾਜੇਆਣਾ
36 ਜੈਮਲ ਸਿੰਘ ਸੇਖਾ
37 ਕੇਹਰ ਸਿੰਘ ਸੇਖਾ
38 ਮੱਲਾ ਸਿੰਘ ਸੇਖਾ
39 ਜੈਮਲ ਸਿੰਘ ਸੇਖਾ
40 ਪੂਰਨ ਸਿੰਘ ਘੋਲੀਆ
41 ਮੁਨਸ਼ੀ ਸਿੰਘ ਘੋਲੀਆ
42 ਸਦਾ ਸਿੰਘ ਚੂਹੜਚੱਕ
43 ਬਿਸ਼ਨ ਸਿੰਘ ਚੂਹੜਚੱਕ
44 ਸ਼ੇਰ ਸਿੰਘ ਆਲਮਵਾਲਾ
45 ਭਗਵਾਨ ਸਿੰਘ ਆਲਮਵਾਲਾ
46 ਕਾਕੜ ਸਿੰਘ ਭਖੜੀ
47 ਈਸ਼ਰ ਸਿੰਘ ਰੌਲੀ
48 ਇੰਦਰ ਸਿੰਘ ਡੁਨੇਵਾਲਾ
49 ਗੱਜਣ ਸਿੰਘ ਬਦਨ
50 ਚੰਨਣ ਸਿੰਘ ਕਿਸ਼ਨਪੁਰਾ
51 ਝਗੜ ਸਿੰਘ ਸੁਗਮੀ
52 ਅਰਜਣ ਸਿੰਘ ਮਹਿਣਾ
53 ਕਪੂਰ ਸਿੰਘ ਲੋਪੋ
54 ਮਿੱਤ ਸਿੰਘ ਬਰਾਜ
55 ਸਾਵਣ ਸਿੰਘ ਖੁੰਡਾਲਾ
56 ਬਿਸ਼ਨ ਸਿੰਘ ਲੋਹਗੜ੍ਹ
57 ਪਰਤਾਪ ਸਿੰਘ ਬਾਘਾਪੁਰਾਣਾ
58 ਨਰਾਇਣ ਸਿੰਘ ਲੋਂਗੋਵਾਲਾ
59 ਮਿੱਤ ਸਿੰਘ ਬੁੱਘੀਪੁਰ
60 ਸੁੰਦਰ ਸਿੰਘ ਅਜੀਤਵਾਲ
61 ਚੰਨਣ ਸਿੰਘ ਤਖਾਣਵਧ
62 ਇੰਦਰ ਸਿੰਘ ਰਾਮਾ
63 ਅਮਰੀਕ ਸਿੰਘ ਝੰਡਿਆਨ
64 ਰਣਜੀਤ ਸਿੰਘ ਹਰੀਕੇ
65 ਨੰਦ ਸਿੰਘ ਗੰਗਾ ਅਬਲੂ
66 ਨਰਾਇਣ ਸਿੰਘ ਗੋਣੇਵਾਲਾ
67 ਸੁੱਚਾ ਸਿੰਘ ਮਾਛੀਕੇ
68 ਬੀਰ ਸਿੰਘ ਸੁਹਾਗ
69 ਦਲਜੀਤ ਸਿੰਘ ਕੋਣੀ
70 ਮਾਹਲਾ ਸਿੰਘ ਜੈਮਲਵਾਲਾ
71 ਲਖਰਾਜ ਸਿੰਘ ਮਰਾਜ
72 ਸੁੰਦਰ ਸਿੰਘ ਖੋਟੇ
73 ਕਿਸ਼ਨ ਸਿੰਘ ਜੀਊਣਵਾਲਾ
74 ਨੰਦ ਸਿੰਘ ਲਹਿਰਾਫ

ਜ਼ਿਲਾ ਅੰਮ੍ਰਿਤਸਰ

75 ਗੁਰਦਿਤ ਸਿੰਘ ਸਰਹਾਲੀ
76 ਬੰਤਾ ਸਿੰਘ ਸਰਹਾਲੀ
77 ਸਮਸ਼ੇਰ ਸਿੰਘ ਸਰਹਾਲੀ
78 ਸੁਰੈਣ ਸਿੰਘ ਸਰਹਾਲੀ
79 ਸ਼ੀਹਾਂ ਸਿੰਘ ਸਰਹਾਲੀ
80 ਬਘੇਲ ਸਿੰਘ ਕੋਟ ਦਾਤਾ
81 ਕੇਹਰ ਸਿੰਘ ਕੋਟ ਦਾਤਾ
82 ਆਸਾ ਸਿੰਘ ਕੋਟ ਦਾਤਾ
83 ਸ਼ੀਹਾਂ ਸਿੰਘ ਕੋਟ ਦਾਤਾ
84 ਜਵੰਦ ਸਿੰਘ ਕੋਟ ਦਾਤਾ
85 ਸਾਧੂ ਸਿੰਘ ਕੋਟ ਦਾਤਾ
86 ਫੌਜਾ ਸਿੰਘ ਤੁਮੋਵਾਲ
87 ਸੁੰਦਰ ਸਿੰਘ ਤੁਮੋਵਾਲ
88 ਕਿਸ਼ਨ ਕੌਰ ਤੁਮੋਵਾਲ
89 ਭੁਯੰਗਣ ਤੁਮੋਵਾਲ
90 ਰੂੜ ਸਿੰਘ ਨਾਨੋਕੇ
91 ਸ਼ੇਰ ਸਿੰਘ ਨਾਨੋਕੇ
92 ਅਜਾਇਬ ਸਿੰਘ ਕਸੇਲ
93 ਤੇਜਾ ਸਿੰਘ ਕਸੇਲ
94 ਸ਼ੀਹਾਂ ਸਿੰਘ ਜੌਹਲ ਤੇਲ
95 ਬੂੜ ਸਿੰਘ ਜੌਹਲ ਤੇਲ
96 ਹਰਨਾਮ ਸਿੰਘ ਸੇਰੋਂ
97 ਦੇਵਾ ਸਿੰਘ ਸੇਰੋਂ
98 ਨਰਾਇਣ ਸਿੰਘ ਕੱਲਾ
99 ਅੱਛਰ ਸਿੰਘ ਕੱਲਾ
100 ਬਿਸ਼ਨ ਸਿੰਘ ਦਦੇਹਰ
101 ਇੰਦਰ ਸਿੰਘ ਦਦੇਹਰ
102 ਸੁਰੈਣ ਸਿੰਘ ਪੰਡੋਰੀ
103 ਸੁਰਜਨ ਸਿੰਘ ਪੰਡੋਰੀ
104 ਬੇਲਾ ਸਿੰਘ ਖਾਨ ਛਾਬੜੀ
105 ਆਲਾ ਸਿੰਘ ਵੈਰੋਵਾਲ
106 ਵੀਰ ਸਿੰਘ ਚੰਬੋਲ
107 ਦਿਆਲ ਸਿੰਘ ਕੱਕੜ
108 ਗਨੇਸ਼ਾ ਸਿੰਘ ਖੈਰ ਪੁਰਾ
109 ਕਿਸ਼ਨ ਸਿੰਘ ਮੁੱਦਾ
110 ਬਹਾਦਰ ਸਿੰਘ-ਕੱਲਰ ਵਾਲੀਆ
111 ਮੱਲ ਸਿੰਘ-ਵੜਾਲੀ(ਆਲਾ ਸਿੰਘ)
112 ਨੌਰੰਗ ਸਿੰਘ ਮੁੰਡਾ ਪਿੰਡ
113 ਮੰਨਾ ਸਿੰਘ ਦੋਟੀਆਂ
114 ਵਧਾਵਾ ਸਿੰਘ ਭਕਨਾ
115 ਅਤਰ ਸਿੰਘ ਰੂੜੀ ਵਾਲਾ
116 ਜਵੰਦ ਸਿੰਘ ਫ਼ਤੇਹ ਗੜ੍ਹ
117 ਠਾਕਰ ਸਿੰਘ ਉਦੋ ਨੰਗਲ
118 ਕਿਸ਼ਨ ਸਿੰਘ ਝੰਡੇਰ
119 ਫੌਜਾ ਸਿੰਘ ਝਾਮਕੇ
120 ਟਹਿਲ ਸਿੰਘ ਚੋਹਲਾ ਸਾਹਿਬ
121 ਟਹਿਲ ਸਿੰਘ ਰਾਣੀ ਵਲਾਹ
122 ਹਰਨਾਮ ਸਿੰਘ-ਅਮ੍ਰਿਤਸਰ
123 ਲਛਮਣ ਸਿੰਘ-ਮਾਨੋਚਾਹਲ
124 ਸੱਜਨ ਸਿੰਘ ਫੂਰ
125 ਮੱਖਣ ਸਿੰਘ ਲਧੋਵਾਲ
126 ਹਰਨਾਮ ਸਿੰਘ-ਪਨਗੋਟਾ
127 ਤਾਰਾ ਸਿੰਘ ਜਮੱਸਤ ਪੁਰਾ
128 ਜਗਤ ਸਿੰਘ ਤਾਰਾ ਗੜ੍ਹ
129 ਬੂਟਾ ਸਿੰਘ ਮੂਸਲ
130 ਸੰਪੂਰਨ ਸਿੰਘ-ਨੱਥੂਪੁਰਾ
131 ਬੂੜ ਸਿੰਘ ਜੋੜਾ
132 ਸੰਤਾ ਸਿੰਘ ਕੱਦ ਗਿੱਲ
133 ਕਿਸ਼ਨ ਸਿੰਘ ਛੱਜਲ ਵੱਢੀ
134 ਅਤਰ ਸਿੰਘ ਘੜਕਾ
135 ਭਗਵਾਨ ਸਿੰਘ ਮੂਸੇ

ਜ਼ਿਲਾ ਲੁਧਿਆਣਾ

136 ਸੂਬਾ ਸਿੰਘ ਦੋਲਣ
137 ਅਰਜਨ ਸਿੰਘ ਦੋਲਣ
138 ਅਰਜਨ ਸਿੰਘ(ਦੂਜਾ) ਦੋਲਣ
139 ਖੁਸ਼ਹਾਲ ਸਿੰਘ ਦੋਲਣ
140 ਮੱਲ ਸਿੰਘ ਅਚਰਵਾਲ
141 ਕੇਹਰ ਸਿੰਘ ਅਚਰਵਾਲ
142 ਦਾਨ ਸਿੰਘ ਅਚਰਵਾਲ
143 ਗੋਪੀ ਰਾਮ ਅਚਰਵਾਲ
144 ਡਾ: ਰਘੂਨਾਥ ਸਿੰਘ-ਗੁਜਰਵਾਲ
145 ਪਤਨੀ ਰਘੂਨਾਥ ਸਿੰਘ-ਗੁਜਰਵਾਲ
146 ਨਿਹਾਲ ਸਿੰਘ ਗੁਜਰਵਾਲ
147 ਹਰਨਾਮ ਸਿੰਘ ਗੁਜਰਵਾਲ
148 ਪਾਲਾ ਸਿੰਘ ਬੋਪਾਰਾਏ
149 ਨੱਥਾ ਸਿੰਘ ਬੋਪਾਰਾਏ
150 ਗੋਦੀ ਸਿੰਘ ਬੋਪਾਰਾਏ
151 ਪਾਖਰ ਸਿੰਘ ਪੰਡੋਰੀ
152 ਬਖ਼ਸ਼ੀਸ਼ ਸਿੰਘਪੰਡੋਰੀ
153 ਬਸੰਤ ਸਿੰਘ ਪੰਡੋਰੀ
154 ਸ਼ੇਰ ਸਿੰਘ ਕਮਾਲਪੁਰ
155 ਸੰਤੋਖ ਸਿੰਘ ਕਮਾਲਪੁਰ
156 ਦਾਨ ਸਿੰਘ ਫੂਲੇਵਾਲ
157 ਪ੍ਰੇਮ ਸਿੰਘ ਜਵੱਦੀ
158 ਸੁੰਦਰ ਸਿੰਘ ਚੀਮਣੇ
159 ਨੌਰੰਗ ਸਿੰਘ ਦੇਵਤ ਵਾਲ
160 ਲਾਲ ਸਿੰਘ ਮਾਨ
161 ਸੁੰਦਰ ਸਿੰਘ ਮਾਨ
162 ਹੁਸ਼ਿਆਰ ਸਿੰਘ ਕੁਲਾਰ
163 ਧਿਆਨ ਸਿੰਘ ਘੁਮਾਣ
164 ਪੂਰਨ ਸਿੰਘ ਵੰਜਲ
165 ਗੰਡਾ ਸਿੰਘ ਜਸਪਾਲ ਭਾਈਕੇ
166 ਪਾਲਾ ਸਿੰਘ ਲੁਹਾਰਾ
167 ਕਾਕਾ ਸਿੰਘ ਡੱਬਾ
168 ਮਸਤਾ ਸਿੰਘ ਲੀਲ ਮੇਘਾ
169 ਸੇਵਾ ਸਿੰਘ ਫਰਵਾਹੀ ਵਾਲਾ
170 ਹਰਨਾਮ ਸਿੰਘ ਧਾਲੀਆ
171 ਬਾਰੂ ਦੋਲੇਵਾਲ
172 ਹਾਕਮ ਸਿੰਘ ਨੱਤ
173 ਅਮੀਰ ਮਹੁੰਮਦ ਖਾਂ ਲੁਧਿਆਣਾ
174 ਵੀਰ ਸਿੰਘ ਗੜੇ
175 ਹਰਨਾਮ ਸਿੰਘ ਮੱਲਾ
176 ਤਾਰਾ ਸਿੰਘ ਅਲੂਣੇ ਮਿਆਨੇ
178 ਕੁੰਦਨ ਸਿੰਘ ਸਰਾਭਾ
179 ਰਲਾ ਸਿੰਘ ਦੈਪਈ
180 ਨੱਥਾ ਸਿੰਘ ਚੱਕਰਵਾਲਾ
181 ਪੂਰਨ ਸਿੰਘ ਚੋਪ
182 ਈਸ਼ਰ ਸਿੰਘ ਮਾਨੋਕੇ
183 ਲਾਲ ਸਿੰਘ ਖਿਆਲੀ
184 ਲਾਲ ਸਿੰਘ ਜੜਤੌਲੀ
185 ਪਾਲਾ ਸਿੰਘ ਰੂਮੀ
186 ਮਸਤਾਨ ਸਿੰਘ ਲੋਹੜ
187 ਗੁਰਮੁਖ ਸਿੰਘ ਲਲਤੋਂ
188 ਪੂਰਨ ਸਿੰਘ ਜਨੈਤਪੁਰਾ
189 ਪਰਤਾਪ ਸਿੰਘ ਨੱਥੋਵਾਲ

ਰਿਆਸਤ ਪਟਿਆਲਾ

190 ਚੰਦਾ ਸਿੰਘ ਬੀਹਲਾ
191 ਪਰਤਾਪ ਸਿੰਘ ਬੀਹਲਾ
192 ਜੈ ਸਿੰਘ ਬੀਹਲਾ
193 ਜਹਾਂਗੀਰ ਸਿੰਘ ਬੀਹਲਾ

**ਬਾਕੀ ਪਿਛਲੇ ਕਵਰ ਦੇ ਅੰਦਰ**

1
ਸਾਲ ਪਹਿਲਾ
*
ਅੰਕ ਪਹਿਲਾ

# ਵਤਨ

ਪੰਜਾਬੀ ਦਾ ਸਾਹਿਤਕ ਅਤੇ
ਸੱਭਿਆਚਾਰਕ ਤ੍ਰੈਮਾਸਕ ਪੱਤਰ

**ਸੰਪਾਦਕ:**
ਸਾਧੂ ਬਿਨਿੰਗ, 437-9014
ਸੁਖਵੰਤ ਹੁੰਦਲ, 581-3211

**ਮੈਨੇਜਿੰਗ ਸੰਪਾਦਕ:**
ਪਾਲ ਬਿਨਿੰਗ, 270-7842

**ਐਡਵਰਟਾਇਜ਼ਿੰਗ ਸੰਪਾਦਕ:**
ਅਮਨਪਾਲ ਸਾਰਾ, 324-1091

**ਸਰਕੂਲੇਸ਼ਨ ਸੰਪਾਦਕ:**
ਗੁਰਮੇਲ, 583-7512
ਹਰਜਿੰਦਰ ਸਾਂਗਰਾ

## ਇਸ ਅੰਕ ਵਿੱਚ

ਕਾਮਾਗਾਟਾ ਮਾਰੂ ਨਾਲ ਸੰਬੰਧਤ ਇਤਿਹਾਸਕ ਸਮੱਗਰੀ:
ਮੁਸਾਫਰਾਂ ਦੀ ਸੂਚੀ
ਹਸਨ ਰਹੀਮ -3
ਦਲਜੀਤ ਸਿੰਘ ਵਲੋਂ ਚਿੱਠੀ -5
ਜੇ ਐਡਵਰਡ ਦਾ ਭਾਸ਼ਣ -15
ਐਚ ਐਮ ਫਿਟਜ਼ਰਾਲਡ ਦਾ ਭਾਸ਼ਣ -18
ਜੇ ਐਡਵਰਡ ਦੀਆਂ ਯਾਦਾਂ ਵਿੱਚੋਂ -20
ਐਚ ਐਚ ਸਟੀਵਨਜ਼ ਦਾ ਭਾਸ਼ਣ -21
ਮਾਰੂ ਦੀ ਲੜਾਈ ਦੀ ਰੀਪੋਰਟ -23
ਪ੍ਰਿੰਸੀਪਲ ਜੋਹਨ ਮਕੇਅ -25
ਐਮ ਐਸ ਓਸਟਰਹਾਉਟ -26
ਘਟਨਾਵਾਂ ਦੀ ਲੜੀ -59

ਲੇਖ
ਸੋਹਣ ਸਿੰਘ ਪੂੰਨੀ -7
ਸੂਫੀ ਅਮਰਜੀਤ -30
ਹਿਊ ਜਾਹਨਸਟਨ
ਪੰਜਾਬੀ ਰੂਪ ਸੁਖਵੰਤ ਹੁੰਦਲ -47

ਨਾਵਲ ਵਿਚੋਂ
ਕੇਸਰ ਸਿੰਘ ਗਿਆਨੀ -28

ਕਵਿਤਾ
ਅਜਮੇਰ ਰੋਡੇ -29
ਸੁਰਿੰਦਰ ਧੰਜਲ -31
ਮੰਗਾ ਬਾਸੀ -31
ਗੁਰਦੇਵ ਸਿੰਘ ਦਿਲੋਂ "ਯਕਦਮ" -32
ਸਾਧੂ -32

ਨਾਟਕ
ਸਾਧੂ, ਸੁਖਵੰਤ ਹੁੰਦਲ -33

ਰੀਪੋਰਟ
ਪੰਜਾਬੀ ਮਾਰਕਿਟ ਐਸੋਸੀਏਸ਼ਨ -27
ਵੈਨਕੂਵਰ ਸੱਥ -62

ਨਕਸ਼ਾ -ਹਰਜਿੰਦਰ ਸਾਂਗਰਾ -64



| ANNUAL SUBSCRIPTION: | VOL. 1. NO.1 |
|---|---|
| Canada & U.S.A. -$12.00 | SUMMER- 89 |
| Other Countries-$18.00 | Jul./Aug./Sep./89 |

## ਸੰਪਾਦਕੀ

### ਵਤਨ ਦਾ ਪ੍ਰਵੇਸ਼ ਅੰਕ

ਕੈਨੇਡਾ ਵਿੱਚ ਪਿਛਲੇ ਦੋ ਦਹਾਕਿਆਂ ਤੋਂ ਕਾਫੀ ਸਾਹਤਿਕ ਤੇ ਸੱਭਿਆਚਾਰਕ ਸਰਗਰਮੀਆਂ ਹੋ ਰਹੀਆਂ ਹਨ। ਲੱਗਭਗ ਉਸ ਸਮੇਂ ਤੋਂ ਹੀ ਇਥੇ ਸਾਹਿਤ ਅਤੇ ਸੱਭਿਆਚਾਰ ਨਾਲ ਸਬੰਧਤ ਰਸਾਲੇ ਅਤੇ ਅਖਬਾਰ ਨਿਕਲਦੇ ਆਏ ਹਨ ਜਿਨ੍ਹਾਂ ਨੇ ਆਪਣੀ ਆਪਣੀ ਥਾਂ ਪੰਜਾਬੀ ਬੋਲੀ , ਸਾਹਿਤ ਅਤੇ ਸੱਭਿਆਚਾਰ ਨੂੰ ਸਾਂਭਣ, ਅਤੇ ਇਸ ਦੇ ਵਿਕਾਸ ਵਿੱਚ ਵੱਡਮੁੱਲਾ ਹਿੱਸਾ ਪਾਇਆ ਹੈ। ਇਸ ਸਬੰਧ ਵਿਚ 1973 ਤੋਂ ਸ਼ੁਰੂ ਹੋ ਕੇ 1986 ਤੱਕ ਨਿਕਲਣ ਵਾਲੇ 'ਵਤਨੋਂ ਦੂਰ' ਦੀ ਖਾਸ ਦੇਣ ਅਤੇ ਮਹੱਤਵ ਹੈ। ਸਾਨੂੰ ਇਸ ਗੱਲ ਦੀ ਖੁਸ਼ੀ ਅਤੇ ਮਾਣ ਹੈ ਕਿ ਅਸੀਂ ਵੀ ਅਦਾਰਾ ਵਤਨੋਂ ਦੂਰ ਦਾ ਹਿੱਸਾ ਰਹੇ ਹਾਂ। ਹੁਣ ਪਰਚਾ ਦੋਬਾਰਾ ਸ਼ੁਰੂ ਕਰਨ ਲੱਗਿਆਂ ਜਦ ਅਸੀਂ ਹੋਰਨਾਂ ਪਹਿਲੂਆਂ ਦੇ ਨਾਲ ਨਾਲ ਨਾਂ ਬਾਰੇ ਵੀ ਸੋਚਿਆ ਤਾਂ ਮਹਿਸੂਸ ਕੀਤਾ ਕਿ ਸ਼ਾਇਦ ਸਦਾ ਵਤਨੋਂ ਦੂਰ ਰਹਿਣਾ ਕੋਈ ਇੰਨੀ ਸਿਹਤਮੰਦ ਤੇ ਸਿਆਣੀ ਗੱਲ ਨਹੀਂ ਹੈ। ਨਤੀਜੇ ਵਜੋਂ 'ਵਤਨ' ਦਾ ਪਹਿਲਾ ਅੰਕ ਪੇਸ਼ ਹੈ। ਵਤਨ ਦੀ ਸ਼ੁਰੂਆਤ ਕਾਮਾਗਾਟਾ ਮਾਰੂ ਵਿਸ਼ੇਸ਼ ਅੰਕ ਨਾਲ ਕਰਕੇ ਸਾਨੂੰ ਬੇਹੱਦ ਖੁਸ਼ੀ ਹੋ ਰਹੀ ਹੈ।

### ਕਾਮਾਗਾਟਾ ਮਾਰੂ ਵਿਸ਼ੇਸ਼ ਅੰਕ

ਪੱਚੱਤਰ ਵਰ੍ਹੇ ਪਹਿਲਾਂ ਵੈਨਕੂਵਰ ਦੀ ਬੰਦਰਗਾਹ ਤੇ ਆਏ ਕਾਮਾਗਾਟਾ ਮਾਰੂ ਨੇ ਕੈਨੇਡਾ ਦੇ ਇਤਿਹਾਸ ਵਿੱਚ ਇਕ ਬਹੁਤ ਹੀ ਮਹੱਤਵਪੂਰਨ ਕਾਂਡ ਲਿਖਿਆ ਹੈ। ਉਸ ਸਮੇਂ ਬਰਤਾਨਵੀ ਰਾਜ ਦਾ ਹਿੱਸਾ ਹੋਣ ਕਰਕੇ ਭਾਰਤੀ ਲੋਕ ਇਥੇ ਆਉਣਾ ਆਪਣਾ ਹੱਕ ਸਮਝਦੇ ਸਨ। ਕੈਨੇਡਾ ਦੇ ਬੇਇਨਸਾਫੀ ਵਾਲੇ ਕਾਨੂੰਨਾਂ ਨੂੰ ਵੰਗਾਰਨ ਲਈ ਮਈ 1914 ਵਿਚ ਉਹ ਕਾਮਾਗਾਟਾ ਮਾਰੂ ਕਿਰਾਏ ਤੇ ਲੈ ਕੇ ਇਥੇ ਆਏ। ਪਰ ਕੈਨੇਡੀਅਨ ਸਰਕਾਰ ਆਪਣੀ ਨਸਲਵਾਦੀ ਨੀਤੀ ਤੇ ਕਾਇਮ ਰਹੀ। ਪੂਰੇ ਦੋ ਮਹੀਨੇ ਜਹਾਜ਼ ਵਿੱਚ ਹੀ ਕੈਦੀਆਂ ਵਾਂਗ ਰੱਖਣ ਤੋਂ ਬਾਅਦ ਭਾਰਤੀਆਂ ਨੂੰ ਜ਼ਬਰੀ ਵਾਪਸ ਮੋੜ ਦਿੱਤਾ ਗਿਆ। ਭਾਰਤ ਪਹੁੰਚਣ 'ਤੇ ਅੰਗਰੇਜ਼ੀ ਸਰਕਾਰ ਨੇ ਮਾਰੂ ਦੇ ਮੁਸਾਫਰਾਂ ਦਾ ਸੁਆਗਤ ਗੋਲੀਆਂ ਨਾਲ ਕੀਤਾ।

ਇਹ ਕਹਾਣੀ ਸਾਡੇ ਬਜ਼ੁਰਗਾਂ ਵਲੋਂ ਝੱਲੀਆਂ ਮੁਸੀਬਤਾਂ ਅਤੇ ਉਹਨਾਂ ਵਲੋਂ ਬੇਇਨਸਾਫੀ ਵਿਰੁੱਧ ਲੜਨ ਦੇ ਹੌਂਸਲੇ ਅਤੇ ਦ੍ਰਿੜ ਵਿਸ਼ਵਾਸ ਦੀ ਕਹਾਣੀ ਹੈ। ਇਹ ਹੌਂਸਲਾ ਅਤੇ ਦ੍ਰਿੜ ਵਿਸ਼ਵਾਸ ਸਾਡਾ ਵਿਰਸਾ ਹੈ। ਕਾਮਾਗਾਟਾ ਮਾਰੂ ਦੀ ਪੱਚੱਤਰਵੀਂ ਵਰ੍ਹੇ ਗੰਢ ਸਮੇਂ ਇਸ ਵਿਰਸੇ ਨੂੰ ਲੋਕਾਂ ਤੱਕ ਪਹੁੰਚਾਣ ਲਈ ਅਸੀਂ 'ਵਤਨ' ਦਾ ਇਹ ਵਿਸ਼ੇਸ਼ ਅੰਕ ਪੇਸ਼ ਕਰਦੇ ਹਾਂ। ਸਾਡਾ ਵਿਸ਼ਵਾਸ ਹੈ ਕਿ ਆਪਣੇ ਇਤਿਹਾਸ ਨੂੰ ਯਾਦ ਕਰਨਾ ਅਤੇ ਸਾਂਭਣਾ ਸਾਡੀ ਅੱਜ ਦੀ ਕਮਿਊਨਿਟੀ ਲਈ ਬਹੁਤ ਹੀ ਜਰੂਰੀ ਹੈ। ਬੇਇਨਸਾਫੀ ਵਿਰੁੱਧ ਅਵਾਜ ਉਠਾਉਂਣ ਵਾਲੇ ਲੋਕਾਂ ਦੀ ਯਾਦ ਚੰਗੇ ਸਮਾਜ ਦੀ ਸਿਰਜਣਾ ਵਿੱਚ ਸਹਾਈ ਹੋ ਸਕਦੀ ਹੈ।

ਸਾਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਅੱਜ ਕਮਿਊਨਟੀ ਵਿੱਚ ਕਾਮਾਗਾਟਾ ਮਾਰੂ ਦੀ ਬਰਸੀ ਮਨਾਉਣ ਲਈ ਕਿੰਨੀਆਂ ਹੀ ਸਰਗਰਮੀਆਂ ਹੋ ਰਹੀਆਂ ਹਨ। ਇੰਡੋ-ਕਨੇਡੀਅਨ ਕਮਿਊਨਟੀ ਦੇ ਇਤਿਹਾਸ ਵਿੱਚ ਇਹ ਪਹਿਲਾ ਮੌਕਾ ਹੈ ਕਿ ਆਪਣੇ ਇਤਿਹਾਸਕ ਵਿਰਸੇ ਨੂੰ ਸਾਂਭਣ ਲਈ ਇੰਨੇ ਯਤਨ ਹੋ ਰਹੇ ਹਨ। ਪਰ ਇਸ ਦੇ ਬਾਵਜੂਦ ਵੀ ਘਾਟ ਮਹਿਸੂਸ ਹੋ ਰਹੀ ਹੈ । ਜੇ ਇਹ ਯਤਨ ਹੋਰ ਵੱਧੀਆ ਢੰਗ ਨਾਲ ਕੀਤੇ ਜਾਂਦੇ ਤਾਂ ਇਹ ਜਿਆਦਾ ਅਸਰਦਾਇਕ ਹੋ ਸਕਦੇ ਸਨ। ਇਸੇ ਲਈ ਜਰੂਰੀ ਹੈ ਕਿ ਅਸੀਂ ਹੁਣ ਤੋਂ ਹੀ ਕੈਨੇਡਾ ਵਿੱਚ ਇੰਡੋ-ਕਨੇਡੀਅਨ ਕਮਿਊਨਟੀ ਦੀ ਸੌਵੀਂ ਬਰਸੀ (ਜੋ ਕੁੱਝ ਸਾਲਾਂ ਤਕ ਆਉਣ ਵਾਲੀ ਹੈ) ਮਨਾਉਣ ਲਈ ਯਤਨ ਸ਼ੁਰੂ ਕਰ ਦੇਈਏ।

ਅਸੀਂ ਕੈਨੇਡੀਅਨ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਉਹ 75 ਵਰ੍ਹੇ ਪਹਿਲਾਂ ਕੀਤੀ ਇਸ ਭੁੱਲ ਨੂੰ ਮੰਨੇ ਅਤੇ ਸੋਧਣ ਲਈ ਕਦਮ ਉਠਾਵੇ। ਵੈਨਕੂਵਰ ਦੀ ਬੰਦਰਗਾਹ ਤੇ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਦੀ ਯਾਦ ਵਿੱਚ ਸ਼ਿਲਾਲੇਖ ਲਾਇਆ ਜਾਵੇ। ਅਸੀਂ ਮਹਿਸੂਸ ਕਰਦੇ ਹਾਂ ਕਿ ਕੈਨੇਡੀਅਨ ਸਰਕਾਰ ਵਲੋਂ ਇਹ ਮੰਨ ਲੈਣਾ ਸਮਾਜ ਵਿੱਚ ਸਦਭਾਵਨਾ ਪੈਦਾ ਕਰਨ ਵਿੱਚ ਸਹਾਈ ਹੋਵੇਗਾ। ਇਤਿਹਾਸ ਵਿਚ ਹੋਈਆਂ ਗਲਤੀਆਂ ਨੂੰ ਸੁਧਾਰਨ ਨਾਲ ਨਵੀਆਂ ਗਲਤੀਆਂ ਹੋਣ ਦੀ ਸੰਭਾਵਨਾ ਘਟਦੀ ਹੈ। ਇਸ ਲਈ ਕੈਨੇਡੀਅਨ ਸਰਕਾਰ ਵਲੋਂ ਇਹੋ ਜਿਹੇ ਕਦਮ ਦੀ ਸਖਤ ਜਰੂਰਤ ਹੈ।

ਸੰਪਾਦਕ

# ਦੀ ਹਿੰਦੁਸਤਾਨ

ਜੂਨ 1, 1914

ਸੰਪਾਦਕੀ

# ਕਾਮਾਗਾਟਾ ਮਾਰੂ ਨੂੰ ਜੀ ਆਇਆਂ
## ਹਸਨ ਰਹੀਮ

(1914 ਵਿਚ ਹਸਨ ਰਹੀਮ ਸਥਾਨਕ ਹਿੰਦੁਸਤਾਨੀ ਕਮਿਊਨਟੀ ਦੇ ਆਗੂਆਂ ਵਿੱਚੋਂ ਇਕ ਸਨ ਅਤੇ ਅੰਗਰੇਜ਼ੀ ਵਿੱਚ ਅਖਬਾਰ 'ਦੀ ਹਿੰਦੁਸਤਾਨੀ' ਕੱਢਦੇ ਸਨ। ਕਾਮਾਗਾਟਾ ਮਾਰੂ ਦੇ ਮੁਸਾਫਰਾਂ ਦੀ ਮੱਦਦ ਲਈ ਉਨ੍ਹਾਂ ਬਹੁਤ ਸਰਗਰਮ ਰੋਲ ਨਿਭਾਇਆ। 'ਦੀ ਹਿੰਦੁਸਤਾਨੀ' ਦੇ ਜੂਨ 1914 ਦੇ ਅੰਕ ਵਿੱਚ ਉਨ੍ਹਾਂ ਵਲੋਂ ਲਿਖਿਆ ਸੰਪਾਦਕੀ ਪੇਸ਼ ਹੈ-ਸੰਪਾਦਕ)

ਅਸੀਂ ਐਸ ਐਸ ਕਾਮਾਗਾਟਾ ਮਾਰੂ 'ਤੇ ਆਏ ਭਾਈ ਗੁਰਦਿੱਤ ਸਿੰਘ ਤੇ ਉਹਦੇ 375 ਸਾਥੀਆਂ ਨੂੰ ਜੀ ਆਇਆਂ ਆਖਦੇ ਹਾਂ ਜੋ ਪਿਛਲੇ ਮਹੀਨੇ ਦੀ 22 ਤਰੀਕ ਦੀ ਸਵੇਰ ਨੂੰ ਇਥੇ ਪਹੁੰਚੇ ਹਨ।

ਇਥੋਂ ਦੀਆਂ ਸਨਖੇਜ਼ ਖਬਰਾਂ ਦੀਆਂ ਭੁੱਖੀਆਂ ਰੋਜ਼ਾਨਾ ਅਖਬਾਰਾਂ ਨੇ ਹਰ ਕਿਸਮ ਦੀਆਂ ਡਰਾਉਣੀਆਂ ਕਹਾਣੀਆਂ ਫੈਲਾਈਆਂ ਹਨ ਜਿਹਨਾਂ ਵਿਚ ਇਸ ਜਹਾਜ਼ ਦੇ ਆਉਣ ਨੂੰ "ਹਿੰਦੂ ਹਮਲਾ" ਆਦਿ ਆਖਿਆ ਗਿਆ ਹੈ ਜਦ ਕਿ ਐਮਪਰੈਸ ਜਹਾਜ਼ 'ਤੇ ਆਏ 650 ਚੀਨਿਆਂ ਨੂੰ ਜੀ ਆਇਆਂ ਕਿਹਾ ਗਿਆ ਹੈ।

ਆਪਣੇ ਹੀ ਕਾਨੂੰਨਾਂ ਨਾਲ ਵਿਸ਼ਵਾਸਘਾਤ ਕਰਦੇ ਹੋਏ ਗੈਰ-ਕਾਨੂੰਨੀ ਅਤੇ ਧਿੰਗਾਜ਼ੋਰੀ ਕਰਦੇ ਹੋਏ ਇਮੀਗਰੇਸ਼ਨ ਮਹਿਕਮੇ ਦੇ ਹਾਕਮ ਇਹ ਬਹਾਨਾ ਲਾ ਰਹੇ ਹਨ ਕਿ ਉਹ ਪਿਛਲੇ ਦਸ ਦਿਨ ਤੋਂ ਕਾਮਾਗਾਟਾ ਮਾਰੂ 'ਤੇ ਆਏ ਹੋਏ ਹਿੰਦੂ ਮੁਸਾਫਰਾਂ ਦਾ ਡਾਕਟਰੀ ਮੁਆਇਨਾ ਨਹੀਂ ਕਰ ਸਕੇ। ਇਹ ਗੱਲ ਹਰ ਕੋਈ ਜਾਣਦਾ ਹੈ ਕਿ 500 ਤੋਂ 1000 ਚੀਨੇ ਮੁਸਾਫਰਾਂ ਵਾਲੇ ਜਹਾਜ਼ਾਂ ਦਾ ਡਾਕਟਰੀ ਮੁਆਇਨਾ ਇਹ ਚੌਵੀਆਂ ਘੰਟਿਆਂ ਵਿਚ ਕਰਦੇ ਰਹੇ ਹਨ। ਇਸ ਕਰਕੇ ਇਹ ਗੱਲ ਹੈਰਾਨੀ-ਜਨਕ ਹੀ ਹੈ ਕਿ ਕਿਉਂ ਇਹ ਦੱਸ ਗੁਣਾ ਵਾਧੂ ਸਮੇਂ ਵਿਚ ਸਿਰਫ 375 ਮੁਸਾਫਰਾਂ ਦਾ ਮੁਆਇਨਾ ਕਰਨ ਵਿਚ ਸਫਲ ਨਹੀਂ ਰਹੇ।

ਪਰੈਸ ਦੇ ਨੁਮਾਇੰਦਿਆਂ ਦੇ ਤੌਰ 'ਤੇ ਜਹਾਜ਼ 'ਤੇ ਜਾਣ ਦੀਆਂ ਸਾਡੀਆਂ ਸਾਰੀਆਂ ਕੋਸ਼ਿਸ਼ਾਂ ਅਤੇ ਗੁਰਦਿੱਤ ਸਿੰਘ ਅਤੇ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਵਲੋਂ ਕੀਤੇ ਵਕੀਲ ਦੀਆਂ ਵਾਰ ਵਾਰ ਕੀਤੀਆਂ ਅਰਜ਼ੀਆਂ ਇਮੀਗਰੇਸ਼ਨ ਵਿਭਾਗ ਵਲੋਂ ਇਹ ਕਹਿ ਕੇ ਰੱਦ ਕਰ ਦਿੱਤੀਆਂ ਗਈਆਂ ਹਨ ਕਿ ਉਹ ਅਜੇ ਮੁਸਾਫਰਾਂ ਦਾ ਡਾਕਟਰੀ ਮੁਆਇਨਾ ਨਹੀਂ ਕਰ ਸਕੇ।

ਇਥੋਂ ਤੱਕ ਕਿ ਰਸਦ ਵੀ, ਚਾਰ ਸੌ ਬੰਦੇ ਨੂੰ ਰੋਜ਼ ਖਾਣਾ ਦੇਣ ਲਈ ਰਸਦ ਵੀ ਕੋਈ ਥੋੜੀ ਨਹੀਂ ਚਾਹੀਦੀ, ਪਹੁੰਚਾਣ ਤੋਂ ਨਾਂਹ ਕਰਦੇ ਰਹੇ ਹਨ ਅਤੇ ਹਿੰਦੂ ਮੁਸਾਫਰਾਂ ਦੇ ਦੋਸਤਾਂ ਵਲੋਂ ਵਾਰ ਵਾਰ ਕੋਸ਼ਿਸ਼ ਕਰਨ ਤੇ ਹੀ ਰਸਦ ਪਹੁੰਚਣ ਦਿੱਤੀ ਗਈ।

ਸ਼ਾਇਦ ਇਸ ਮੁਲਕ ਦੇ ਹਾਕਮ ਇਹ ਮਹਿਸੂਸ ਕਰਦੇ ਹਨ ਕਿ ਰੂਸ ਦੇ ਹਾਕਮ ਇਹਨਾਂ ਨਾਲੋਂ ਜ਼ਿਆਦਾ ਜ਼ਾਲਮ ਹਨ, ਅਤੇ ਜਾਂ ਜੋ ਇਹ ਹਿੰਦੂਆਂ ਨਾਲ ਸਲੂਕ ਕਰ ਰਹੇ ਹਨ, ਜੋ ਇਸ ਲੇਖ ਵਿਚ ਦਰਜ ਹੈ, ਉਹ ਸਲੂਕ ਅਮਰੀਕਾ ਦੇ ਲੋਕਾਂ ਨਾਲ ਹੋਏ ਸਲੂਕ ਦੇ ਬਰਾਬਰ ਨਹੀਂ ਜੋ ਉਹ ਹਰ ਸਾਲ ਚਾਰ ਜੁਲਾਈ ਆਜ਼ਾਦੀ ਵਾਲੇ ਦਿਨ ਬਰਤਾਨੀਆਂ ਦੇ ਖਿਲਾਫ ਦਿਖਾਉਂਦੇ ਹਨ, ਪਰ ਅਸੀਂ ਇਹ ਸੋਚਣ ਲਈ ਮਜਬੂਰ ਹਾਂ ਕਿ ਹਿੰਦੋਸਤਾਨੀਆਂ ਨੂੰ ਸਤਾਇਆ ਜਾ ਰਿਹਾ ਹੈ ਉਹ ਜ਼ਾਲਮਾਨਾ ਕੰਮ ਹੈ ਅਤੇ ਅੰਗਰੇਜ਼ਾਂ ਦਾ ਇਨਸਾਫ ਇਕ ਚੁੱਟਕਲਾ ਹੈ।

ਕੈਨੇਡਾ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕਰਨਾ ਕਿਸੇ ਤਰ੍ਹਾਂ ਵੀ ਕੋਈ ਜ਼ੁਲਮ ਨਹੀਂ ਹੈ ਫੇਰ ਵੀ ਜਹਾਜ਼ ਦੇ ਹਿੰਦੂਆਂ ਨੂੰ ਆਪਣੇ ਵਕੀਲ ਤੱਕ ਨੂੰ ਨਹੀਂ ਮਿਲਣ ਦਿੱਤਾ ਜਾ ਰਿਹਾ, ਇਹ ਹੱਕ ਤਾਂ ਸੱਭ ਤੋਂ ਖਤਰਨਾਕ ਦੋਸ਼ੀਆਂ ਤੋਂ ਵੀ ਨਹੀਂ ਖੋਹਿਆ ਜਾਂਦਾ।

ਭਾਈ ਗੁਰਦਿੱਤ ਸਿੰਘ ਨੂੰ ਆਪਣੇ ਕਿਰਾਏ 'ਤੇ ਕੀਤੇ ਜਹਾਜ਼ ਵਿਚੋਂ ਸਮਾਨ ਲਾਹੁਣ ਤੇ ਲੱਦਣ ਦੀ ਆਗਿਆ ਨਹੀਂ ਦਿੱਤੀ ਜਾ ਰਹੀ ਅਤੇ ਇਹ ਇਮੀਗਰੇਸ਼ਨ ਚੌਧਰੀਆਂ ਵਲੋਂ ਵਪਾਰਕ ਮਸਲਿਆਂ ਵਿਚ ਲੱਤ ਅੜਾਉਣਾ ਹੈ ਜਿਹਦੇ ਨਾਲ ਹਿੰਦੂ ਵਪਾਰੀ ਨੂੰ ਬਹੁਤ ਮਾਲੀ ਨੁਕਸਾਨ ਹੋ ਰਿਹਾ ਹੈ, ਅਤੇ ਅਸੀਂ ਸਮਝਦੇ ਹਾਂ ਕਿ ਇਮੀਗਰੇਸ਼ਨ ਵਿਭਾਗ ਇਸ ਤਰ੍ਹਾਂ ਕਰਕੇ ਨੁਕਸਾਨ ਸਹੇੜ ਰਿਹਾ ਹੈ।

ਸਥਾਨਕ ਅਖਬਾਰਾਂ ਝੂਠ ਝੂਠ ਮਾਰ ਮਾਰ ਆਮ ਲੋਕਾਂ ਨੂੰ ਡਰਾ ਰਹੀਆਂ ਹਨ ਕਿ ਗੁਰਦਿੱਤ ਸਿੰਘ ਇਕ ਬਹੁਤ ਵੱਡਾ ਵਪਾਰੀ ਹੈ ਅਤੇ ਉਹਨੇ ਹਿੰਦੋਸਤਾਨੀਆਂ ਦੇ ਜਹਾਜ਼ ਭਰ ਭਰ ਕੇ ਲਈ ਆਉਣੇ ਹਨ ਅਤੇ ਜਿਹਨਾਂ ਨੇ ਗੋਰਿਆਂ ਦੀ ਰੁਜ਼ਗਾਰ ਮਾਰ ਲੈਣੀ ਹੈ, ਜਦ ਕਿ ਅਸਲੀਅਤ ਇਹ ਹੈ ਕਿ ਗੁਰਦਿੱਤ ਸਿੰਘ ਕੋਈ ਇਹੋ ਜਿਹਾ ਅਮੀਰ ਵਪਾਰੀ ਨਹੀਂ ਹੈ। ਜਹਾਜ਼ ਲਿਆਉਣ ਦਾ ਪ੍ਰਬੰਧ ਬਹੁਤ ਸਾਰੇ ਲੋਕਾਂ ਦੇ ਸਹਿਯੋਗ ਨਾਲ ਕੀਤਾ ਗਿਆ ਹੈ ਜਿਹਨਾਂ ਵਿਚੋਂ ਬਹੁਤੇ ਲੋਕ ਕਿਸਾਨ ਹਨ ਜਿਹੜੇ ਸਿਰਫ ਇਸ ਕੋਸ਼ਿਸ਼ ਵਿਚ ਹਨ ਕਿ ਉਹ ਵੀ ਬਰਿਟਿਸ਼ ਕੋਲੰਬੀਆ ਦੀ ਲੱਖਾਂ ਏਕੜ ਬੇ-ਆਬਾਦ ਪਈ ਜ਼ਮੀਨ ਵਿਚੋਂ ਥੋੜੀ ਬਹੁਤੀ ਜ਼ਮੀਨ ਲੈਣ ਜੋਗੇ ਹੋ ਜਾਣ ਤਾਂ ਕਿ ਵਾਹੀ ਕਰਕੇ ਆਪਣਾ ਗੁਜ਼ਾਰਾ ਤੋਰ ਸਕਣ ਬਿਲਕੁਲ ਉਸੇ ਤਰ੍ਹਾਂ ਜਿਵੇਂ ਲੱਖਾਂ ਗੋਰੇ ਇੰਡੀਆ ਵਿਚ ਵੱਖਰੇ ਵੱਖਰੇ ਹਾਲਤਾਂ ਵਿਚ ਰਹਿ ਰਹੇ ਹਨ।

ਅਸੀਂ ਫੇਰ ਕਹਿੰਦੇ ਹਾਂ ਕਿ ਹਿੰਦੂਆਂ ਵਲੋਂ ਇਸ ਮੁਲਕ ਦੇ ਲੋਕਾਂ ਦੀ ਰੋਜ਼ਗਾਰ ਮਾਰਨ ਦੀ ਫਿਲਾਸਫੀ ਬਿਲਕੁਲ ਝੂਠ ਹੈ, ਅਤੇ ਮਜ਼ਦੂਰਾਂ ਦੇ ਕੁਝ ਝੂਠੇ ਲੀਡਰਾਂ ਦੀ ਘੜੀ ਹੋਈ ਹੈ। ਸੱਚਾ ਆਰਥਿਕ ਫਾਰਮੂਲਾ ਹੈ : ਜ਼ਿਆਦਾ ਲੋਕ = ਜ਼ਿਆਦਾ ਕੰਮ : ਜ਼ਿਆਦਾ ਕੰਮ = ਜ਼ਿਆਦਾ ਧੰਨ ਇਸ ਮੁਲਕ ਲਈ।

ਕੈਨੇਡੀਅਨ ਕਲੱਬ ਦੇ ਪ੍ਰਧਾਨ ਸਰ ਵਿਲੀਅਮ ਓਸਲਰ ਨੇ ਲੰਡਨ ਵਿਚ ਕਿਹਾ ਹੈ : "ਜਿਥੇ ਤੱਕ ਚੀਨਿਆਂ ਜਾਂ ਜਪਾਨੀਆਂ ਦਾ

ਸਬੰਧ ਹੈ ਸਾਨੂੰ ਕੋਈ ਮੁਸ਼ਕਲ ਨਹੀਂ ਹੈ ਪਰ ਹਿੰਦੂਆਂ ਦੇ ਮਾਮਲੇ ਵਿਚ ਗੱਲ ਵੱਖਰੀ ਹੈ ਕਿਉਂਕਿ ਇਹ ਸਾਡੇ ਨਾਗਰਿਕ ਭਰਾ ਹਨ। ਜੇ ਅਸੀਂ ਕਰ ਸਕਦੇ ਹੋਈਏ ਤਾਂ ਸਾਨੂੰ ਕਹਿਣਾ ਚਾਹੀਦਾ ਹੈ ਕਿ "ਆਓ, ਜੀ ਆਇਆਂ ਨੂੰ", ਪਰ ਸਾਨੂੰ ਆਪਣੇ ਮੁਲਕ ਨੂੰ ਸੁਰੱਖਿਅਤ ਰੱਖਣਾ ਹੈ। ਇਸ ਕਰਕੇ ਸਾਨੂੰ ਇਹ ਕਹਿਣਾ ਪਵੇਗਾ: "ਸਾਨੂੰ ਅਫਸੋਸ ਹੈ, ਜੇ ਅਸੀਂ ਕਰ ਸਕੀਏ ਤਾਂ ਜ਼ਰੂਰ ਤੁਹਾਨੂੰ ਆ ਲੈਣ ਦਈਏ ਪਰ ਤੁਸੀਂ ਯੂਰਪੀਅਨ ਵਾਂਗ ਬਰਾਬਰ ਪੱਧਰ 'ਤੇ ਨਹੀਂ ਆ ਸਕਦੇ। ਸਾਨੂੰ ਇਹ ਮੁਲਕ ਗੋਰਿਆਂ ਲੋਕਾਂ ਲਈ ਰਾਖਵਾਂ ਰੱਖਣਾ ਹੀ ਪੈਣਾ ਹੈ।"

ਇੰਨਾ ਬਨਾਵਟੀ ਗੰਦ। ਅਸੀਂ ਜ਼ਰੂਰ ਕਰੀਏ ਜੇ ਕਰ ਸਕਦੇ ਹੋਈਏ। ਇਸ ਕਿਸਮ ਦੀ ਦਲੀਲਬਾਜ਼ੀ ਬੀਤੇ ਸਮਿਆਂ ਵਿਚ ਚਲ ਜਾਂਦੀ ਸੀ। ਅਸੀਂ ਵੀ ਇਹ ਕਹਿਣਾ ਚਾਹਾਂਗੇ ਕਿ ਜੇ ਅਸੀਂ ਬਾਹਰ ਰਹਿ ਸਕਦੇ ਹੋਈਏ ਤਾਂ ਜ਼ਰੂਰ ਰਹੀਏ, ਪਰ ਸਾਨੂੰ ਅਫਸੋਸ ਹੈ ਕਿ ਸਾਨੂੰ ਇਥੇ ਆਉਣਾ ਹੀ ਪੈਣਾ ਹੈ। ਅਸੀਂ ਸਿੱਧੇ ਲਫ਼ਜ਼ਾਂ ਵਿਚ ਇਹ ਦੱਸ ਦੇਣਾ ਚਾਹੁੰਦੇ ਹਾਂ ਕਿ ਅਸੀਂ ਯੂਰਪੀਅਨ ਅਤੇ ਅੰਗਰੇਜ਼ ਲੋਕਾਂ ਦੇ ਬਰਾਬਰ ਦੇ ਹੱਕ ਚਾਹੁੰਦੇ ਹਾਂ। ਇਸ ਤੋਂ ਕੁਝ ਵੀ ਵੱਧ ਨਹੀਂ ਅਤੇ ਨਾ ਹੀ ਘੱਟ। ਇਹ ਸੱਭ ਕੁਝ ਬਰਤਾਨਵੀ ਹੁਕਮਰਾਨਾਂ ਅਤੇ ਸਿਆਸਤਦਾਨਾਂ ਦੇ ਆਪਣੇ ਕੀਤੇ ਵਾਇਦਿਆਂ ਮੁਤਾਬਕ ਹੀ ਹੈ, ਇਹ ਵਾਇਦੇ ਪੂਰੇ ਕਰਨੇ ਚਾਹੀਦੇ ਹਨ ਫਾਲਤੂ ਮਿੱਠੇ ਲਫਜ਼ ਦੋਹਰ ਅਤੇ ਟਾਲਮਟੋਲ ਤਾਂ ਸਿਰਫ ਅੱਗ 'ਤੇ ਤੇਲ ਪਾਉਣ ਦਾ ਕੰਮ ਹੀ ਕਰਦੀ ਹੈ।

ਇਕ ਤਾਜ਼ਾ ਖਬਰ ਮੁਤਾਬਕ ਜੋ 'ਕੀਮਤੀ' ਸਨ 'ਚ ਆਈ ਹੈ ਮੂਸ ਜਾਅ ਦਾ ਡਾਕਟਰ ਸਦਰਲੈਂਡ ਵੀ ਇਸ ਤਰ੍ਹਾਂ ਗੱਲ ਕਰਦਾ ਹੈ ਜਿਵੇਂ ਕਿ ਉਹਨੂੰ ਸਵਾਲ ਬਾਰੇ ਕੁਝ ਪਤਾ ਹੁੰਦਾ ਹੈ ਅਤੇ ਉਹ ਆਂਦਰਾਂ ਦੇ ਕੀੜੇ 'ਹੁਕ-ਵਰਮ' ਦਾ ਬਹਾਨਾ ਲਾ ਕੇ ਹਿੰਦੂਆਂ 'ਤੇ ਪਾਬੰਦੀ ਲਾਉਣ ਦਾ ਰਾਹ ਵੀ ਦਸਦਾ ਹੈ। ਹਾਂ, ਇਹ ਠੀਕ ਹੈ ਕਿ ਇਹ ਕੀੜੇ ਅੰਗਰੇਜ਼ਾਂ ਲਈ ਬਹੁਤ ਖਤਰਨਾਕ ਹੈ। ਤਾਂ ਫੇਰ ਰੱਬ ਦੇ ਵਾਸਤੇ ਅੰਗਰੇਜ਼ਾਂ ਨੂੰ ਇਕ ਦਮ ਹਿੰਦੁਸਤਾਨ ਵਿਚੋਂ ਨਿਕਲ ਜਾਣਾ ਚਾਹੀਦਾ ਹੈ ਇਸ ਤੋਂ ਪਹਿਲਾਂ ਕਿ ਉਹ ਸਾਰੇ ਇਸ ਦੇ ਸ਼ਿਕਾਰ ਹੋ ਜਾਣ ਅਤੇ ਗਰੇਟ ਬ੍ਰਿਟਿਨ ਨੂੰ ਇਸ ਨਾਲ ਖਤਰੇ 'ਚ ਪਾ ਦੇਣ।

ਹਿੰਦੂਆਂ ਨੇ ਇਹ ਕੀੜੇ ਪਹਿਲਾਂ ਅਮਰੀਕਾ ਵਿਚ ਲਿਆਂਦੇ ਦੱਸੇ ਗਏ ਹਨ ਅਤੇ ਉਥੋਂ ਇਹ ਸਫਰ ਕਰਦੇ ਕੈਨੇਡਾ ਪਹੁੰਚੇ ਹਨ ਇਹਨਾਂ ਵਿਚੋਂ ਕੁਝ ਇਕ ਨੂੰ ਦੋ ਕੁ ਮਹੀਨੇ ਪਹਿਲਾਂ ਇਕ ਸਤਿਕਾਰਯੋਗ ਮੈਂਬਰ ਨੇ ਡੁਮੀਨੀਅਨ ਹਾਊਸ ਆਫ ਕਾਮਨਜ਼ ਦੇ ਦੁਆਲੇ ਝੁਰਮਟ ਪਾਈ ਖੜੇ ਦੇਖਿਆ ਹੈ। ਹੁਣ ਮੂਸ ਜਾਅ ਦੇ ਇਸ ਡਾਕਟਰ ਨੇ ਉਹਨਾਂ ਨੂੰ ਦੇਖਿਆ ਹੈ ਅਤੇ ਬਰਿਟਿਸ਼ ਕੋਲੰਬੀਆ ਹੁਣ ਦੂਰ ਨਹੀਂ ਹੈ।

ਉਂਵ ਇਹ ਕੀੜੇ ਬਹੁਤ ਮਹੀਨ ਹਨ ਪਰ ਲੋੜ ਪੈਣ 'ਤੇ ਇਹਨਾਂ ਨੂੰ ਮਰਜ਼ੀ ਮੁਤਾਬਕ ਵੱਡੇ ਛੋਟੇ ਕਰ ਲਿਆ ਜਾ ਸਕਦਾ ਹੈ।

ਸਾਨੂੰ ਸ਼ੱਕ ਹੈ ਕਿ ਜਿਸ ਸਿਆਣੇ ਮੈਂਬਰ ਨੇ ਹੁਕਵਰਮ ਦਾ ਦਾ ਰੌਲਾ ਥੋੜ੍ਹਾ ਚਿਰ ਪਹਿਲਾਂ ਕੇਂਦਰੀ ਸਭਾ ਵਿਚ ਪਾਇਆ ਹੈ ਉਹ ਇਕ ਹੁਕਵਰਮ ਤੇ ਬੀ ਸੀ ਦੇ ਕੇਕੜੇ (ਕਰੈਬ) ਵਿਚ ਫਰਕ ਵੀ ਦੱਸ ਸਕੇ ਜੇ ਉਹ ਇਹਨਾਂ ਨੂੰ ਕੋਲ ਕੋਲ ਪਏ ਦੇਖੇ।

ਹਿੰਦੂਆਂ ਦੇ ਕੋਲ ਬੜੀ ਚੰਗੀ ਸਲਾਹ ਹੈ ਕਿ ਇਮੀਗਰੇਸ਼ਨ ਕਾਨੂੰਨ ਦਾ ਹਿੱਸਾ ਗੈਰ-ਸੰਵਿਧਾਨਕ ਹੈ ਅਤੇ ਕਾਊਂਸਲ ਦੇ ਫੁਰਮਾਨ (ਆਰਡਰਜ਼-ਇਨ-ਕਾਊਂਸਲ) ਗੈਰ ਸੰਵਿਧਾਨਕ ਸਾਬਤ ਕੀਤੇ ਜਾ ਸਕਦੇ ਹਨ। ਕਈ ਇਹੋ ਜਿਹੇ ਪ੍ਰਮਾਣ ਲੱਭੇ ਜਾ ਚੁੱਕੇ ਹਨ ਜਿਹੜੇ ਕਾਮਾਗਾਟਾ ਮਾਰੂ ਦੇ ਹਿੰਦੂ ਮੁਸਾਫਰਾਂ ਦੇ ਦਾਖਲੇ ਨੂੰ ਸਹੀ ਠਹਿਰਾਉਂਦੇ ਹਨ। ਕਾਊਂਸਲ ਦੇ ਇਹ ਫੁਰਮਾਨ ਇਨੇ ਪੱਕੇ ਨਹੀਂ ਹਨ ਅਤੇ ਪਹਿਲਾਂ ਵੀ ਜਸਟਿਸ ਮੋਰਿਸਨ ਅਤੇ ਚੀਫ ਜਸਟਿਸ ਹੰਟਰ ਦੇ ਫੈਸਲਿਆਂ ਅਨੁਸਾਰ ਗੈਰ-ਸੰਵਿਧਾਨਕ ਸਾਬਤ ਕੀਤੇ ਜਾ ਚੁੱਕੇ ਹਨ ਅਤੇ ਇਹਨਾਂ ਦੇ ਕੱਚੇ ਹੋਣ ਦਾ ਹੋਰ ਸਬੂਤ ਇਹ ਹੈ ਕਿ ਹਿੰਦੂਆਂ ਦੇ ਇਥੇ ਆਉਣ ਤੋਂ ਬਾਅਦ ਕਾਊਂਸਲ ਦੇ ਇਕ ਨਵੇਂ ਫੁਰਮਾਨ ਰਾਹੀਂ ਪੋਰਟ ਅਲਬਰਨੀ ਅਤੇ ਨਿਊ ਪੋਰਟ ਨੂੰ ਵੀ ਨਾ ਉਤਰਨ ਵਾਲੀਆਂ ਥਾਵਾਂ ਕਰਾਰ ਦਿੱਤਾ ਗਿਆ ਹੈ ਜਿਵੇਂ ਕਿ ਮਈ ਤੀਹ ਦੀ ਇਕ ਖਬਰ-ਇਸ਼ਤਿਹਾਰ ਵਿਚ ਕਿਹਾ ਗਿਆ ਹੈ।

ਹਿੰਦੁਸਤਾਨੀਆਂ ਦਾ ਕਹਿਣਾ ਹੈ ਕਿ ਉਹਨਾਂ ਦੇ ਕਾਨੂੰਨੀ ਹੱਕ ਹਨ ਅਤੇ ਉਹਨਾਂ ਦਾ ਵਕੀਲ ਕੈਨੇਡਾ ਦੀਆਂ ਕਚਹਿਰੀਆਂ ਵਿਚ ਉਹਨਾਂ ਦੀ ਰਖਵਾਲੀ ਕਰੇ ਅਤੇ ਉਹਨਾਂ ਦੇ ਇਥੇ ਉਤਰਨ ਦੇ ਮਸਲੇ ਵਿਚ ਕਾਨੂੰਨ ਜੋ ਫੈਸਲਾ ਕਰੇ ਹੋਵੇ।

ਸਾਨੂੰ ਇਸ ਗੱਲ ਦਾ ਪਤਾ ਨਹੀਂ ਹੈ ਕਿ ਹਿੰਦੂਆਂ ਦੀ ਕੇਂਦਰੀ ਕਮੇਟੀ ਨੇ ਸੈਕਰੇਟਰੀ ਆਫ ਸਟੇਟ ਦੇ ਦਫਤਰ ਜਾਂ ਇੰਡੀਆ ਦੀ ਸਰਕਾਰ ਕੋਲ ਕੋਈ ਅਪੀਲ ਕੀਤੀ ਹੈ ਕਿ ਨਹੀਂ, ਪਰ ਅਰਜ਼ੀ ਕੀਤੀ ਹੋਵੇ ਜਾਂ ਨਾ ਅਸੀਂ ਇਹ ਜ਼ਰੂਰ ਕਹਾਂਗੇ ਕਿ ਜਿਥੇ ਤੱਕ ਕੈਨੇਡਾ ਦੇ ਹਿੰਦੁਸਤਾਨੀ ਇਮੀਗਰੈਂਟਾਂ ਦਾ ਸਬੰਧ ਹੈ ਹਿੰਦੋਸਤਾਨ ਦੀ ਹਕੂਮਤ ਜਾਂ ਲਾਰਡ ਹਾਰਡਿੰਗ ਦੀ ਸਰਕਾਰ ਕੋਲ ਆਪਣੀ ਹੋਂਦ ਦਾ ਅਹਿਸਾਸ ਕਰਾਉਣ ਦਾ ਇਹ ਵਧੀਆ ਮੌਕਾ ਹੈ ਕਿ ਉਹ ਕੈਨੇਡਾ ਦੀ ਡੁਮੀਨੀਅਨ ਸਰਕਾਰ ਨਾਲ ਸਰਕਾਰੀ ਪੱਧਰ 'ਤੇ ਗੱਲਬਾਤ ਕਰਕੇ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਨੂੰ ਇਥੇ ਉਤਰਨ ਵਿਚ ਮੱਦਦ ਕਰਨ।

---

## ਹਿੰਦੁਸਤਾਨੀ ਦਾ ਆਪਣੇ ਸਮਕਾਲੀ 'ਸੰਸਾਰ' ਬਾਰੇ ਨਜ਼ਰੀਆ

'ਸੰਸਾਰ' ਦੇ ਦੁਬਾਰਾ ਪਰਗਟ ਹੋਣ ਦੇ ਨਾਲ ਨਾਲ ਕੈਨੇਡਾ ਦੇ ਸਿਆਸਤਦਾਨਾਂ ਅਤੇ ਉਹਨਾਂ ਦੀ ਪਿਛਲੱਗ ਪਰੈੱਸ ਨੇ ਬੜੀ ਤੇਜ਼ੀ ਨਾਲ ਡਾਕਟਰ ਸੁੰਦਰ ਸਿੰਘ ਨੂੰ ਸਾਰੀ ਕਮਿਊਨਿਟੀ ਦਾ ਲੀਡਰ ਬਣਾ ਕੇ ਪੇਸ਼ ਕਰ ਦਿੱਤਾ ਹੈ। ਜਦ ਕਿ ਅਸਲੀਅਤ ਇਹ ਹੈ ਕਿ ਉਹ ਸਿਰਫ ਆਪਣੇ ਆਪ ਨੂੰ, ਆਪ ਹੀ, ਅਤੇ ਆਪਣੇ ਲਈ ਹੀ 'ਲੀਡ' ਕਰ ਰਿਹਾ ਹੈ। ਅਤੇ ਸਾਡੇ ਫੈਡਰਲ ਮੈਂਬਰ ਮਿਸਟਰ ਐਚ. ਐਚ. ਸਟੀਵਨਜ਼ ਅਤੇ ਔਟਵਾ ਦਾ ਇਮੀਗਰੇਸ਼ਨ ਡੀਪਾਰਟਮੈਂਟ 'ਸੰਸਾਰੀਆਂ' ਨਾਲ ਕਾਮਾਗਾਟਾ ਮਾਰੂ ਦੇ ਸੰਬੰਧ ਵਿੱਚ ਪਾਕ-ਪਵਿਤਰ (holy) ਕਾਨਫਰੰਸਾਂ ਕਰ ਰਹੇ ਹਨ। ਸਰਕਾਰ ਬੜੀ ਆਸ ਵਿੱਚ ਲਗਦੀ ਹੈ ਕਿ ਸ਼ਾਇਦ ਇਸ ਤਰ੍ਹਾਂ ਹਿੰਦੂ ਕੈਨੇਡਾ ਦੇ ਨਾਂ ਨਾਲ ਜਾਣੀ ਜਾਂਦੀ ਇਸ ਭੁਲਾਵੇ ਵਾਲੀ ਧਰਤੀ ਤੇ ਆਉਣਾ ਹੀ ਛੱਡ ਦੇਣ। (ਦੀ ਹਿੰਦੁਸਤਾਨੀ ਜੂਨ 1, 1914)

ਅਨੁਵਾਦ - ਸਾਧੂ ਬਿਨਿੰਗ

# ਕਾਮਾਗਾਟਾ ਮਾਰੂ ਦੇ ਸਕੱਤਰ ਦਲਜੀਤ ਸਿੰਘ ਵਲੋਂ ਉਨੀ ਜੁਲਾਈ ਨੂੰ ਲਿਖੀ ਚਿੱਠੀ

ਜੇ ਅਸੀਂ ਤੁਹਾਨੂੰ ਆਪਣੀਆਂ ਸਾਰੀਆਂ ਮੁਸ਼ਕਲਾਂ ਦੱਸੀਏ ਤਾਂ ਇਹ ਇਕ ਤਰ੍ਹਾਂ ਤੁਹਾਡੇ ਲਈ ਮੁਸੀਬਤਾਂ ਖੜ੍ਹੀਆਂ ਕਰਨਾ ਹੋਵੇਗਾ। ਉਹ ਸਾਨੂੰ ਜ਼ੋਰ ਨਾਲ ਇਥੋਂ ਕੱਢਣ ਦੀ ਕੋਸ਼ਿਸ਼ ਕਰ ਰਹੇ ਹਨ, ਅਤੇ ਬਾਅਦ ਵਿਚ ਤੁਹਾਨੂੰ ਕਹਿ ਦੇਣਗੇ ਕਿ ਜਹਾਜ਼ ਨੂੰ ਮੁਸਾਫਰ ਆਪਣੀ ਮਰਜ਼ੀ ਨਾਲ ਲੈ ਗਏ। ਅਜ ਤੜ੍ਹਕੇ, ਤਕਰੀਬਨ ਡੇਢ ਵਜੇ, ਇਕ ਬੇੜਾ ਪੁਲੀਸ ਨਾਲ ਲੱਦਿਆ ਹੋਇਆ ਆਇਆ ਅਤੇ ਜਬਰਦਸਤੀ ਜਹਾਜ਼ 'ਤੇ ਕਬਜ਼ਾ ਕਰਨ ਦੀ ਅਤੇ ਭਾਈ ਗੁਰਦਿੱਤ ਸਿੰਘ ਨੂੰ ਗ੍ਰਿਫਤਾਰ ਕਰਨ ਦੀ ਕੋਸ਼ਿਸ਼ ਕੀਤੀ ਗਈ। ਅਸੀਂ ਉਹਨਾਂ ਨੂੰ ਪਹਿਲਾਂ ਕੁਝ ਨਹੀਂ ਕਿਹਾ। ਅਸੀਂ ਰਸਦ ਬਿਨ੍ਹਾਂ ਜਹਾਜ਼ ਇਥੋਂ ਕਿਵੇਂ ਲਿਜਾ ਸਕਦੇ ਹਾਂ? ਉਹਨਾਂ ਨੇ 'ਹੋਜ਼' ਨਾਲ ਸਾਡੇ ਉਪਰ ਪਾਣੀ ਸੁੱਟਿਆ ਅਤੇ ਜਹਾਜ਼ 'ਤੇ ਚੜ੍ਹਨ ਦੀ ਕੋਸ਼ਿਸ਼ ਕੀਤੀ। ਇਸ ਗੱਲ 'ਤੇ ਆਕੇ ਸਿੱਖਾਂ ਨੇ ਆਪਣੀਆਂ ਜਾਨਾਂ ਤੱਲੀ 'ਤੇ ਰੱਖ ਕੇ ਉਹਨਾਂ ਨੂੰ ਕੋਲੇ ਮਾਰ ਮਾਰ ਕੇ ਭਜਾ ਦਿੱਤਾ। ਉਹਨਾਂ ਦੇ ਬੇੜੇ ਦੀਆਂ ਸਾਰੀਆਂ ਤਾਕੀਆਂ ਭੱਜ ਗਈਆਂ। ਬਹੁਤ ਜੰਮ ਕੇ ਵਧੀਆ ਲੜਾਈ ਹੋਈ। ਉਹਨਾਂ ਨੇ ਸਾਡੇ 'ਤੇ ਕਈ ਵਾਰੀ ਫਾਇਰ ਕੀਤੇ ਪਰ ਖੁਸ਼ਕਿਸਮਤੀ ਨਾਲ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਸਾਡੇ ਚਾਰ ਬੰਦੇ ਪੁਲੀਸ ਦੇ ਰੱਸਾ ਕੱਟਣ ਵਾਲੇ ਸੰਦਾਂ ਨਾਲ ਜ਼ਖਮੀ ਹੋਏ, ਪਰ ਗੁਰੂ ਦੀ ਮੱਦਦ ਨਾਲ ਅਸੀਂ ਜੇਤੂ ਰਹੇ ਅਤੇ ਆਪਣੇ ਝੰਡੇ ਦੀ ਇੱਜ਼ਤ ਬਚਾਈ। ਅਸੀਂ ਮਰਨ ਮਾਰਨ ਲਈ ਤਿਆਰ ਹਾਂ। ਅਸੀਂ ਤੁਹਾਡੀ ਆਗਿਆ ਬਿਨ੍ਹਾਂ ਜਹਾਜ਼ ਨਹੀਂ ਲੈ ਕੇ ਜਾਂਵਾਂਗੇ ਅਤੇ ਉਹ ਵੀ ਉਦੋਂ ਜਦੋਂ ਉਹ ਰਸਦ ਪਾਣੀ ਪਹਿਲਾਂ ਜਹਾਜ਼ 'ਤੇ ਪਹੁੰਚਾ ਦੇਣਗੇ। ਸਾਡੇ ਲਈ ਰਸਦ ਅਤੇ ਤੁਹਾਡੀ ਆਗਿਆ ਤੋਂ ਬਿਨ੍ਹਾਂ ਜਾਣ ਨਾਲੋਂ ਇਥੇ ਮਰ ਜਾਣਾ ਚੰਗਾ ਹੈ। ਜਹਾਜ਼ ਦੇ ਕੈਪਟਨ ਨੂੰ ਇਤਲਾਹ ਭੇਜ ਦਿਓ ਕਿ ਜੇ ਉਹ ਜਹਾਜ਼ ਨੂੰ ਤੁਹਾਡੇ ਹੁਕਮ ਤੋਂ ਬਿਨ੍ਹਾਂ ਲੈ ਕੇ ਗਿਆ ਤਾਂ ਉਹਨੂੰ ਹਜ਼ਾਰਾਂ ਡਾਲਰਾਂ ਦਾ ਹਰਜਾਨਾ ਭਰਨਾ ਪਵੇਗਾ। ਇਮੀਗਰੇਸ਼ਨ ਵਾਲੇ ਉਹਨੂੰ ਡਰਾਉਣ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਇਸ ਕੰਮ ਵਿਚ ਪੁਲੀਸ ਵੀ ਉਹਨਾਂ ਦੇ ਨਾਲ ਹੈ। ਚੰਗੀ ਗੱਲ ਹੋਵੇਗੀ ਜੇ ਤੁਸੀਂ ਗਵਰਨਰ ਜਨਰਲ ਨੂੰ ਵੀ ਤਾਰ ਪਾ ਦੇਵੋਂ ਕਿ ਇਮੀਗਰੇਸ਼ਨ ਵਾਲੇ ਤੁਹਾਡੀ ਮਨਜ਼ੂਰੀ ਤੋਂ ਬਿਨ੍ਹਾਂ ਹੀ ਜਹਾਜ਼ ਨੂੰ ਇਥੋਂ ਭੇਜਣ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਉਹਨੂੰ ਦੱਸ ਦੇਵੋ ਕਿ ਜੇ ਅਜਿਹਾ ਹੋਇਆ ਤਾਂ ਸਰਕਾਰ ਨੂੰ ਆਪਣੇ ਕੀਤੇ ਦੇ ਫੱਲ ਦਾ ਸੁਆਦ ਚੱਖਣਾ ਪਵੇਗਾ। ਇਕ ਜ਼ੋਰਦਾਰ ਤਾਰ ਪਾਵੋ ਇਹ ਕਹਿ ਕਿ ਜਹਾਜ਼ ਨੂੰ ਲੁੱਟਣ ਦੇ ਇਰਾਦੇ ਨਾਲ ਪੁਲੀਸ ਨੇ ਜ਼ੋਰ ਨਾਲ ਜਹਾਜ਼ 'ਤੇ ਚੜ੍ਹਨ ਦੀ ਕੋਸ਼ਿਸ਼ ਕੀਤੀ। ਇਹ ਸਾਡਾ ਅਖੀਰਲਾ ਸੁਨੇਹਾ ਹੈ ਅਤੇ ਜੇ ਤੁਸੀਂ ਖੁਦ ਇਥੇ ਆ ਕੇ ਅਤੇ ਸਰਕਾਰ ਦੀ ਰਜ਼ਾਮੰਦੀ ਨਾਲ ਸਾਨੂੰ ਵਾਪਿਸ ਜਾਣ ਲਈ ਨਾ ਕਹੋਗੇ ਤਾਂ ਅਸੀਂ ਇਥੇ ਹੀ ਸ਼ਹੀਦ ਹੋ ਜਾਵਾਂਗੇ। ਝਿਜਕਿਓ ਨਾ। ਅਸੀਂ ਮਰਨ ਮਾਰਨ ਲਈ ਤਿਆਰ ਹਾਂ। ਅਤੇ ਜਿਸ ਕਿਸਮ ਦਾ ਉਹਨਾਂ ਨੇ ਸਾਡੇ ਨਾਲ ਸਲੂਕ ਕੀਤਾ ਹੈ ਅਸੀਂ ਲੜ ਕੇ ਮਰਾਂਗੇ। ਤੁਹਾਡੇ ਕੋਲ ਸਰਕਾਰ ਦੇ ਖਿਲਾਫ ਤਕੜਾ ਕੇਸ ਹੈ ਤੁਸੀਂ ਜਾਹਨਸਨ ਨੂੰ, ਕੈਪਟਨ ਨੂੰ, ਰੀਡ ਨੂੰ ਅਤੇ ਗਵਰਨਰ ਜਨਰਲ ਨੂੰ ਇਸ ਬਾਰੇ ਨੋਟਿਸ ਦੇ ਦੇਵੋ। ਜੋ ਕੁਛ ਕੱਲ੍ਹ ਰਾਤ ਹੋਇਆ ਹੈ ਉਹ ਇਕ ਬਹੁਤ ਗੰਭੀਰ ਮਸਲਾ ਹੈ ਅਤੇ ਸਾਡੇ ਜਾਣ ਤੋਂ ਪਹਿਲਾਂ ਇਥੇ ਜ਼ਰੂਰ ਖੂਨ ਖਰਾਬਾ ਹੋਵੇਗਾ। ਹਾਪਕਿਨਸਨ ਨੇ ਸਾਨੂੰ ਦੱਸਿਆ ਹੈ ਕਿ ਬਲਵੰਤ ਸਿੰਘ, ਭਾਗ ਸਿੰਘ ਅਤੇ ਰਹੀਮ ਜੇਲ ਵਿਚ ਹਨ। ਅਸੀਂ ਅੰਦਾਜ਼ਾ ਲਾਇਆ ਕਿ ਉਹ ਗੁਰਦਿੱਤ ਸਿੰਘ ਨੂੰ ਅਤੇ ਮੈਨੂੰ ਫੜਨ ਆਏ ਸਨ। ਸਾਨੂੰ ਅਸਲੀ ਗੱਲ ਬਾਰੇ ਲਿਖੋ। ਸਾਨੂੰ ਬਾਹਰੋਂ ਕੋਈ ਖਬਰ ਨਹੀਂ ਮਿਲਦੀ। ਪਤਾ ਲਗਾਇਓ ਕਿ ਕਿੰਨੇ ਗੋਰੇ ਜ਼ਖਮੀ ਹੋਏ ਹਨ। ਅਸੀਂ ਉਹਨਾਂ ਦਾ ਕਾਫੀ ਬੁਰਾ ਹਾਲ ਕੀਤਾ। ਇਹ ਬੇਈਮਾਨ ਲੋਕ ਸਾਨੂੰ ਥੱਲੇ ਲਾਉਣ ਦੀ ਕੋਸ਼ਿਸ਼ ਕਰ ਰਹੇ ਹਨ ਨਹੀਂ ਤਾਂ ਉਹ ਕੀ ਕਰ ਸਕਦੇ ਸਨ। ਸਾਡੇ ਭੁੱਖੇ ਤਿਹਾਏ ਬੰਦਿਆਂ ਨੇ ਉਹਨਾਂ ਨੂੰ ਕੱਲ੍ਹ ਰਾਤ ਆਪਣੇ ਹੱਥ ਦਿਖਾਏ ਅਤੇ ਜੇ ਅਸੀਂ ਇੰਦਾਂ ਨਾ ਕਰਦੇ ਤਾਂ ਉਹਨਾਂ ਨੇ ਜਹਾਜ਼ 'ਤੇ ਕਬਜ਼ਾ ਕਰ ਲੈਣਾ ਸੀ।

ਜੇ ਤੁਸੀਂ ਜਿਆਦਾ ਨਾ ਲਿਖ ਸਕੋਂ ਤਾਂ ਘੱਟੋ ਘੱਟ ਕੁਝ ਲਾਈਨਾਂ ਜ਼ਰੂਰ ਲਿਖ ਦੇਣੀਆਂ ਅਤੇ ਦੀਵਾਨ ਦੀ ਮੋਹਰ ਲਾ ਦੇਣੀ ਤਾਂ ਕਿ ਸਾਨੂੰ ਯਕੀਨ ਆ ਜਾਵੇ। ਚਿੱਠੀ ਤੋਂ ਬੜੀ ਮੁਸ਼ਕਲ ਹੈ। ਅਸੀਂ ਇਹਨਾਂ ਜ਼ਾਲਮਾਂ ਨੂੰ ਕਈ ਵਾਰੀ ਕਿਹਾ ਹੈ ਕਿ ਸਾਡੇ ਹਮਦਰਦੀਆਂ ਨੂੰ ਸਾਡੇ ਕੋਲ ਲਿਆਓ ਤਾਂ ਕਿ ਅਸੀਂ ਉਹਨਾਂ ਦਾ ਧੰਨਵਾਦ ਕਰ ਸਕੀਏ ਪਰ ਇਹ ਮੰਨਦੇ ਹੀ ਨਹੀਂ।

ਅਨੁਵਾਦ - ਸਾਧੂ ਬਿਨਿੰਗ


## ਕਾਮਾਗਾਟਾ ਮਾਰੂ ਦੀ ਯਾਦ ਨੂੰ ਪ੍ਰਣਾਮ

**SUKH SHOKER**

**Bus: (604) 435-9477 Res: (604) 325-1982**

**SUTTON GROUP**
**EXCELL REALTY CORP.**
**an independent member broker**
**3010 Boundary Road**
**Burnaby, B.C. Canada V5M 4A1**




ਕਾਮਾਗਾਟਾ ਮਾਰੂ ਦੀ 75ਵੀਂ ਵਰ੍ਹੇ ਗੰਢ 'ਤੇ
ਉਹਨਾਂ ਬਹਾਦਰ ਮੁਸਾਫਰਾਂ ਦੀ ਯਾਦ
ਕਮਿਊਨਟੀ ਨਾਲ ਸਾਂਝੀ ਕਰਦੇ ਹਨ।

**FROINTEER CLOTH HOUSE**

ਫਰੰਟੀਅਰ ਕਲਾਥ ਹਾਊਸ

**6681-6695 Main St. (at 51st Ave)**

**(ਵੈਨਕੂਵਰ, ਬੀ.ਸੀ, ਅਤੇ ਅਮਰੀਕਾ ਵਿੱਚ ਕਪੜੇ ਦਾ ਸੱਭ ਤੋਂ ਵੱਡਾ ਸਟੋਰ)**

**PHONES: (604) 325-4424, 325-3515, 324-4313**

# ਕਾਮਾਗਾਟਾ ਮਾਰੂ ਅਤੇ ਕੈਨੇਡੀਅਨ ਇਨਸਾਫ

ਸੋਹਣ ਸਿੰਘ ਪੂੰਨੀ

ਕਾਮਾਗਾਟਾ ਮਾਰੂ ਆਪਣੇ 376 ਮੁਸਾਫਰਾਂ ਨਾਲ 23 ਮਈ, 1914 ਨੂੰ ਵੈਨਕੂਵਰ ਪੁੱਜਾ। ਕਾਮਾਗਾਟਾ ਮਾਰੂ ਅਤੇ ਉਸਦੇ ਮੁਸਾਫਰਾਂ ਨੂੰ ਅਨ-ਮਨੁੱਖੀ ਹਾਲਤਾਂ ਵਿੱਚ, ਹਥਿਆਰਬੰਦ ਪਹਿਰੇ ਅਧੀਨ ਦੋ ਮਹੀਨੇ ਸਮੁੰਦਰ ਵਿੱਚ ਘੇਰੀ ਰੱਖਣ ਤੋਂ ਬਾਅਦ 23 ਜੁਲਾਈ ਨੂੰ ਡੀਪੋਰਟ ਕਰ ਦਿੱਤਾ ਗਿਆ। ਸਵਾਲ ਪੈਦਾ ਹੁੰਦਾ ਹੈ; ਕੀ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਨੂੰ ਸਮੇਂ ਦੀ ਕੈਨੇਡੀਅਨ ਸਰਕਾਰ (ਟੋਰੀ) ਵਲੋਂ ਕਾਨੂੰਨੀ ਇਨਸਾਫ ਮਿਲਿਆ? ਕੀ ਕੈਨੇਡੀਅਨ ਸਰਕਾਰ ਨੇ ਕਾਮਾਗਾਟਾ ਮਾਰੂ ਦੇ ਕੇਸ ਵਿੱਚ 'ਕੁਦਰਤੀ ਇਨਸਾਫ ਦੇ ਮੁਢਲੇ ਅਸੂਲਾਂ' ਨੂੰ ਵਰਤਿਆ? ਕੀ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਨੂੰ ਵਕੀਲ ਨੂੰ ਮਿਲ ਸਕਣ ( Right to counsel) ਦਾ ਹੱਕ ਮਿਲਿਆ? ਕੀ ਉਨ੍ਹਾਂ ਨੂੰ ਸਮੇਂ ਸਿਰ ਅਦਾਲਤ ਵਿੱਚ ਜਾ ਸਕਣ (Access to courts) ਦਾ ਹੱਕ ਮਿਲਿਆ? ਕੀ ਅਦਾਲਤ ਵਿੱਚ ਉਨ੍ਹਾਂ ਦੀ ਨਿਰਪੱਖ ਤੇ ਇਨਸਾਫ ਭਰੀ ਸੁਣਵਾਈ (Fair Hearing) ਹੋਈ? ਇਨ੍ਹਾਂ ਸੱਤ ਸਵਾਲਾਂ ਦਾ ਜਵਾਬ ਜਾਨਣ ਲਈ ਅਤੇ ਕਾਮਾਗਾਟਾ ਮਾਰੂ ਦੇ ਸਾਰੇ ਕੇਸ ਨੂੰ ਸਮਝਣ ਲਈ ਉਸਦੀ ਪਿੱਠ-ਭੂਮੀ ਨੂੰ ਜਾਨਣਾ ਜ਼ਰੂਰੀ ਹੈ।

ਕੈਨੇਡਾ ਵਿੱਚ ਹਿੰਦੁਸਤਾਨੀ 1904 'ਚ ਆਉਣੇ ਸ਼ੁਰੂ ਹੋਏ। ਇਹ ਗਿਣਤੀ 1908 ਤੱਕ ਲੱਗ-ਭੱਗ 6000 ਤੀਕ ਪੁੱਜ ਚੁੱਕੀ ਸੀ। 1908 'ਚ ਕੈਨੇਡਾ ਦੇ ਡਿਪਟੀ ਮਨਿਸਟਰ ਆਫ ਲੇਬਰ, ਮਕੈਨਜ਼ੀ ਕਿੰਗ ਨੇ ਕੈਨੇਡੀਅਨ ਸਰਕਾਰ ਨੂੰ ਭਵਿੱਖ ਦੀ ਇਮੀਗਰੇਸ਼ਨ ਪਾਲਿਸੀ ਉਲੀਕੇ ਜਾਣ ਬਾਰੇ ਇਕ ਰੀਪੋਰਟ ਪੇਸ਼ ਕੀਤੀ ਜਿਸ ਵਿੱਚ ਕਿਹਾ ਗਿਆ ਸੀ, "ਕੈਨੇਡਾ ਪੂਰਬੀ ਲੋਕਾਂ ਦੀ ਇਮੀਗਰੇਸ਼ਨ 'ਤੇ ਪਾਬੰਦੀ ਲਾਵੇ ਇਹ ਸੁਭਾਵਕ ਹੈ ਤੇ ਕੈਨੇਡਾ 'ਚਿੱਟੇ ਲੋਕਾਂ ਦਾ ਦੇਸ਼' ਰੱਖਿਆ ਜਾਵੇ ਇਹਦੀ ਸਿਰਫ ਆਰਥਕ ਅਤੇ ਸਮਾਜਕ ਕਾਰਨਾਂ ਕਰਕੇ ਹੀ ਲੋੜ ਨਹੀਂ ਸਗੋਂ ਇਹ ਰਾਜਨੀਤਕ ਅਤੇ ਕੌਮੀ ਆਧਾਰ ਤੇ ਵੀ ਬਹੁਤ ਜ਼ਰੂਰੀ ਹੈ।" ਸੋ ਕੈਨੇਡੀਅਨ ਸਰਕਾਰ ਕੈਨੇਡਾ ਨੂੰ ਸਿਰਫ 'ਚਿੱਟੇ ਲੋਕਾਂ ਦਾ ਮੁਲਕ' ਰੱਖਣਾ ਚਾਹੁੰਦੀ ਸੀ। ਇਨ੍ਹਾਂ ਨਸਲਵਾਦੀ ਤੇ ਕੁਝ ਰਾਜਨੀਤਕ ਕਾਰਨਾਂ ਕਰਕੇ ਕੈਨੇਡੀਅਨ ਸਰਕਾਰ ਨੇ ਹਿੰਦੁਸਤਾਨੀਆਂ ਦੇ ਕੈਨੇਡਾ 'ਚ ਦਾਖਲੇ ਨੂੰ ਰੋਕਣ ਲਈ ਦੋ ਫਰਮਾਨ (ਆਰਡਰਜ਼-ਇਨ-ਕੌਂਸਲ) ਪਾਸ ਕੀਤੇ ਜੋ 9 ਮਈ 1910 ਨੂੰ ਲਾਗੂ ਹੋਏ। ਇਹ ਫਰਮਾਨ ਪਾਰਲੀਮੈਂਟ ਦੀ ਗ਼ੈਰ-ਹਾਜ਼ਰੀ 'ਚ ਗਵਰਨਰ-ਇਨ-ਕੌਂਸਲ (ਮੰਤਰੀ ਮੰਡਲ) ਵਲੋਂ ਬਣਾਏ ਜਾਂਦੇ ਹਨ। ਭਾਵੇਂ ਇਹ ਪਾਰਲੀਮੈਂਟ ਵਲੋਂ ਪਾਸ ਨਹੀਂ ਕੀਤੇ ਹੁੰਦੇ ਪਰ ਫੇਰ ਵੀ ਇਨ੍ਹਾਂ ਰੈਗੂਲੇਸ਼ਨਜ਼ ਦੀ ਸ਼ਕਤੀ ਪਾਰਲੀਮੈਂਟ ਦੇ ਬਣਾਏ ਕਾਨੂੰਨਾਂ ਵਰਗੀ ਹੀ ਹੁੰਦੀ ਹੈ ਬ-ਸ਼ਰਤੇ ਕਿ ਉਹ ਐਕਟ ਦੀ ਵਿਰੋਧਤਾ ਨਾ ਕਰਦੇ ਹੋਣ। ਇਨਾਂ 'ਚੋਂ ਪਹਿਲੇ ਫਰਮਾਨ (P.C. 920) ਅਨੁਸਾਰ, "ਏਸ਼ੀਅਨ ਮੂਲ ਦੇ ਕਿਸੇ ਵੀ ਇਮੀਗਰੈਂਟ ਨੂੰ ਕੈਨੇਡਾ 'ਚ ਦਾਖਲ ਹੋ ਸਕਣ ਦੀ ਇਜਾਜ਼ਤ ਨਹੀਂ ਹੋਵੇਗੀ ਜੇ ਉਸ ਕੋਲ 200 ਡਾਲਰ ਨਾ ਹੋਣ।" ਦੂਸਰੇ ਫਰਮਾਨ (P.C. 926) ਅਨੁਸਾਰ, "ਏਸ਼ੀਅਨ ਮੂਲ ਦੇ ਕਿਸੇ ਵੀ ਇਮੀਗਰੈਂਟ ਨੂੰ ਕੈਨੇਡਾ 'ਚ ਉਤਰਨ ਦੀ ਇਜਾਜ਼ਤ ਨਹੀਂ ਹੋਵੇਗੀ ਜੇ ਉਹ ਆਪਣੇ ਜਨਮ ਜਾਂ ਨਾਗਰਿਕਤਾ ਵਾਲੇ ਦੇਸ਼ ਤੋਂ ਸਿੱਧਾ ਸਫਰ (Continuous Journey) ਕਰਕੇ ਨਾ ਆਇਆ ਹੋਵੇ ਅਤੇ ਇਹ ਵੀ ਜ਼ਰੂਰੀ ਹੈ ਕਿ ਉਸਨੇ ਇਹ ਟਿਕਟ ਵੀ ਆਪਣੇ ਦੇਸ਼ ਵਿੱਚ ਹੀ ਖਰੀਦਿਆ ਹੋਵੇ।" ਇਹ ਦੋਨੇ ਰੈਗੂਲੇਸ਼ਨਜ਼ ਨਸਲਵਾਦੀ ਸਨ ਕਿਉਂਕਿ ਇਹ ਸਿਰਫ ਏਸ਼ੀਅਨ ਮੂਲ ਦੇ ਬੰਦਿਆਂ ਤੇ ਹੀ ਲਾਗੂ ਹੁੰਦੇ ਸਨ। ਇਹ ਫਰਮਾਨ ਅਸਲ ਵਿੱਚ ਜਾਪਾਨ ਜਾਂ ਚੀਨ ਆਦਿ ਦੇਸ਼ਾਂ ਦੇ ਨਾਗਰਿਕਾਂ 'ਤੇ ਵੀ ਲਾਗੂ ਨਹੀਂ ਸੀ ਹੁੰਦੇ ਕਿਉਂਕਿ ਜਾਪਾਨ ਦੀ ਸਰਕਾਰ ਨਾਲ ਇਮੀਗਰੇਸ਼ਨ ਦੇ ਮਾਮਲੇ 'ਚ ਕੈਨੇਡਾ ਦਾ ਇਕ ਖਾਸ ਸਮਝੌਤਾ ਹੋ ਚੁੱਕਾ ਸੀ ਤੇ ਚੀਨਿਆਂ ਲਈ ਇਮੀਗਰੇਸ਼ਨ ਦੇ ਵੱਖਰੇ ਕਾਨੂੰਨ ਸਨ। ਦਰਅਸਲ, ਇਨ੍ਹਾਂ ਦੋਨਾਂ ਫਰਮਾਨਾਂ ਦਾ ਇਕੋ ਇਕ ਮਤਲਬ ਸੀ; ਹਿੰਦੁਸਤਾਨੀਆਂ ਦੇ ਕੈਨੇਡਾ 'ਚ ਦਾਖਲੇ ਨੂੰ ਰੋਕਣਾ। ਕੈਨੇਡੀਅਨ ਸਰਕਾਰ ਜਿਹੜੀ ਕਿ ਅਸਲ ਵਿੱਚ ਭਾਵੇਂ ਨਸਲਵਾਦੀ ਸੀ ਪਰ ਉਹ ਜ਼ਾਹਰਾ ਤੌਰ 'ਤੇ ਇਹ ਪ੍ਰਭਾਵ ਨਹੀਂ ਸੀ ਦੇਣਾ ਚਾਹੁੰਦੀ ਕਿ ਉਹ ਨਸਲਵਾਦੀ ਹੈ। ਇਸ ਲਈ ਇਨ੍ਹਾਂ ਦੋਨਾਂ ਫਰਮਾਨਾਂ ਦੀ ਲੈਂਗੂਏਜ ਬੜੀ ਸ਼ਤਾਨੀ ਨਾਲ ਲਿਖੀ ਗਈ ਸੀ। ਇਸ ਵਿੱਚ ਕਿਧਰੇ ਵੀ ਸਿੱਧੇ ਤੌਰ 'ਤੇ 'ਈਸਟ ਇੰਡੀਅਨ', 'ਹਿੰਦੂ' ਜਾਂ 'ਸਿੱਖ' ਆਦਿ ਕਿਸੇ ਵੀ ਸ਼ਬਦ ਦੀ ਵਰਤੋਂ ਨਹੀਂ ਸੀ ਕੀਤੀ ਗਈ। ਪਰ ਕਿਉਂਕਿ ਉਸ ਵਕਤ ਕਿਸੇ ਵੀ ਸਟੀਮ-ਕੰਪਨੀ ਦਾ ਕੋਈ ਵੀ ਜਹਾਜ਼ ਹਿੰਦੁਸਤਾਨ ਤੋਂ ਚਲਕੇ ਸਿੱਧਾ ਕੈਨੇਡਾ ਨਹੀਂ ਸੀ ਆਉਂਦਾ ਇਸ ਲਈ ਸਪੱਸ਼ਟ ਸੀ ਕਿ ਇਹ ਕਾਨੂੰਨ ਬਨਾਉਣ ਵਾਲਿਆਂ ਦਾ ਅਸਲੀ ਤੇ ਇਕੋ ਇਕ ਮਤਲਬ ਸਿਰਫ਼ ਹਿੰਦੁਸਤਾਨੀਆਂ ਦੇ ਕੈਨੇਡਾ 'ਚ ਆਉਣ ਤੇ ਪਾਬੰਦੀ ਲਾਉਣਾ ਹੀ ਸੀ।

ਕੈਨੇਡੀਅਨ ਸਰਕਾਰ ਨੂੰ ਹਾਲਾਂ ਵੀ ਡਰ ਸੀ ਕਿ ਹਿੰਦੁਸਤਾਨੀ ਇਨ੍ਹਾਂ ਆਰਡਰਜ਼-ਇਨ-ਕੌਂਸਲ ਦੇ ਵਿਰੁੱਧ ਅਦਾਲਤਾਂ ਵਿੱਚ ਅਪੀਲ ਕਰਕੇ ਕੈਨੇਡਾ ਵਿੱਚ ਦਾਖਲ ਹੋ ਸਕਦੇ ਹਨ। ਇਸ ਡਰੋਂ ਕੈਨੇਡੀਅਨ ਸਰਕਾਰ ਨੇ 1910 ਵਿੱਚ ਹੀ ਇਮੀਗਰੇਸ਼ਨ ਐਕਟ ਵਿੱਚ ਇਕ ਨਵਾਂ ਸੈਕਸ਼ਨ (Section 23) ਪਾਇਆ ਜਿਸ ਅਨੁਸਾਰ, "ਕਿਸੇ ਵੀ ਅਦਾਲਤ ਜਾਂ ਜੱਜ ਨੂੰ ਇਮੀਗਰੇਸ਼ਨ ਅਧਿਕਾਰੀਆਂ ਵਲੋਂ ਨਵੇਂ ਆ ਰਹੇ ਪਰਿਵਾਸੀਆਂ ਸਬੰਧੀ ਕੀਤੇ ਫੈਸਲਿਆਂ 'ਤੇ ਦੁਬਾਰਾ ਵਿਚਾਰ (Review) ਕਰ ਸਕਣ, ਜਾਂ ਹੋਰ ਕਿਸੇ ਕਿਸਮ ਦੀ ਦਖਲ-ਅੰਦਾਜ਼ੀ ਕਰਨ ਦਾ ਹੱਕ ਨਹੀਂ ਹੋਵੇਗਾ ਬਸ਼ਰਤੇ ਕਿ ਇਮੀਗਰੇਸ਼ਨ ਅਧਿਕਾਰੀਆਂ ਦੇ ਇਹ ਫੈਸਲੇ ਇਮੀਗਰੇਸ਼ਨ ਐਕਟ ਦੀ ਸ਼ਕਤੀ ਅਤੇ ਧਾਰਾਵਾਂ ਅਨੁਸਾਰ ਹੋਣ।" ਜੇ ਕਿਸੇ ਨੂੰ ਕੋਈ ਸ਼ਿਕਾਇਤ ਹੋਵੇ ਤਾਂ ਐਕਟ ਅਨੁਸਾਰ, ਉਸ ਕੋਲ ਮਹਿਕਮੇ ਦੇ ਵਜ਼ੀਰ ਕੋਲ ਅਪੀਲ ਕਰ ਸਕਣ ਦਾ ਹੀ ਇਕੋ ਇਕ ਰਾਹ ਸੀ।

ਕੈਨੇਡੀਅਨ ਸਰਕਾਰ ਨੂੰ ਯਕੀਨ ਸੀ ਕਿ ਉਪਰ ਲਿਖੇ ਦੋਨਾਂ ਫਰਮਾਨਾਂ (P.C. 920 ਅਤੇ P.C. 926) ਅਤੇ ਇਮੀਗਰੇਸ਼ਨ ਐਕਟ ਵਿੱਚ ਦਾਖਲ ਕੀਤੇ ਨਵੇਂ ਸੈਕਸ਼ਨ 23 ਦੀ ਮੱਦਦ ਨਾਲ ਉਹ ਹਿੰਦੁਸਤਾਨੀਆਂ ਦੇ ਕੈਨੇਡਾ ਵਿੱਚ ਦਾਖਲੇ ਨੂੰ ਰੋਕ ਸਕੇਗੀ। ਸਰਕਾਰ 1913 ਤੱਕ ਇਸ ਗੱਲ ਵਿੱਚ ਕਾਮਯਾਬ ਵੀ ਰਹੀ। ਪਰ ਅਕਤੂਬਰ, 1913 ਵਿੱਚ ਸਰਕਾਰ ਲਈ ਫੇਰ ਸਮੱਸਿਆ ਆਣ ਖੜੀ ਜਦੋਂ 38 ਹਿੰਦੁਸਤਾਨੀ 'ਪਨਾਮਾ ਮਾਰੂ' ਜਹਾਜ਼ ਰਾਹੀਂ ਵੈਨਕੂਵਰ ਆਣ ਪੁੱਜੇ। ਨਰਾਇਣ ਸਿੰਘ ਅਤੇ ਉਸਦੇ ਬਾਕੀ ਸਾਥੀ ਮੁਸਾਫਰਾਂ ਨੇ ਕੈਨੇਡਾ 'ਚ ਰਹਿਣ ਲਈ ਅਰਜੀ ਕੀਤੀ ਜੋ ਕਿ ਰੱਦ ਕਰ ਦਿੱਤੀ ਗਈ। ਇਮੀਗਰੇਸ਼ਨ ਡੀਪਾਰਟਮੈਂਟ ਦੇ ਬੋਰਡ ਆਫ ਇਨਕੁਆਰੀ ਵਲੋਂ ਇਨ੍ਹਾਂ 38 ਮੁਸਾਫਰਾਂ ਨੂੰ 'ਡੀਪੋਰਟ' ਕਰਨ ਦਾ ਹੁਕਮ ਦਿੱਤਾ ਗਿਆ। ਨਰਾਇਣ ਸਿੰਘ ਤੇ ਉਸਦੇ ਸਾਥੀ ਮੁਸਾਫਰਾਂ ਦੇ ਵਕੀਲ ਮਿਸਟਰ ਐਡਵਰਡ ਬਰਡ ਵਲੋਂ ਸੁਪਰੀਮ ਕੋਰਟ ਦੇ ਜਸਟਿਸ ਮਰਫ਼ੀ ਕੋਲ ਇਸ ਆਧਾਰ ਤੇ 'ਰਿਟ ਆਫ ਹੇਬੀਅਸ ਕਾਰਪਸ' ਲਈ ਅਰਜੀ ਕੀਤੀ ਗਈ ਕਿ ਬੋਰਡ ਆਫ ਇਨਕੁਆਰੀ ਵਲੋਂ 200 ਡਾਲਰ ਅਤੇ ਸਿੱਧੇ ਸਫਰ ਦੀ ਸ਼ਰਤ ਵਾਲੇ ਜਿਨ੍ਹਾਂ ਫਰਮਾਨਾਂ ਦੇ ਆਧਾਰ ਤੇ ਉਨ੍ਹਾਂ ਨੂੰ ਡੀਪੋਰਟ ਕੀਤਾ ਗਿਆ ਹੈ ਉਹ ਫਰਮਾਨ ਇਮੀਗਰੇਸ਼ਨ ਐਕਟ ਦੀ ਆਥੋਰਿਟੀ ਅਤੇ ਧਾਰਾਵਾਂ ਦੇ ਵਿਰੁੱਧ ਹਨ ਅਤੇ ਉਨ੍ਹਾਂ ਨੂੰ ਗੈਰ-ਕਾਨੂੰਨੀ ਤੌਰ 'ਤੇ ਨਜ਼ਰਬੰਦ ਰੱਖਿਆ ਹੋਇਆ ਹੈ। ਜਸਟਿਸ ਮਰਫ਼ੀ ਨੇ ਉਨ੍ਹਾਂ ਦੀ ਅਰਜੀ ਇਹ ਕਹਿੰਦਿਆਂ ਰੱਦ ਕਰ ਦਿੱਤੀ ਤੇ ਰਿਟ ਆਫ ਹੇਬੀਅਸ ਕਾਰਪਸ ਪਰਦਾਨ ਨਾ ਕੀਤੀ ਕਿ ਮਿਗਰੇਸ਼ਨ ਐਕਟ ਦੇ ਸੈਕਸ਼ਨ 23 ਅਨੁਸਾਰ ਉਸਨੂੰ 'ਬੋਰਡ ਆਫ ਇਨਕੁਆਰੀ' ਦੇ ਫੈਸਲਿਆਂ ਤੇ ਦੁਬਾਰਾ ਵਿਚਾਰ (Review) ਕਰ ਸਕਣ ਜਾਂ ਉਸਦੇ ਫੈਸਲਿਆਂ 'ਚ ਦਖਲ-ਅੰਦਾਜ਼ੀ ਕਰਨ ਦਾ ਕੋਈ ਹੱਕ ਨਹੀਂ ਹੈ।

ਜਸਟਿਸ ਮਰਫ਼ੀ ਵਲੋਂ ਅਰਜੀ ਰੱਦ ਕੀਤੇ ਜਾਣ ਤੋਂ ਬਾਅਦ ਪਨਾਮਾ ਮਾਰੂ ਦੇ ਮੁਸਾਫਰਾਂ ਕੋਲ ਹੁਣ ਦੋ ਹੀ ਰਸਤੇ ਸਨ। ਪਹਿਲਾ ਇਹ ਸੀ ਕਿ ਉਹ ਜਸਟਿਸ ਮਰਫ਼ੀ ਦੇ ਫੈਸਲੇ ਵਿਰੁੱਧ 'ਅਪੀਲ ਕੋਰਟ' ਕੋਲ ਅਪੀਲ ਕਰਦੇ ਤੇ ਦੂਸਰਾ ਇਹ ਸੀ ਕਿ ਉਹ ਸੁਪਰੀਮ ਕੋਰਟ ਦੇ ਹੀ ਕਿਸੇ ਹੋਰ ਜੱਜ ਕੋਲ 'ਰਿਟ ਆਫ ਹੇਬੀਅਸ ਕਾਰਪਸ' ਲਈ ਦੁਬਾਰਾ ਅਰਜੀ ਕਰਦੇ। ਉਨ੍ਹਾਂ ਦੇ ਵਕੀਲ ਮਿਸਟਰ ਬਰਡ ਨੇ ਦੂਸਰਾ ਰਸਤਾ ਚੁਣਿਆ ਤੇ ਉਸਨੇ ਸੁਪਰੀਮ ਕੋਰਟ ਦੇ ਚੀਫ ਜਸਟਿਸ ਗੋਰਡਨ ਹੰਟਰ ਕੋਲ 'ਰਿਟ' ਲਈ ਨਵੀਂ ਅਰਜੀ ਕਰ ਦਿੱਤੀ। ਚੀਫ ਜਸਟਿਸ ਹੰਟਰ ਨੇ 24 ਨਵੰਬਰ 1913 ਨੂੰ ਆਪਣਾ ਫੈਸਲਾ ਸੁਣਾਦਿਆਂ (ਜਸਟਿਸ ਮਰਫੀ ਤੋਂ ਉਲਟ) ਆਖਿਆ ਕਿ ਇਮੀਗਰੇਸ਼ਨ ਐਕਟ ਦਾ ਸੈਕਸ਼ਨ 23 ਉਸਨੂੰ ਇਮੀਗਰੇਸ਼ਨ ਅਧਿਕਾਰੀਆਂ ਦੇ ਫੈਸਲਿਆਂ ਵਿਰੁੱਧ ਸ਼ਕਾਇਤ ਸੁਣਨ ਤੋਂ ਰੋਕ ਨਹੀਂ ਸਕਦਾ। ਚੀਫ ਜਸਟਿਸ ਹੰਟਰ ਨੇ 1910 ਦੇ '200 ਡਾਲਰ' ਅਤੇ 'ਸਿੱਧੇ ਸਫਰ' ਦੀ ਸ਼ਰਤ ਵਾਲੇ ਦੋਨੋਂ ਫਰਮਾਨ (P.C. 920 ਅਤੇ P.C. 926) ਦੀ ਮੀਗਰੇਸ਼ਨ ਐਕਟ ਦੀ ਵਿਰੋਧਤਾ ਕਰਦੇ ਹੋਣ ਕਾਰਨ ਗੈਰ-ਕਾਨੂੰਨੀ (invalid) ਕਰਾਰ ਦੇ ਦਿੱਤੇ। ਉਸਨੇ 'ਰਿਟ ਆਫ ਹੇਬੀਅਸ ਕਾਰਪਸ' ਪਰਦਾਨ ਕਰ ਦਿੱਤੀ। ਸਾਰੇ ਮੁਸਾਫਰ ਛੱਡੇ ਗਏ ਤੇ ਉਹ ਕੈਨੇਡਾ ਵਿੱਚ ਰਹਿਣ 'ਚ ਕਾਮਯਾਬ ਹੋਏ।

ਚੀਫ ਜਸਟਿਸ ਹੰਟਰ ਦੇ ਫੈਸਲੇ ਤੋਂ ਬਾਅਦ ਕੈਨੇਡੀਅਨ ਸਰਕਾਰ ਨੇ 200 ਡਾਲਰ ਅਤੇ ਸਿੱਧੇ ਸਫਰ ਦੀ ਸ਼ਰਤ ਵਾਲੇ ਦੋਨੋਂ ਫਰਮਾਨਾਂ ਨੂੰ ਸੋਧ ਕੇ ਲਿਖਣਾ ਚਾਹਿਆ। ਪਰ ਲੈਂਗੂਏਜ਼ ਦੀਆਂ ਟੈਕਨੀਕਲ ਗਲਤੀਆਂ ਨੂੰ ਦੂਰ ਕਰਕੇ ਇਨ੍ਹਾਂ ਫਰਮਾਨਾਂ ਨੂੰ ਨਵੇਂ ਤੇ ਸੋਧੇ ਹੋਏ ਰੂਪ 'ਚ ਲਿਖਣ ਲਈ ਉਦੋਂ ਤੀਕ ਉਡੀਕ ਕਰਨੀ ਪੈਣੀ ਸੀ ਜਦੋਂ ਤੀਕ ਕਿਚੀਫ ਜਸਟਿਸ ਹੰਟਰ ਵਲੋਂ ਇਨ੍ਹਾਂ ਫਰਮਾਨਾਂ ਬਾਰੇ ਕੀਤੀ ਅਲੋਚਨਾ ਲਿਖਤੀ ਰੂਪ ਵਿੱਚ ਬਾਹਰ ਨਹੀਂ ਸੀ ਆ ਜਾਂਦੀ। ਅਜਿਹੀ ਹਾਲਤ ਵਿੱਚ ਜਦੋਂ ਕਿ ਇਹ ਦੋਨੋਂ ਫਰਮਾਨ ਰੱਦ ਪਏ ਸਨ, ਆਰਜ਼ੀ ਤੌਰ 'ਤੇ ਕੰਮ ਚਲਾਉਣ ਲਈ ਕੈਬਨਿਟ ਨੇ 8 ਦਸੰਬਰ ਨੂੰ P. C. 2642 (1913) ਨਾਉਂ ਦਾ ਆਰਡਰਜ਼ ਇਨ ਕੌਂਸਲ ਜਾਰੀ ਕੀਤਾ ਜਿਸ ਅਨੁਸਾਰ ਬਰਿਟਿਸ਼ ਕੋਲੰਬੀਆ ਦੀਆਂ ਸਾਰੀਆਂ ਬੰਦਰਗਾਹਾਂ ਉਤੇ ਮਜ਼ਦੂਰਾਂ ਤੇ ਕਾਰੀਗਰਾਂ ਦੇ ਦਾਖਲੇ ਤੇ 31 ਮਾਰਚ, 1914 ਤੱਕ ਪਾਬੰਦੀ ਲਾ ਦਿੱਤੀ ਗਈ। ਸੱਤ ਜਨਵਰੀ, 1914 ਨੂੰ 200 ਡਾਲਰ ਅਤੇ ਸਿੱਧੇ ਸਫਰ ਦੀ ਸ਼ਰਤ ਵਾਲੇ ਦੋਨਾਂ ਫਰਮਾਨਾਂ ਨੂੰ ਸੋਧ ਕੇ ਲਾਗੂ ਕੀਤਾ ਤੇ ਇਹ ਆਰਡਰਜ਼ ਇਨ ਕੌਂਸਲ ਨਵੇਂ ਰੂਪ 'ਚ P.C. 24 ਅਤੇ P.C. 23 ਕਹਿਲਾਏ। ਬੀ ਸੀ ਦੀਆਂ ਬੰਦਰਗਾਹਾਂ ਉਤੇ ਮਜ਼ਦੂਰਾਂ ਤੇ ਕਾਰੀਗਰਾਂ ਦੇ ਦਾਖਲੇ ਤੇ ਪਾਬੰਦੀ ਲਾਉਣ ਵਾਲਾ ਫਰਮਾਨ P.C. 2642, 31 ਮਾਰਚ 1914 ਤੋਂ ਬਾਅਦ P.C. 897 ਬਣਿਆਂ। ਇਸ ਆਰਡਰਜ਼-ਇਨ-ਕੌਂਸਲਦਾ ਮਤਲਬ ਵੀ ਸਿਰਫ ਹਿੰਦੁਸਤਾਨੀਆਂ ਦੇ ਦਾਖਲੇ ਤੇ ਪਾਬੰਦੀ ਲਾਉਣਾ ਹੀ ਸੀ ਕਿਉਂਕਿ ਇਹ ਪਾਬੰਦੀ ਸਿਰਫ਼ ਪੈਸੀਫਿਕ ਤੱਟ ਦੀਆਂ ਬੰਦਰਗਾਹਾਂ ਤੇ ਹੀ ਲਾਈ ਗਈ ਸੀ ਜਿਥੇ ਕਿ ਹਿੰਦੁਸਤਾਨੀਆਂ ਦੇ ਪੁੱਜਣ ਦਾ ਡਰ ਸੀ। ਅਟਲਾਂਟਕ ਤੱਟ ਦੀਆਂ ਬੰਦਰਗਾਹਾਂ ਤੇ ਜਿੱਥੇ ਕਿ ਯੂਰਪ ਦੇ ਲੋਕਾਂ ਨੇ ਪੁੱਜਣਾ ਸੀ ਇਹ ਪਾਬੰਦੀ ਨਹੀਂ ਸੀ ਲਾਈ ਗਈ।[1] ਇਸ ਤਰ੍ਹਾਂ ਇਹ ਤੀਸਰਾ ਫਰਮਾਨ (P.C. 897) ਵੀ ਨਸਲਵਾਦੀ ਤੇ ਵਿਤਕਰੇ ਭਰਿਆ ਸੀ।

ਇਸ ਸਮੇਂ ਹਾਂਗਕਾਂਗ, ਸਿੰਘਾਪੁਰ, ਫਿਲਪੀਨਜ਼, ਚੀਨ ਤੇ ਜਾਪਾਨ ਆਦਿ 'ਦੂਰ-ਪੂਰਬ' ਦੇ ਦੇਸ਼ਾਂ ਵਿੱਚ ਬਹੁਤ ਸਾਰੇ ਹਿੰਦੁਸਤਾਨੀ ਕੈਨੇਡਾ, ਅਮਰੀਕਾ ਪੁੱਜਣ ਦੀ ਆਸ 'ਚ ਬੈਠੇ ਸਨ। ਚੀਫ ਜਸਟਿਸ ਹੰਟਰ ਦੇ ਪਨਾਮਾ ਮਾਰੂ ਜਹਾਜ਼ ਬਾਰੇ ਨਵੰਬਰ 1913 ਦੇ ਫੈਸਲੇ ਤੋਂ ਬਾਅਦ ਉਨ੍ਹਾਂ ਨੂੰ ਕੈਨੇਡਾ ਦੇ ਹਿੰਦੁਸਤਾਨੀਆਂ ਵਲੋਂ ਛੇਤੀ ਤੋਂ ਛੇਤੀ ਕੈਨੇਡਾ ਪੁੱਜਣ ਲਈ ਲਿਖਿਆ ਗਿਆ। ਪਰ ਉਸ ਵਕਤ ਫਾਰ ਈਸਟ ਅਤੇ ਬਰਿਟਿਸ਼ ਕੋਲੰਬੀਆ ਵਿਚਕਾਰ ਚਲਣ ਵਾਲੀਆਂ ਤਿੰਨੋਂ ਸਟੀਮ ਕੰਪਨੀਆਂ ਕੈਨੇਡੀਅਨ ਸਰਕਾਰ ਦੇ ਡਰੋਂ ਹਿੰਦੁਸਤਾਨੀਆਂ ਨੂੰ ਟਿਕਟ ਦੇਣ ਲਈ ਤਿਆਰ ਨਹੀਂ ਸਨ। ਇਸ ਸਮੇਂ ਗੁਰਦਿੱਤ ਸਿੰਘ ਨੇ ਕਾਮਾਗਾਟਾ ਮਾਰੂ ਜਹਾਜ਼ ਪਟੇ ਤੇ ਲਿਆ ਤੇ 376 ਹਿੰਦੁਸਤਾਨੀਆਂ ਨੂੰ ਲੈ ਕੇ ਕੈਨੇਡਾ ਲਈ ਰਵਾਨਾ ਹੋਇਆ। ਕੈਨੇਡੀਅਨ ਸਰਕਾਰ ਨੇ ਕਾਮਾਗਾਟਾ ਮਾਰੂ ਦੇ ਵੈਨਕੂਵਰ ਪੁੱਜਣ ਤੋਂ ਪਹਿਲਾਂ ਹੀ ਹਿੰਦੁਸਤਾਨ ਦੀ ਅੰਗਰੇਜ਼ੀ ਸਰਕਾਰ ਨਾਲ ਸਾਰੀ ਗੱਲ-ਬਾਤ ਮਿਥ ਲਈ ਹੋਈ ਸੀ। ਉਸਨੇ ਫੈਸਲਾ ਕੀਤਾ ਹੋਇਆ ਸੀ ਕਿ ਭਾਵੇਂ ਕੁਝ ਵੀ ਹੋਵੇ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਨੂੰ ਕੈਨੇਡਾ 'ਚ ਉਤਰਨ ਨਹੀਂ ਦੇਣਾ।[2] ਇਸ ਕੰਮ ਲਈ

ਕੈਨੇਡੀਅਨ ਸਰਕਾਰ ਦੇ ਵੈਨਕੂਵਰ ਵਿੱਚ ਦੋ ਵੱਡੇ ਪ੍ਰਤੀਨਿੱਧ ਸਨ; ਵੈਨਕੂਵਰ ਦਾ ਨਸਲਵਾਦੀ ਟੋਰੀ ਐਮ. ਪੀ. ਐਚ ਐਚ ਸਟੀਵਨਜ਼ ਤੇ ਵੈਨਕੂਵਰ ਇਮੀਗਰੇਸ਼ਨ ਡੀਪਾਰਟਮੈਂਟ ਦਾ ਹੈੱਡ ਮੈਲਕਮ ਰੀਡ ਜਿਸਨੂੰ ਸਟੀਵਨਜ਼ ਨੇ ਆਪਣਾ ਤੇ ਟੋਰੀ ਪਾਰਟੀ ਦਾ 'ਬੰਦਾ' ਹੋਣ ਸਦਕਾ ਇਹ ਨੌਕਰੀ ਦੁਆਈ ਸੀ।

ਬੀ ਸੀ ਦੀਆਂ ਬੰਦਰਗਾਹਾਂ 'ਚ ਮਜ਼ਦੂਰਾਂ ਅਤੇ ਕਾਰੀਗਰਾਂ ਦੇ ਦਾਖਲੇ ਤੇ ਪਾਬੰਦੀ ਲਾਉਣ ਵਾਲੇ ਆਰਡਰਜ਼-ਇਨ-ਕੌਂਸਲ (P.C. 897) ਵਿੱਚ ਗਲਤੀ ਨਾਲ ਪੋਰਟ ਅਲਬਰਨੀ ਦਾ ਜ਼ਿਕਰ ਕਰਨੋ ਰਹਿ ਗਿਆ ਸੀ। ਕਾਨੂੰਨ ਵਿਚਲੀ ਇਸ 'ਲੂਪ ਹੋਲ' ਦਾ ਫਾਇਦਾ ਉਠਾਉਣ ਲਈ ਵੈਨਕੂਵਰ ਤੋਂ ਹਸਨ ਰਹੀਮ ਤੇ ਰਾਜਾ ਸਿੰਘ ਵੈਨਕੂਵਰ ਆਈਲੈਂਡ ਦੇ ਦੱਖਣ ਪੱਛਮੀ ਕਿਨਾਰੇ ਤੇ ਸਥਿੱਤ ਬੈਂਫੀਲਡ ਕਰੀਕ ਤਾਰ ਘਰ ਵਿਖੇ ਇਸ ਇਰਾਦੇ ਨਾਲ ਪੁੱਜੇ ਕਿ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਨੂੰ ਸੂਚਤ ਕੀਤਾ ਜਾ ਸਕੇ ਕਿ ਉਹ ਵੈਨਕੂਵਰ ਦੀ ਥਾਂ ਪੋਰਟ ਅਲਬਰਨੀ ਪੁੱਜਣ। ਪਰ ਇਮੀਗਰੇਸ਼ਨ ਡੀਪਾਰਟਮੈਂਟ ਦੇ ਬੰਦਿਆਂ ਨੇ ਰਹੀਮ ਤੇ ਰਾਜਾ ਸਿੰਘ ਦੀ ਇਸ ਕੋਸ਼ਿਸ਼ ਨੂੰ ਫੇਲ੍ਹ ਕਰਨ ਲਈ ਕਈ ਤਰ੍ਹਾਂ ਦੇ ਤਰੀਕੇ ਅਪਣਾਏ। ਉਨ੍ਹਾਂ ਨੇ ਸਰਕਾਰੀ ਟੈਲੀਗਰਾਫ ਉਪਰੇਟਰ ਨੂੰ ਮਨ੍ਹਾਂ ਕਰ ਦਿੱਤਾ ਕਿ ਉਹ ਰਹੀਮ ਤੇ ਰਾਜਾ ਸਿੰਘ ਨੂੰ ਟੈਲੀਫੋਨ ਦੀ ਵਰਤੋਂ ਨਾ ਕਰਨ ਦੇਵੇ। ਇਸ ਤੋਂ ਇਲਾਵਾ ਉਨ੍ਹਾਂ ਨੇ ਪੱਚੀ ਡਾਲਰ ਦੀ ਰਿਸ਼ਵਤ ਇਸ ਕੰਮ ਲਈ ਦਿੱਤੀ ਤਾਂ ਜੁ ਰਹੀਮ ਤੇ ਰਾਜਾ ਸਿੰਘ ਦੀ ਮੋਟਰ-ਕਿਸ਼ਤੀ ਵਿੱਚ ਨੁਕਸ ਪੁਆਇਆ ਜਾ ਸਕੇ ਤਾਂ ਕਿ ਉਹ ਕਾਮਾਗਾਟਾ ਮਾਰੂ ਨੂੰ ਪੋਰਟ ਅਲਬਰਨੀ ਲੈ ਜਾਣ ਲਈ ਸੁਨੇਹਾ ਨਾ ਦੇ ਸਕਣ [3] । ਇਮੀਗਰੇਸ਼ਨ ਅਧਿਕਾਰੀਆਂ ਵਲੋਂ ਇਸ ਤਰ੍ਹਾਂ ਦੇ ਤ੍ਰੀਕੇ ਅਪਨਾਉਣੇ ਘਟੀਆ ਗੱਲ ਹੋਣ ਦੇ ਨਾਲ ਨਾਲ ਕਾਨੂੰਨ ਦੀ ਵਿਰੋਧਤਾ ਵੀ ਸੀ।

ਵਿਕਟੋਰੀਆ ਤੋਂ ਇਮੀਗਰੇਸ਼ਨ ਅਧਿਕਾਰੀਆਂ ਦੇ ਪਹਿਰੇ ਵਿੱਚ ਕਾਮਾਗਾਟਾ ਮਾਰੂ 23 ਮਈ, 1914 ਨੂੰ ਵੈਨਕੂਵਰ ਬੁਰਾਡ ਇਨਲੈੱਟ ਵਿੱਚ ਪੁੱਜਾ। ਜਹਾਜ਼ ਨੂੰ ਕਿਨਾਰੇ ਤੋਂ ਇਕ ਮੀਲ ਹਟਵਾਂ ਸਮੁੰਦਰ ਵਿੱਚ ਖੜ੍ਹਾ ਕੀਤਾ ਗਿਆ। ਇਮੀਗਰੇਸ਼ਨ ਅਧਿਕਾਰੀਆਂ ਵਲੋਂ ਜਹਾਜ਼ ਦੇ ਆਲੇ-ਦੁਆਲੇ ਦਿਨ-ਰਾਤ ਹਥਿਆਰਬੰਦ ਕਿਸ਼ਤੀਆਂ ਦਾ ਪਹਿਰਾ ਲਾਇਆ ਗਿਆ। ਕਿਸੇ ਨੂੰ ਵੀ ਜਹਾਜ਼ ਦੇ ਮੁਸਾਫਰਾਂ ਨੂੰ ਮਿਲਣ ਦੀ ਇਜਾਜ਼ਤ ਨਹੀਂ ਸੀ। ਇਸ ਤਰ੍ਹਾਂ ਮੁਸਾਫਰ ਇਮੀਗਰੇਸ਼ਨ ਅਧਿਕਾਰੀਆਂ ਦੇ ਕੈਦੀ ਸਨ। ਇਹ ਗੈਰ-ਕਾਨੂੰਨੀ ਗੱਲ ਸੀ। ਕੈਨੇਡਾ ਦਾ ਇਮੀਗਰੇਸ਼ਨ ਐਕਟ ਕਿਸੇ ਵੀ ਮੁਸਾਫਰ ਨੂੰ ਜਹਾਜ਼ ਵਿੱਚ ਕੈਦ ਕਰੀ ਰੱਖਣ ਦੀ ਇਜਾਜ਼ਤ ਨਹੀਂ ਸੀ ਦਿੰਦਾ। ਇਮੀਗਰੇਸ਼ਨ ਐਕਟ ਕਹਿੰਦਾ ਸੀ, "ਜੇ ਕੋਈ ਵਿਅਕਤੀ ਇਮੀਗਰੇਸ਼ਨ ਅਧਿਕਾਰੀਆਂ ਦੀ ਹਿਰਾਸਤ ਵਿੱਚ ਹੋਵੇ ਤਾਂ ਉਸ ਨੂੰ ਉਸਦੇ ਕੇਸ ਦਾ ਆਖਰੀ ਫੈਸਲਾ ਹੋਣ ਤੱਕ ਜ਼ਮਾਨਤ ਉੱਤੇ ਛੱਡਿਆ ਜਾਣਾ ਚਾਹੀਦਾ ਹੈ।"[4] ਪਰ ਇਮੀਗਰੇਸ਼ਨ ਅਧਿਕਾਰੀ ਬਹਾਨਾ ਕਰਦੇ ਸਨ ਕਿ ਇਹ ਮੁਸਾਫਰ ਕੈਦੀ ਨਹੀਂ। ਮੈਲਕਮ ਰੀਡ ਬਿਲਕੁਲ ਕੋਰਾ ਝੂਠ ਬੋਲਦਿਆਂ ਕਹਿੰਦਾ ਸੀ ਕਿ ਹਥਿਆਰਬੰਦ ਪਹਿਰੇਦਾਰ ਮੁਸਾਫਰਾਂ ਦੀ ਹਿਫਾਜ਼ਤ ਲਈ ਹਨ ਕਿਉਂਕਿ ਵੈਨਕੂਵਰ ਦੇ ਗੋਰਿਆਂ ਵਲੋਂ ਜਹਾਜ਼ ਤੇ ਹਮਲੇ ਦਾ ਖਤਰਾ ਹੈ। ਜਦੋਂ ਹਿੰਦੁਸਤਾਨੀਆਂ ਦੇ ਵਕੀਲ ਨੇ ਇਮੀਗਰੇਸ਼ਨ ਅਧਿਕਾਰੀਆਂ ਕੋਲ ਉਨ੍ਹਾਂ ਵਲੋਂ ਜਹਾਜ਼ ਨੂੰ ਕਨਾਰੇ ਤੋਂ ਦੂਰ ਸਮੁੰਦਰ ਵਿਚਕਾਰ ਖੜ੍ਹੇ ਕਰਨ ਤੇ ਇਤਰਾਜ਼ ਕੀਤਾ ਤਾਂ ਉਨ੍ਹਾਂ ਝੂਠ ਬੋਲਦਿਆਂ ਆਖਿਆ ਕਿ ਇਹ 'ਹਾਰਬਰ ਮਾਸਟਰ' (Harbour Master) ਦਾ ਫੈਸਲਾ ਹੈ, ਉਨ੍ਹਾਂ ਦਾ ਨਹੀਂ।

ਵੈਨਕੂਵਰ ਦੇ ਹਿੰਦੁਸਤਾਨੀਆਂ ਨੇ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਲਈ ਐਡਵਰਡ ਬਰਡ ਨਾਉਂ ਦਾ ਜੋ ਵਕੀਲ ਕੀਤਾ ਸੀ ਉਹ ਜਹਾਜ਼ ਦੇ ਸਾਰੇ ਮੁਸਾਫਰਾਂ ਦਾ ਵਕੀਲ ਸੀ। ਕੈਨੇਡੀਅਨ ਕਾਨੂੰਨ ਅਨੁਸਾਰ ਵਕੀਲ ਨੂੰ ਮਿਲ ਸਕਣਾ (right to counsel) ਹਰ ਇਕ ਦਾ ਮੁੱਢਲਾ ਅਧਿਕਾਰ ਸੀ। ਪਰ ਕੈਨੇਡੀਅਨ ਸਰਕਾਰ ਨੇ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਨੂੰ ਇਹ ਹੱਕ ਨਾ ਦਿੱਤਾ। ਮਿਸਟਰ ਬਰਡ ਇਨ੍ਹਾਂ ਮੁਸਾਫਰਾਂ ਨੂੰ ਇਕ ਵੀ ਵਾਰ ਮਿਲ ਨਾ ਸਕਿਆ। ਉਸਨੂੰ ਇਕ ਵੀ ਵਾਰ ਜਹਾਜ਼ ਤੇ ਨਾ ਜਾਣ ਦਿੱਤਾ ਗਿਆ। ਇਮੀਗਰੇਸ਼ਨ ਅਧਿਕਾਰੀਆਂ ਵਲੋਂ ਮਿਸਟਰ ਬਰਡ ਨੂੰ ਧਮਕੀ ਦਿੱਤੀ ਗਈ ਕਿ ਜੇ ਉਸਨੇ ਜਹਾਜ਼ ਤੇ ਪੈਰ ਵੀ ਰੱਖਿਆ ਤਾਂ ਉਸਨੂੰ ਸਮੁੰਦਰ ਵਿੱਚ ਸੁੱਟ ਦਿੱਤਾ ਜਾਵੇਗਾ। ਹਿੰਦੁਸਤਾਨੀਆਂ ਨੇ ਕਿੰਗ ਜੌਰਜ ਨੂੰ ਅਪੀਲ ਕੀਤੀ ਕਿ ਉਨ੍ਹਾਂ ਨੂੰ ਵਕੀਲ ਨੂੰ ਮਿਲ ਸਕਣ ਦਾ ਹੱਕ ਮਿਲਣਾ ਚਾਹੀਦਾ ਹੈ। ਕੈਨੇਡੀਅਨ ਸਰਕਾਰ ਨੇ ਕੋਰਾ ਝੂਠ ਬੋਲਦਿਆਂ ਕਿੰਗ ਜੌਰਜ ਨੂੰ ਲਿਖਿਆ ਕਿ ਵਕੀਲ ਨੂੰ ਪੂਰਾ ਪੂਰਾ ਮੌਕਾ ਦਿੱਤਾ ਗਿਆ ਹੈ ਕਿ ਉਹ ਮੁਸਾਫਰਾਂ ਨੂੰ ਇੰਟਰਵਿਊ ਕਰ ਸਕੇ। ਜਦੋਂ ਕਿ ਸਚਾਈ ਇਹ ਸੀ ਕਿ ਮਿਸਟਰ ਬਰਡ ਸਿਰਫ਼ ਗੁਰਦਿੱਤ ਸਿੰਘ ਨੂੰ ਇਕ ਵਾਰ ਇਕ ਘੰਟੇ ਲਈ ਮਿਲ ਸਕਿਆ ਸੀ ਤੇ ਉਹ ਵੀ ਪੁਲੀਸ ਦੀ ਕਿਸ਼ਤੀ ਵਿੱਚ ਹਥਿਆਰਬੰਦ ਪਹਿਰੇਦਾਰਾਂ ਦੇ ਘੇਰੇ ਵਿੱਚ।[5] ਇਸ ਤਰ੍ਹਾਂ ਮਿਸਟਰ ਬਰਡ ਨੇ ਇਹ ਕੇਸ ਹਨੇਰੇ ਵਿੱਚ ਹੀ ਲੜਿਆ। ਉਸ ਨੂੰ ਮੁਸਾਫਰਾਂ ਨਾਲ ਮਿਲਣ ਨਾ ਦੇਣਾ ਕੈਨੇਡੀਅਨ ਕਾਨੂੰਨ ਦੀ ਉਲੰਘਣਾ ਸੀ।

ਕੈਨੇਡੀਅਨ ਸਰਕਾਰ ਨੇ ਵੈਨਕੂਵਰ ਇਮੀਗਰੇਸ਼ਨ ਡੀਪਾਰਟਮੈਂਟ ਦੇ ਹੈੱਡ ਮੈਲਕਮ ਰੀਡ ਤੇ ਸਰਕਾਰ ਦੇ ਹੋਰ ਕਾਨੂੰਨੀ ਸਲਾਹਕਾਰਾਂ ਦੀ ਡਿਊਟੀ ਲਾਈ ਸੀ ਕਿ ਉਹ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਨੂੰ ਕਿਸੀ ਹਾਲਤ ਵਿੱਚ ਵੀ ਉਤਰਨ ਨਾ ਦੇਣ। ਤੇ ਉਹ ਇਸ ਕੰਮ ਲਈ ਜਾਇਜ਼ - ਨਜਾਇਜ਼ ਹਰ ਤ੍ਰੀਕਾ ਅਪਣਾ ਰਹੇ ਸਨ। ਸਰਕਾਰ ਦੇ ਕਾਨੂੰਨੀ ਸਲਾਹਕਾਰ ਇਹ ਗੱਲ ਯਕੀਨੀ ਬਣਾਉਣਾ ਚਾਹੁੰਦੇ ਸਨ ਕਿ ਜੇ ਕੇਸ ਕੋਰਟ ਵਿੱਚ ਜਾਵੇ ਤਾਂ ਸਿੱਧਾ ਅਪੀਲ ਕੋਰਟ ਕੋਲ ਹੀ ਜਾਵੇ। ਉਹ ਨਹੀਂ ਸੀ ਚਾਹੁੰਦੇ ਕਿ ਨਵੰਬਰ, 1913 ਦੀ ਪਨਾਮਾ ਮਾਰੂ ਵਾਲੀ ਕਹਾਣੀ ਮੁੜ ਦੁਹਰਾਈ ਜਾਵੇ। ਇਸ ਲਈ ਉਹ ਕਿਸੀ ਹਾਲਤ ਵਿੱਚ ਵੀ ਮੁਸਾਫਰਾਂ ਦੇ ਵਕੀਲ ਮਿਸਟਰ ਬਰਡ ਨੂੰ ਸੁਪਰੀਮ ਕੋਰਟ ਵਿੱਚ 'ਰਿਟ ਆਫ ਹੇਬੀਅਸ ਕਾਰਪਸ' ਲਈ ਅਰਜ਼ੀ ਕਰਨ ਵਿੱਚ ਕਾਮਯਾਬ ਨਹੀਂ ਸੀ ਹੋਣ ਦੇਣਾ ਚਾਹੁੰਦੇ। ਸਰਕਾਰ 'ਰਿਟ ਆਫ ਹੇਬੀਅਸ ਕਾਰਪਸ' ਤੋਂ ਐਨਾ ਕਿਉਂ ਡਰਦੀ ਸੀ? ਇਸ ਸਵਾਲ ਦੇ ਜਵਾਬ ਲਈ ਇਹ ਜਾਨਣਾ ਜ਼ਰੂਰੀ ਹੈ ਕਿ 'ਰਿਟ ਆਫ ਹੇਬੀਅਸ ਕਾਰਪਸ' ਕੀ ਸੀ। ਤੇ ਉਨ੍ਹਾਂ ਪਾਠਕਾਂ ਦੀ ਜਾਣਕਾਰੀ ਲਈ ਜੋ ਇਸ ਰਿਟ ਬਾਰੇ ਬਾਹਲਾ ਨਹੀਂ ਜਾਣਦੇ, ਥੋੜ੍ਹਾ ਵਿਸਥਾਰ 'ਚ ਲਿਖਣਾ ਜ਼ਰੂਰੀ ਹੈ।

'ਰਿਟ ਆਫ ਹੇਬੀਅਸ ਕਾਰਪਸ' ਅੰਗਰੇਜ਼ੀ ਕਾਨੂੰਨ ਦੀ ਇਕ

ਬਹੁਤ ਪੁਰਾਣੀ ਕਾਰਵਾਈ (proceeding) ਸੀ ਜਿਸਦਾ ਮਕਸਦ ਬਰਿਟਸ਼ ਪਰਜਾ ਦੀ ਸੁਤੰਤਰਤਾ ( liberty ) ਦੀ ਹਿਫਾਜ਼ਤ ਕਰਨਾ ਸੀ। ਇਸ ਰਿਟ ਅਨੁਸਾਰ ਕੈਨੇਡਾ ਵਿੱਚ ਜੇ ਕੋਈ ਵਿਅਕਤੀ ਮਹਿਸੂਸ ਕਰੇ ਕਿ ਉਸਨੂੰ ਨਾਜਾਇਜ਼ ਤੌਰ ਤੇ ਨਜ਼ਰਬੰਦ ਕੀਤਾ ਗਿਆ ਹੈ ਤਾਂ ਉਹ ਸੁਪਰੀਮ ਕੋਰਟ ਦੇ ਕਿਸੀ ਜੱਜ ਕੋਲ ਰਿਟ ਦੀ ਪਰਾਪਤੀ ਲਈ ਅਰਜ਼ੀ ਕਰ ਸਕਦਾ ਸੀ। ਸਰਕਾਰ ਅਤੇ ਅਰਜ਼ੀ ਕਰਨ ਵਾਲੇ ਵਲੋਂ ਜੱਜ ਸਾਹਮਣੇ ਆਪੋ-ਆਪਣਾ ਪੱਖ ਪੇਸ਼ ਕੀਤਾ ਜਾਂਦਾ ਸੀ। ਜੇ ਜੱਜ ਮਹਿਸੂਸ ਕਰੇ ਕਿ ਨਜ਼ਰਬੰਦੀ ਗੈਰ-ਕਾਨੂੰਨੀ ਹੋਈ ਹੈ ਤਾਂ ਉਹ ਰਿਟ ਪਰਦਾਨ ਕਰ ਦਿੰਦਾ ਸੀ ਤੇ ਅਰਜੀ ਕਰਨ ਵਾਲੇ ਵਿਅਕਤੀ ਨੂੰ ਰਿਹਾਅ ਕੀਤਾ ਜਾਂਦਾ ਸੀ। ਇਸ ਰਿਟ ਦਾ ਇਕ ਦਿਲਚਸਪ ਪੱਖ ਇਹ ਸੀ ਕਿ ਕਾਮਾਗਾਟਾ ਮਾਰੂ ਦੇ ਕੇਸ ਵਿੱਚ ਜੇ ਇਕ ਜੱਜ ਰਿਟ ਪਰਦਾਨ ਕਰਨੋਂ ਨਾਂਹ ਕਰ ਦੇਂਦਾ ਤਾਂ ਦੂਸਰੇ ਜੱਜ ਕੋਲ ਰਿਟ ਲਈ ਨਵੀਂ ਅਰਜੀ ਕੀਤੀ ਜਾ ਸਕਦੀ ਸੀ। ਜੇ ਦੂਸਰਾ ਜੱਜ ਵੀ ਰਿਟ ਪਰਦਾਨ ਨਾ ਕਰਦਾ ਤਾਂ ਤੀਸਰੇ ਜੱਜ ਕੋਲ ਨਵੀਂ ਅਰਜੀ ਕੀਤੀ ਜਾ ਸਕਦੀ ਸੀ। ਇਸ ਤਰ੍ਹਾਂ ਵਾਰੋ-ਵਾਰੀ ਬੀ ਸੀ ਦੀ ਸੁਪਰੀਮ ਕੋਰਟ ਦੇ ਸਭਨਾਂ (ਸੱਤਾਂ) ਜੱਜਾਂ ਕੋਲ ਹੀ ਰਿਟ ਲਈ ਅਰਜੀ ਕੀਤੀ ਜਾ ਸਕਦੀ ਸੀ [6] ਤੇ ਜੇ ਕੋਈ ਇਕ ਵੀ ਜੱਜ ਰਿਟ ਪਰਦਾਨ ਕਰ ਦੇਂਦਾ ਤਾਂ ਸਰਕਾਰ ਨੂੰ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਨੂੰ ਰਿਹਾਅ ਕਰਨਾ ਹੀ ਪੈਣਾ ਸੀ ਭਾਵੇਂ ਸੁਪਰੀਮ ਕੋਰਟ ਦੇ ਬਾਕੀ ਸਭਨਾਂ ਜੱਜਾਂ ਨੇ ਪਹਿਲਾਂ ਇਸ ਤੋਂ ਉਲਟ ਫੈਸਲਾ ਹੀ ਦਿੱਤਾ ਹੁੰਦਾ। ਜੇ ਸੁਪਰੀਮ ਕੋਰਟ ਦੇ ਸਾਰੇ ਜੱਜ ਹੀ ਰਿਟ ਪਰਦਾਨ ਕਰਨੋਂ ਨਾਂਹ ਕਰ ਦਿੰਦੇ ਤਾਂ ਕਾਮਾਗਾਟਾ ਮਾਰੂ ਦੇ ਮੁਸਾਫਰ ਅਪੀਲ ਕੋਰਟ ਕੋਲ ਅਪੀਲ ਕਰ ਸਕਦੇ ਸਨ ਅਤੇ ਉਸਤੋਂ ਵੀ ਅੱਗੇ ਕੈਨੇਡਾ ਦੀ ਸੁਪਰੀਮ ਕੋਰਟ ਜਾਂ ਬਰਿਟਸ਼ ਪਰਿਵੀ ਕੌਂਸਲ ਦੀ ਜੁਡੀਸ਼ੀਅਲ ਕਮੇਟੀ ਕੋਲ ਅਪੀਲ ਕਰ ਸਕਦੇ ਸਨ। ਇਸ ਤਰ੍ਹਾਂ ਕਾਨੂੰਨ ਮੁਤਾਬਕ ਕਾਮਾਗਾਟਾ ਮਾਰੂ ਦੇ ਮੁਸਾਫਾਂ ਕੋਲ ਬੜੇ ਰਸਤੇ (options) ਸਨ। ਉਨ੍ਹਾਂ ਦੇ ਜਿੱਤਣ ਦੇ ਬੜੇ ਚਾਨਸਜ਼ ਸਨ। ਪਰ ਦੂਜੇ ਪਾਸੇ ਉਸ ਸਮੇਂ ਦੇ ਬੀ ਸੀ ਦੇ ਕਾਨੂੰਨ ਮੁਤਾਬਕ (1920 ਤੱਕ) ਕੈਨੇਡੀਅਨ ਸਰਕਾਰ ਦੀ ਕਾਨੂੰਨੀ ਪੁਜ਼ੀਸ਼ਨ ਬੜੀ ਕਮਜ਼ੋਰ ਸੀ ਕਿਉਂਕਿ ਜੇ ਸੁਪਰੀਮ ਕੋਰਟ ਦਾ ਕੋਈ ਇਕ ਵੀ ਜੱਜ 'ਰਿਟ' ਪਰਦਾਨ ਕਰ ਦਿੰਦਾ ਤਾਂ ਕੈਨੇਡੀਅਨ ਸਰਕਾਰ ਇਸਦੇ ਵਿਰੁੱਧ ਕਿਧਰੇ ਵੀ ਅਪੀਲ ਨਹੀਂ ਸੀ ਕਰ ਸਕਦੀ। ਸਰਕਾਰ ਵਾਸਤੇ ਕੇਸ ਖਤਮ ਹੋਣਾ ਸੀ। ਸਰਕਾਰ ਨੂੰ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਨੂੰ ਛੱਡਣਾ ਹੀ ਪੈਣਾ ਸੀ ਤੇ ਕੋਈ ਵੀ ਅਧਿਕਾਰੀ ਉਨ੍ਹਾਂ ਨੂੰ ਦੁਬਾਰਾ ਗ੍ਰਿਫਤਾਰ ਨਹੀਂ ਸੀ ਕਰ ਸਕਦਾ।

ਤੇ ਇਹ ਸੀ ਉਹ ਕਾਨੂੰਨੀ ਨੁਕਤਾ ਜਿਸ ਦੇ ਡਰੋਂ ਕੈਨੇਡੀਅਨ ਸਰਕਾਰ ਜਹਾਜ਼ ਦੇ ਮੁਸਾਫਰਾਂ ਨੂੰ ਬੀ ਸੀ ਦੀ ਸੁਪਰੀਮ ਕੋਰਟ ਵਿੱਚ ਜਾਣ ਤੋਂ ਰੋਕਣਾ ਚਾਹੁੰਦੀ ਸੀ। ਇਸ ਲਈ 27 ਮਈ ਨੂੰ ਸਰਕਾਰ ਦੇ ਕਾਨੂੰਨੀ ਸਲਾਹਕਾਰਾਂ ਤੇ ਵਕੀਲਾਂ ਨੇ ਹਿੰਦੁਸਤਾਨੀਆਂ ਦੇ ਵਕੀਲ ਮਿਸਟਰ ਬਰਡ ਨੂੰ ਪੇਸ਼ਕਸ਼ ਕੀਤੀ ਕਿ ਉਹ ਇਕ 'ਟੈਸਟ ਕੇਸ' ਸ਼ੁਰੂ ਕਰ ਸਕਦਾ ਹੈ ਜਿਸ ਤੋਂ ਇਹ ਫੈਸਲਾ ਹੋ ਸਕੇ ਕਿ ਕੀ ਜਹਾਜ਼ ਦੇ ਮੁਸਾਫਰਾਂ ਨੂੰ ਕੈਨੇਡਾ 'ਚ ਉਤਰਨ ਦਾ ਹੱਕ ਹੈ ਜਾਂ ਨਹੀਂ? ਪਰ ਇਸ ਲਈ ਉਨ੍ਹਾਂ ਮਿਸਟਰ ਬਰਡ ਤੇ ਇਕ ਸ਼ਰਤ ਲਾਈ ਕਿ ਉਹ ਇਸ ਟੈਸਟ ਕੇਸ ਨੂੰ ਸੁਪਰੀਮ ਕੋਰਟ ਵਿੱਚ ਨਹੀਂ ਸਗੋਂ ਸਿੱਧਾ ਅਪੀਲ ਕੋਰਟ ਕੋਲ ਹੀ ਲੈ ਕੇ ਜਾਵੇਗਾ। ਇਸ ਦੇ ਨਾਲ ਹੀ ਉਨ੍ਹਾਂ ਗੁੱਝੀ ਧਮਕੀ ਵੀ ਦੇ ਦਿੱਤੀ ਕਿ ਜੇ ਉਹ ਇਹ ਸ਼ਰਤ ਨਹੀਂ ਮੰਨੇਗਾ ਤੇ ਸੁਪਰੀਮ ਕੋਰਟ 'ਚ ਜਾਣ ਦੀ ਜ਼ਿਦ ਕਰੇਗਾ ਤਾਂ ਮੁਸਾਫਰ ਭਾਵੇਂ ਸਾਲਾਂ ਬੱਧੀ ਸਮੁੰਦਰ 'ਚ ਖੜ੍ਹੇ ਰਹਿਣ ਉਸਨੂੰ ਕੇਸ ਅਦਾਲਤ ਵਿੱਚ ਨਹੀਂ ਲਿਜਾਣ ਦਿੱਤਾ ਜਾਵੇਗਾ। ਪਰ ਵੈਨਕੂਵਰ ਵਿਚਲੀ ਹਿੰਦੁਸਤਾਨੀਆਂ ਦੀ ਕਮੇਟੀ ਨੇ ਬਰਡ ਨੂੰ ਇਹ ਪੇਸ਼ਕਸ਼ ਨਾ ਕਬੂਲਣ ਲਈ ਆਖ ਦਿੱਤਾ। ਹਿੰਦੁਸਤਾਨੀ ਆਪਣਾ ਹਰ ਕਾਨੂੰਨੀ ਹੱਕ ਵਰਤਣਾ ਚਾਹੁੰਦੇ ਸਨ। ਉਹ ਹਰ ਉਸ ਅਦਾਲਤ ਵਿੱਚ ਜਾਣਾ ਚਾਹੁੰਦੇ ਸਨ ਜਿਸਦੀ ਕਿ ਕੈਨੇਡੀਅਨ ਕਾਨੂੰਨ ਉਹਨਾਂ ਨੂੰ ਇਜਾਜ਼ਤ ਦਿੰਦਾ ਸੀ। ਕਿਉਂਕਿ ਕਾਮਾਗਾਟਾ ਮਾਰੂ ਦੇ ਮੁਸਾਫਰ ਬਰਿਟਸ਼ ਪਰਜਾ ਸਨ ਅਤੇ ਕੈਨੇਡਾ ਬਰਿਟਸ਼ ਰਾਜ ਦਾ ਹਿੱਸਾ, ਇਸ ਲਈ ਇਨ੍ਹਾਂ ਮੁਸਾਫਰਾਂ ਨੂੰ 'ਰਿਟ ਆਫ ਹੇਬੀਅਸ ਕਾਰਪਸ' ਲਈ ਅਰਜੀ ਕਰਨ ਦਾ ਕਾਨੂੰਨੀ ਤੌਰ ਤੇ ਹੱਕ ਸੀ। ਪਰ ਇਮੀਗਰੇਸ਼ਨ ਅਧਿਕਾਰੀਆਂ ਅਨੁਸਾਰ ਇਨ੍ਹਾਂ ਮੁਸਾਫਰਾਂ ਦੀ ਉਹ ਹੀ ਕਾਨੂੰਨੀ ਪੁਜ਼ੀਸ਼ਨ ਸੀ ਜਿਵੇਂ ਬਲੇਨ ਬਾਰਡਰ ਤੇ ਆਕੇ ਕੋਈ ਵਿਅਕਤੀ ਕੈਨੇਡਾ 'ਚ ਦਾਖਲ ਹੋਣ ਦੀ ਮੰਗ ਕਰੇ ਪਰ ਇਮੀਗਰੇਸ਼ਨ ਅਧਿਕਾਰੀ ਉਸਨੂੰ ਨਾਂਹ ਕਰ ਦੇਣ। ਉਨ੍ਹਾਂ ਮੁਤਾਬਕ ਇਹ ਮੁਸਾਫਰ ਕੈਨੇਡਾ ਵਿੱਚ ਹੀ ਨਹੀਂ ਸਨ।[7] ਇਮੀਗਰੇਸ਼ਨ ਅਧਿਕਾਰੀਆਂ ਅਨੁਸਾਰ ਨਾ ਹੀ ਇਹ ਮੁਸਾਫਰ ਕੈਦੀ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਜਹਾਜ਼ ਦੁਆਲੇ ਹਥਿਆਰਬੰਦ ਪਹਿਰੇਦਾਰ ਤਾਂ ਮੁਸਾਫਰਾਂ ਦੀ ਹਿਫ਼ਾਜ਼ਤ ਲਈ ਹਨ। ਸੋ ਅਜਿਹੀ ਹਾਲਤ ਵਿੱਚ ਰਿਟ ਤਾਂ ਹੀ ਕੀਤੀ ਜਾ ਸਕਦੀ ਸੀ ਜੇ ਇਮੀਗਰੇਸ਼ਨ ਅਧਿਕਾਰੀ ਕਿਸੇ ਮੁਸਾਫਰ ਨੂੰ 'ਡੀਪੋਰਟ' ਕਰਨ ਦਾ ਫੈਸਲਾ ਦਿੰਦੇ। ਪਰ ਉਹ ਅਜਿਹਾ ਕੋਈ ਫੈਸਲਾ ਨਹੀਂ ਸਨ ਦੇ ਰਹੇ ਨਾ 'ਲੈਂਡਿੰਗ ਦਾ ਤੇ ਨਾ ਹੀ 'ਡੀਪੋਰਟੇਸ਼ਨ' ਦਾ। ਇਮੀਗਰੇਸ਼ਨ ਅਧਿਕਾਰੀ ਉਨ੍ਹਾਂ ਨੂੰ ਹਰ ਹਾਲਤ ਵਿੱਚ ਰਿਟ ਕਰਨੋ ਰੋਕਣਾ ਚਾਹੁੰਦੇ ਸਨ ਇਸ ਲਈ ਉਨ੍ਹਾਂ ਨੇ 'ਦੇਰੀ ਕਰੋ' (delay) ਦੀ ਪਾਲਿਸੀ ਅਪਣਾਈ। 'ਦੇਰੀ ਕਰੋ' ਦੀ ਇਸ ਪਾਲਿਸੀ ਦੇ ਤਿੰਨ ਮਕਸਦ ਸਨ। ਪਹਿਲਾ ਇਹ ਕਿ ਮੁਸਾਫਰ ਭੁੱਖ-ਪਿਆਸ ਦੇ ਸਤਾਏ ਵਾਪਸ ਜਾਣ ਲਈ ਮਜ਼ਬੂਰ ਹੋ ਜਾਣਗੇ। ਦੂਸਰਾ ਇਹ ਕਿ ਜਹਾਜ਼ ਦੀ ਕਿਸ਼ਤ ਟੁੱਟਣ ਤੇ ਜਹਾਜ਼ ਵਾਪਸ ਚਲੇ ਜਾਵੇਗਾ। ਤੀਸਰਾ ਇਹ ਸੀ ਕਿ ਹਿੰਦੁਸਤਾਨੀ ਕੇਸ ਅਦਾਲਤ ਵਿੱਚ ਲਿਜਾਣ 'ਚ ਸਫਲ ਨਹੀਂ ਹੋਣਗੇ।

ਰੀਡ ਨੂੰ ਇਸ ਗੱਲ ਦਾ ਪਤਾ ਸੀ ਕਿ ਜਹਾਜ਼ ਦੀ ਅਗਲੀ ਕਿਸ਼ਤ ਤਾਰਨ ਦੀ ਤਰੀਕ 11 ਜੂਨ ਹੈ। ਜੇ ਹਿੰਦੁਸਤਾਨੀ ਮੌਕੇ ਸਿਰ ਕਿਸ਼ਤ ਨਾ ਤਾਰ ਸਕਦੇ ਤਾਂ ਸਰਕਾਰ ਕਿਸੇ ਕ਼ਾਨੂੰਨੀ ਝਮੇਲੇ 'ਚ ਪੈਣ ਤੋਂ ਬਿਨ੍ਹਾਂ ਹੀ ਇਸ ਜਹਾਜ਼ ਤੋਂ ਖਹਿੜਾ ਛੁਡਾ ਸਕਦੀ ਸੀ। ਇਸ ਲਈ ਰੀਡ ਨੇ ਪੂਰੇ ਜਤਨ ਕੀਤੇ ਕਿ ਹਿੰਦੁਸਤਾਨੀ ਜਹਾਜ਼ ਦੀ ਕਿਸ਼ਤ ਨਾ ਤਾਰ ਸਕਣ। ਇਸ ਕੰਮ ਵਿੱਚ ਰੀਡ ਨੂੰ ਆਟਾਵਾ ਵਿਚਲੇ ਉਸਦੇ ਉਪਰਲੇ ਅਧਿਕਾਰੀਆਂ ਦਾ ਪੂਰਾ ਪੂਰਾ ਸਮਰਥਨ ਸੀ। ਦੇਰੀ ਕਰਨ ਲਈ ਰੀਡ ਨੇ ਮੁਸਾਫਰਾਂ ਦੀ ਡਾਕਟਰੀ ਕਰਵਾਉਣ ਲਈ ਬੇਲੋੜੀ ਦੇਰ ਲਗਵਾਈ। ਉਨ੍ਹਾਂ ਦਿਨਾਂ ਵਿੱਚ ਆਉਣ ਵਾਲੇ ਪਰਿਵਾਸੀਆਂ ਦਾ ਬੜਾ ਸਾਦਾ ਜਿਹਾ ਮੈਡੀਕਲ ਹੁੰਦਾ ਸੀ। ਪਰ ਰੀਡ

ਨੇ ਇਹ ਮੈਡੀਕਲ ਬਹੁਤ ਹੀ ਬਰੀਕੀ ਵਾਲਾ ਕਰਵਾਇਆ। ਜਿਹੜਾ ਕੰਮ ਕੁਝ ਘੰਟਿਆਂ ਦਾ ਸੀ ਉਸ ਉਤੇ ਹਫ਼ਤੇ ਤੋਂ ਜਿਆਦਾ ਸਮਾਂ ਨਸ਼ਟ ਕੀਤਾ। ਮੈਡੀਕਲ ਪਹਿਲੀ ਜੂਨ ਨੂੰ ਖਤਮ ਹੋਇਆ। ਇਸਤੋਂ ਬਾਅਦ ਮੁਸਾਫਰਾਂ ਨੂੰ ਬੋਰਡ ਆਫ ਇਨਕੁਆਰੀ ਦੇ ਸਾਹਮਣੇ ਲਜਾਇਆ ਜਾਣਾ ਸੀ। ਇਥੇ ਰੀਡ ਨੇ ਫੇਰ ਚਾਲ ਖੇਡੀ। ਬਜਾਏ ਇਸਦੇ ਕਿ ਕਿਸੇ ਐਸੇ ਬੰਦੇ ਨੂੰ ਬੋਰਡ ਆਫ ਇਨਕੁਆਰੀ ਦੇ ਸਾਹਮਣੇ ਲਜਾਇਆ ਜਾਂਦਾ ਜਿਸਦਾ ਕਿ ਇਕ 'ਟੈਸਟ ਕੇਸ' ਬਣ ਸਕਦਾ ਸੀ। ਰੀਡ ਨੇ ਉਹ ਵੀਹ ਬੰਦੇ ਬੋਰਡ ਸਾਹਮਣੇ ਲਿਆਉਣੇ ਸ਼ੁਰੂ ਕਰ ਲਏ ਜਿਹੜੇ ਕਿ ਪਹਿਲਾਂ ਕੈਨੇਡਾ ਵਿੱਚ ਰਹਿ ਗਏ ਸਨ। ਇਨ੍ਹਾਂ ਵਿਚੋਂ ਕੁਝ ਤਾਂ ਲੰਘ ਲੈਣ ਦਿੱਤੇ ਪਰ ਬਾਕੀਆਂ ਦਾ ਐਂਵੇ ਫਜ਼ੂਲ ਦਾ ਰੱਟਾ ਪਾ ਲਿਆ ਸਿਰਫ ਦੇਰੀ ਕਰਨ ਦੇ ਇਰਾਦੇ ਨਾਲ। ਨੌ ਜੂਨ ਨੂੰ ਕੈਨੇਡਾ ਵਿੱਚ ਪਹਿਲਾਂ ਰਹਿ ਗਏ ਬੰਦਿਆਂ ਦਾ ਕੇਸ ਮੁੱਕਿਆ। ਹੁਣ ਰੀਡ ਨੇ ਉਨ੍ਹਾਂ ਬੰਦਿਆਂ ਨੂੰ ਬੋਰਡ ਸਾਹਮਣੇ ਲਿਆਉਣਾ ਸ਼ੁਰੂ ਕਰ ਦਿੱਤਾ ਜੋ ਮੈਡਕਲੀ ਅਨਫਿੱਟ ਸਨ ਕਿਉਂਕਿ ਉਨ੍ਹਾਂ ਨੂੰ ਬਿਨ੍ਹਾਂ ਕਿਸੇ ਆਰਡਰਜ਼ -ਇਨ-ਕੌਂਸਲ ਨੂੰ ਵਿੱਚ ਲਿਆਂਦਿਆਂ ਸਿਰਫ ਡਾਕਟਰੀ ਦੀ ਬਿਨਾਂ ਤੇ ਡੀਪੋਰਟ ਕੀਤਾ ਜਾ ਸਕਦਾ ਸੀ ਤੇ ਉਨ੍ਹਾਂ ਦਾ 'ਟੈਸਟ ਕੇਸ' ਨਹੀਂ ਸੀ ਬਣ ਸਕਦਾ। ਸਰਕਾਰ ਨੂੰ ਬੜੀ ਆਸ ਸੀ ਕਿ ਹਿੰਦੁਸਤਾਨੀ 11 ਜੂਨ ਨੂੰ ਕਿਸ਼ਤ ਨਹੀਂ ਤਾਰ ਸਕਣਗੇ ਤੇ ਨਤੀਜੇ ਵਜੋਂ ਜਾਪਾਨੀ ਆਪਣੇ ਜਹਾਜ਼ ਅਤੇ ਇਸਦੇ ਮੁਸਾਫਰਾਂ ਨੂੰ ਵਾਪਸ ਲੈ ਜਾਣਗੇ। ਪਰ ਵੈਨਕੂਵਰ ਦੇ ਹਿੰਦੁਸਤਾਨੀਆਂ ਨੇ ਸਰਕਾਰ ਦੀ ਇਸ ਆਸ ਤੇ ਵੀ ਪਾਣੀ ਫੇਰ ਦਿੱਤਾ। ਉਨ੍ਹਾਂ ਨੇ ਫੰਡ ਇਕੱਠਾ ਕੀਤਾ ਤੇ 10 ਜੂਨ ਨੂੰ ਜਹਾਜ਼ ਦੀ ਕਿਸ਼ਤ ਤਾਰ ਦਿੱਤੀ।

ਇਮੀਗਰੇਸ਼ਨ ਡੀਪਾਰਟਮੈਂਟ ਦੇਰੀ ਕਰੋ ਦੀ ਆਪਣੀ ਪਾਲਿਸੀ ਨੂੰ ਲਗਾਤਾਰ ਜਾਰੀ ਰੱਖ ਰਿਹਾ ਸੀ। ਰੀਡ ਨੇ ਦੇਰੀ ਕਰਨ ਦੇ ਮਕਸਦ ਨਾਲ ਬੋਰਡ ਆਫ ਇਨਕੁਆਰੀ ਦੇ ਇਕ ਮੈਂਬਰ ਮਿਸਟਰ ਐਲੀਅਨ ਨੂੰ ਮੱਲੋ-ਮੱਲੀ ਨਿਕਾਲੇ ਇਕ ਕੰਮ ਦੇ ਬਹਾਨੇ ਵੈਨਕੂਵਰ ਤੋਂ ਬਾਹਰ ਭੇਜ ਦਿੱਤਾ ਤਾਂ ਜੁ ਬੋਰਡ ਦੇ ਫੈਸਲਿਆਂ ਨੂੰ ਲੇਟ ਕੀਤਾ ਜਾ ਸਕੇ।[8] ਇਹ ਸਾਰੀ ਦੇਰੀ ਇਮੀਗਰੇਸ਼ਨ ਐਕਟ ਦੇ ਸੈਕਸ਼ਨ 33 ਅਨੁਸਾਰ ਗੈਰ-ਕਾਨੂੰਨੀ ਸੀ। ਐਕਟ ਦਾ ਸੈਕਸ਼ਨ 33 ਕਹਿੰਦਾ ਸੀ ਕਿ, "ਉਹ ਮੁਸਾਫਰ ਜਿਹੜੇ ਕਿ ਇਮੀਗਰੇਸ਼ਨ ਅਧਿਕਾਰੀਆਂ ਦੀ ਹਿਰਾਸਤ ਵਿੱਚ ਹੋਣ ਉਨ੍ਹਾਂ ਦੀ ਜਲਦੀ ਤੋਂ ਜਲਦੀ ਪੜਤਾਲ ਹੋਣੀ ਚਾਹੀਦੀ ਹੈ ਤੇ ਫੋਰਨ ਉਨ੍ਹਾਂ ਨੂੰ ਉਤਾਰਿਆ ਜਾਂ ਰੀਜੈਕਟ ਕੀਤਾ ਜਾਣਾ ਚਾਹੀਦਾ ਹੈ"। ਪਰ ਇਮੀਗਰੇਸ਼ਨ ਅਧਿਕਾਰੀ ਅਜਿਹਾ ਨਹੀਂ ਸਨ ਕਰ ਰਹੇ। ਹੁਣ ਤੀਕ ਸਿਰਫ ਦੋ ਸ਼੍ਰੇਣੀਆਂ ਦਾ ਹੀ ਫੈਸਲਾ ਹੋਇਆ ਸੀ: ਕੈਨੇਡਾ 'ਚ ਪਹਿਲਾਂ ਰਹਿ ਚੁੱਕੇ 20 ਬੰਦਿਆਂ ਦਾ ਅਤੇ ਮੈਡੀਕਲੀ ਅਨਫਿੱਟ 88 ਬੰਦਿਆਂ ਦਾ। ਇਨ੍ਹਾਂ ਤੋਂ ਬਿਨਾਂ ਕਿਸੇ ਵੀ ਹੋਰ ਮੁਸਾਫਰ ਬਾਰੇ ਕੋਈ ਫੈਸਲਾ ਨਹੀਂ ਸੀ ਦਿੱਤਾ ਜਾ ਰਿਹਾ - ਨਾ ਦਾਖਲੇ ਦਾ ਨਾ ਡੀਪੋਰਟੇਸ਼ਨ ਦਾ। ਇਨ੍ਹਾਂ ਦੋ ਸ਼੍ਰੇਣੀਆਂ ਤੋਂ ਬਿਨ੍ਹਾਂ ਪਟਿਆਲਾ ਰਿਆਸਤ ਦੇ ਰਹਿਣ ਵਾਲੇ ਵਰੀਰ ਸਿੰਘ ਦਾ ਐਸਾ ਕੇਸ ਸੀ ਜਿਸ ਵਿੱਚ ਬਿਆਨ ਹੋ ਚੁੱਕੇ ਸਨ, ਗਵਾਹ ਭੁਗਤ ਚੁੱਕੇ ਸਨ, ਬਹਿਸ ਹੋ ਚੁੱਕੀ ਸੀ ਪਰ ਕੋਈ ਫੈਸਲਾ ਨਹੀਂ ਸੀ ਦਿੱਤਾ ਜਾ ਰਿਹਾ। ਹਿੰਦੁਸਤਾਨੀਆਂ ਦੇ ਵਕੀਲ ਬਰਡ ਨੂੰ ਪੂਰੀ ਆਸ ਸੀ ਕਿ ਵਰੀਰ ਸਿੰਘ ਦੇ ਕੇਸ ਵਿੱਚ ਇਮੀਗਰੇਸ਼ਨ ਅਧਿਕਾਰੀਆਂ ਨੂੰ ਫੈਸਲਾ ਦੇਣ ਲਈ ਮਜਬੂਰ ਕੀਤਾ ਜਾ ਸਕਦਾ ਹੈ। ਇਸ ਲਈ ਉਸਨੇ 20 ਜੂਨ ਨੂੰ ਸੁਪਰੀਮ ਕੋਰਟ ਕੋਲ ਰਿਟ ਆਫ ਮੈਨਡੇਮਸ ( writ of Manadamus - ਇਸ ਵਿੱਚ ਉਪਰਲੀ ਅਦਾਲਤ ਹੇਠਲੀ ਅਦਾਲਤ ਨੂੰ ਕਿਸੇ ਖਾਸ ਕੇਸ ਦਾ ਫੈਸਲਾ ਦੇਣ ਲਈ ਆਰਡਰ ਕਰ ਸਕਦੀ ਹੈ) ਲਈ ਅਰਜ਼ੀ ਕੀਤੀ। ਸੁਪਰੀਮ ਕੋਰਟ ਨੇ ਬਹਿਸ ਲਈ 22 ਜੂਨ ਦਾ ਦਿਨ ਨੀਯਤ ਕੀਤਾ। ਪਰ ਇਹ ਬਹਿਸ ਨਾ ਹੋ ਸਕੀ। ਅਦਾਲਤ ਮੁਲਤਵੀ ਕਰਨੀ ਪਈ ਕਿਉਂਕਿ ਇਮੀਗਰੇਸ਼ਨ ਡੀਪਾਰਟਮੈਂਟ ਦਾ ਹੈੱਡ ਮੈਲਕਮ ਰੀਡ ਹਾਜ਼ਰ ਨਹੀਂ ਸੀ ਹੋਇਆ। ਰੀਡ ਨੇ ਸਮਨ ਹੀ ਨਹੀਂ ਸੀ ਲਏ। ਉਹ ਸਮਨਾਂ ਤੋਂ ਡਰਦਾ ਲੁਕ ਗਿਆ ਸੀ।[9] ਕੈਨੇਡੀਅਨ ਕਾਨੂੰਨ ਨਾਲ ਇਸ ਤੋਂ ਵੱਡਾ ਮਖੌਲ ਕੀ ਹੋ ਸਕਦਾ ਸੀ?

ਮੈਲਕਮ ਰੀਡ ਨੇ ਸੁਪਰੀਮ ਕੋਰਟ ਵਿੱਚ ਪੇਸ਼ ਨਾ ਹੋਣ ਦਾ ਕਾਰਨ ਦਸਦਿਆਂ ਆਟਾਵਾ ਨੂੰ ਤਾਰ ਦਿੱਤੀ, "ਇਹ ਕਰਨਾ ਹੀ ਪੈਣਾ ਸੀ। ਇਹ ਗੱਲ ਯਕੀਨੀ ਹੈ ਕਿ ਜੇ ਮਾਮਲਾ ਅਦਾਲਤ ਵਿੱਚ ਗਿਆ ਤਾਂ ਅਸੀਂ ਹਾਰ ਜਾਂਵਾਂਗੇ ਤੇ ਨਾ ਸਿਰਫ ਇਹ ਜਹਾਜ਼ ਸਗੋਂ ਹੋਰ ਵੀ ਬਹੁਤ ਸਾਰੇ ਹਿੰਦੂ ਸਫਲਤਾ ਪੂਰਬਕ ਕੈਨੇਡਾ 'ਚ ਆ ਉਤਰਨਗੇ"[10] ਤੇਈ ਜੂਨ ਦੀ ਰਾਤ ਨੂੰ ਵੈਨਕੂਵਰ 'ਚ ਨਸਲਵਾਦੀ ਗੋਰਿਆਂ ਦੀ ਇਕ ਵੱਡੀ ਮੀਟਿੰਗ ਹੋਈ ਜਿਸ ਦਾ ਮੁੱਖ ਬੁਲਾਰਾ ਨਸਲਾਵਦੀ ਟੋਰੀ ਐਮ ਪੀ ਸਟੀਵਨਜ਼ ਸੀ। ਸਟੀਵਨਜ਼ ਨੇ ਸ਼ਰੇ-ਆਮ ਕੈਨੇਡੀਅਨ ਅਦਾਲਤਾਂ ਅਤੇ ਜੱਜਾਂ 'ਚ ਬੇਭਰੋਸਗੀ ਜ਼ਾਹਰ ਕਰਦਿਆਂ ਆਖਿਆ,"ਬਰਿਟਸ਼ ਕੋਲੰਬੀਆ ਦੀ ਸੁਪਰੀਮ ਕੋਰਟ ਵਿੱਚ ਅਜ-ਕਲ੍ਹ ਅਜਿਹੇ ਜੱਜ ਹਨ ਜਿਹੜੇ ਕਿ ਆਮ ਲੋਕ-ਰਾਇ ਅਤੇ ਇਮੀਗਰੇਸ਼ਨ ਐਕਟ ਵਿਰੁੱਧ ਫੈਸਲਾ ਦੇਣ ਲਈ ਤਿਆਰ ਹਨ। ਕੁਝ ਲੋਕ ਪੁੱਛਦੇ ਹਨ, 'ਤੁਸੀਂ ਇਹ ਕੇਸ ਅਦਾਲਤਾਂ ਵਿੱਚ ਕਿਉਂ ਨਹੀਂ ਲਜਾਂਦੇ? ਮੇਰਾ ਕਹਿਣਾ ਹੈ ਕਿ ਅਸੀਂ ਅਦਾਲਤ ਵਿੱਚ ਜਾਣ ਨੂੰ ਤਿਆਰ ਹਾਂ ਪਰ ਜੇ ਕਿਧਰੇ ਕੋਈ ਇਮਾਨਦਾਰ ਅਦਾਲਤ ਹੋਵੇ ਤਾਂ।"[11] ਜੂਨ 24 ਨੂੰ ਰੀਡ ਫੇਰ ਆਟਾਵਾ ਨੂੰ ਤਾਰ ਦਿੰਦਾ ਹੈ,"ਕਾਨੂੰਨੀ ਸਲਾਹਕਾਰ ਕੇਸ ਅਦਾਲਤਾਂ ਵਿੱਚ ਲਜਾਣ ਲਈ ਕਾਹਲੇ ਹਨ। ਸਟੀਵਨਜ਼ ਮੇਰੇ ਨਾਲ ਸਹਿਮਤ ਹੈ ਕਿ ਅਜਿਹਾ ਨਹੀਂ ਹੋਣ ਦੇਣਾ ਚਾਹੀਦਾ। ਅਸੀਂ ਚਾਹੁੰਦੇ ਹਾਂ ਕਿ ਕੇਸ ਤਦ ਹੀ ਅਦਾਲਤ ਵਿੱਚ ਜਾਵੇ ਜੇ ਹੋਰ ਕੋਈ ਚਾਰਾ ਨਾ ਰਹੇ ਅਤੇ ਇਥੇ ਇਮੀਗਰੇਸ਼ਨ ਅਧਿਕਾਰੀਆਂ ਨੂੰ ਕੇਸ ਨੂੰ ਅਦਾਲਤ ਵਿੱਚ ਜਾਣੋ ਰੋਕਣ ਲਈ ਹਰ ਸਾਧਨ ਵਰਤਣਾ ਚਾਹੀਦਾ ਹੈ।"[12]

ਹਿੰਦੁਸਤਾਨੀਆਂ ਦੇ ਵਕੀਲ ਮਿਸਟਰ ਬਰਡ ਨੇ ਕੇਸ ਅਦਾਲਤ ਵਿੱਚ ਲਜਾਣ ਲਈ ਵੱਧ ਤੋਂ ਵੱਧ ਕੋਸ਼ਿਸ਼ ਕਰ ਲਈ ਸੀ। ਪਰ ਕੈਨੇਡੀਅਨ ਸਰਕਾਰ ਨੇ ਉਸਦੀ ਕੋਈ ਵੀ ਕੋਸ਼ਿਸ਼ ਕਾਮਯਾਬ ਨਹੀਂ ਸੀ ਹੋਣ ਦਿੱਤੀ। ਬਰਡ ਨੂੰ ਹੁਣ ਸਪੱਸ਼ਟ ਹੋ ਗਿਆ ਸੀ ਕਿ ਸਰਕਾਰ ਨੇ ਕੇਸ ਅਦਾਲਤ ਵਿੱਚ ਨਹੀਂ ਜਾਣ ਦੇਣਾ ਚਾਹੇ ਉਸਨੂੰ ਕੋਈ ਵੀ ਤਰੀਕਾ ਕਿਉਂ ਨਾ ਵਰਤਣਾ ਪਵੇ। ਇਸ ਤੋਂ ਇਲਾਵਾ ਦੇਰੀ, ਕੈਦ ਵਾਲੀਆਂ ਹਾਲਤਾਂ ਅਤੇ ਭੁੱਖ ਤੇ ਪਿਆਸ ਕਾਰਨ ਜਹਾਜ਼

ਉੱਤੇ ਮੁਸਾਫਰਾਂ ਦੀ ਹਾਲਤ ਬੜੀ ਤੈੜੀ ਸੀ। ਅਜਿਹੀਆਂ ਦਰਦਨਾਕ ਹਾਲਤਾਂ ਵਿੱਚ ਹੋਰ ਕਿੰਨੀ ਕੁ ਦੇਰ ਇੰਤਜ਼ਾਰ ਕੀਤੀ ਜਾ ਸਕਦੀ ਸੀ? ਸੋ ਮਜਬੂਰੀ ਵੱਸ ਮਿਸਟਰ ਬਰਡ ਨੂੰ ਸਰਕਾਰ ਦੀ ਉਹ ਹੀ ਪੇਸ਼ਕਸ਼ ਮੰਨਣੀ ਪਈ ਜੋ ਸਰਾਕਾਰ ਨੇ 27 ਮਈ ਨੂੰ ਉਸ ਨੂੰ ਕੀਤੀ ਸੀ। ਸਰਕਾਰ ਦੇ ਕਾਨੂੰਨੀ ਸਲਾਹਕਾਰਾਂ ਨੇ 24 ਜੂਨ ਨੂੰ ਉਸਤੋਂ ਲਿਖਤੀ ਰੂਪ ਵਿੱਚ ਆਪਣੀਆਂ ਸ਼ਰਤਾਂ ਮੰਨਵਾਈਆਂ। ਇਨ੍ਹਾਂ ਅਨੁਸਾਰ ਕਿਸੇ ਇਕ ਬੰਦੇ ਦਾ 'ਟੈਸਟ ਕੇਸ' ਸ਼ੁਰੂ ਕੀਤਾ ਜਾਣਾ ਸੀ। ਬੋਰਡ ਆਫ ਇਨਕੁਆਰੀ ਵਲੋਂ ਡੀਪੋਰਟੇਸ਼ਨ ਦਾ ਫੈਸਲਾ ਦਿੱਤੇ ਜਾਣ ਦੀ ਸੂਰਤ ਵਿੱਚ ਬਰਡ ਵਲੋਂ ਸੁਪਰੀਮ ਕੋਰਟ ਦੇ ਜੱਜ ਕੋਲ ਰਿਟ ਆਫ ਹੇਬੀਅਸ ਕਾਰਪਸ' ਲਈ ਅਰਜੀ ਕੀਤੀ ਜਾਣੀ ਸੀ ਪਰ ਉਥੇ ਬਰਡ ਨੇ ਬਹਿਸ ਨਹੀਂ ਸੀ ਕਰਨੀ ਤੇ ਜਾਣ ਬੁੱਝ ਕੇ ਕੇਸ ਹਾਰਨਾ ਸੀ (ਸ਼ਾਇਦ ਇਹ ਲੁਕਵੀਂ ਸ਼ਰਤ ਸੀ ਕਿ ਰਿਟ ਜਸਟਿਸ ਮਰਫੀ ਕੋਲ ਹੀ ਕੀਤੀ ਜਾਣੀ ਸੀ ਜਿਸਨੇ ਕਿ 'ਪਨਾਮਾ ਮਾਰੂ' ਦੇ ਕੇਸ ਵਿੱਚ ਰਿਟ ਪਰਦਾਨ ਨਹੀਂ ਸੀ ਕੀਤੀ)।

ਇਸ ਤੋਂ ਬਾਅਦ ਜੋ ਕੁਝ ਹੋਇਆ ਉਸ ਦਾ ਜ਼ਿਕਰ ਇਸ ਨਿੱਕੇ ਲੇਖ 'ਚ ਵਿਸਥਾਰ ਨਾਲ ਨਹੀਂ ਕੀਤਾ ਜਾ ਸਕਦਾ। ਸਰਕਾਰ ਵਲੋਂ ਮਿਸਟਰ ਬਰਡ ਤੋਂ ਜੋਰ ਨਾਲ ਇਹ ਸ਼ਰਤਾਂ ਮੰਨਵਾ ਲੈਣ ਦਾ ਮਤਲਬ ਸੀ; ਹਿੰਦੁਸਤਾਨੀਆਂ ਦੀ ਹਾਰ - ਕਾਨੂੰਨ ਦੀ ਹਾਰ - ਤੇ ਸਰਕਾਰ ਦੀ ਜਿੱਤ। ਜਿਨ੍ਹਾਂ ਅਦਾਲਤਾਂ ਵਿੱਚ ਸਰਕਾਰ ਜਾਣੋ ਡਰਦੀ ਸੀ ਉਨ੍ਹਾਂ ਅਦਾਲਤਾਂ ਵਿੱਚ ਜਾਣ ਤੋਂ ਪਹਿਲਾਂ ਸਰਕਾਰ ਨੇ ਆਪਣੀ ਜਿੱਤ ਯਕੀਨੀ ਬਣਾ ਲਈ ਸੀ। ਕੈਨੇਡੀਅਨ ਕਾਨੂੰਨ ਮੁਤਾਬਕ ਹਿੰਦੁਸਤਾਨੀਆਂ ਦੀ ਜਿੱਤ ਦੇ ਜੋ ਰਸਤੇ ਸਨ ਉਹ ਸਰਕਾਰ ਨੇ ਬੰਦ ਕਰ ਲਏ ਸਨ। ਹਿੰਦੁਸਤਾਨੀਆਂ ਨੇ ਕੇਸ ਲਈ ਵੱਡੇ ਤੋਂ ਵੱਡੇ ਵਕੀਲਾਂ ਨੂੰ ਕਰਨ ਦੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਨੇ ਇਹ ਕੇਸ ਲੈਣ ਤੋਂ ਨਾਂਹ ਕਰ ਦਿੱਤੀ ਕਿਉਂਕਿ ਉਨ੍ਹਾਂ ਨੂੰ ਪਤਾ ਸੀ ਕਿ ਹੁਣ ਕਾਨੂੰਨ ਦੀ ਜਿੱਤ ਨਹੀਂ ਹੋ ਸਕਣੀ। ਵੈਨਕੂਵਰ ਦੀ 'ਮੈਕਰੋਸਨ ਐਂਡ ਹਾਰਪਰ' ਨਾਂ ਦੀ ਮਸ਼ਹੂਰ ਲਾਅ ਫਰਮ ਨੇ ਇਹ ਕਹਿੰਦਿਆਂ ਕੇਸ ਲੈਣ ਤੋਂ ਨਾਂਹ ਕੀਤੀ,"ਇਹ ਮਾਮਲਾ ਹੁਣ ਕਾਨੂੰਨ ਦੇ ਘੇਰੇ ਵਿੱਚ ਨਹੀਂ ਰਿਹਾ। ਹੁਣ ਇਹ ਮਾਮਲਾ ਕਾਨੂੰਨ ਦੀ ਥਾਂ ਨੈਸ਼ਨਲ ਪਾਲਿਸੀ ਅਤੇ ਡਿਪਲੋਮੇਸੀ ਦਾ ਸਵਾਲ ਬਣ ਚੁੱਕਾ ਹੈ।" 13 ਇਸ ਤੋਂ ਅੱਗੇ ਉਹ ਕੁਝ ਹੀ ਹੋਇਆ ਜੋ ਹੋਣਾ ਸੀ। 25 ਜੂਨ ਨੂੰ ਮੁਨਸ਼ੀ ਸਿੰਘ ਨਾਉਂ ਦਾ ਬੰਦਾ ਟੈਸਟ ਕੇਸ ਲਈ ਬੋਰਡ ਆਫ ਇਨਕੁਆਰੀ ਦੇ ਸਾਹਮਣੇ ਲਿਆਂਦਾ ਗਿਆ, ਉਸ ਬੋਰਡ ਦੇ ਸਾਹਮਣੇ ਜਿਸਦੇ ਤਿੰਨੋਂ ਮੈਂਬਰ ਇਮੀਗਰੇਸ਼ਨ ਅਧਿਕਾਰੀ ਸਨ ਤੇ ਖੁਦ ਮੈਲਕਮ ਰੀਡ ਬੋਰਡ ਦਾ ਪਰਧਾਨ । ਇਸ ਬੋਰਡ ਬਾਰੇ ਮਿਸਟਰ ਬਰਡ ਨੇ ਠੀਕ ਹੀ ਲਿਖਿਆ ਸੀ,"ਪਰੋਸੀਕਿਊਟਰਜ਼ ਹੀ ਜੱਜ ਬਣੀ ਬੈਠੇ ਹਨ। " ਮੁਨਸ਼ੀ ਸਿੰਘ ਨੇ ਬੋਰਡ ਨੂੰ ਦੱਸਿਆ ਕਿ ਉਸਨੇ ਕਲਕੱਤੇ ਤੋਂ ਸਿੱਧਾ ਆਉਣ ਦੀ ਕੋਸ਼ਿਸ਼ ਕੀਤੀ ਸੀ। ਇੰਡੀਆ 'ਚ ਉਸਦੀ 8400 ਡਾਲਰ ਦੀ ਜ਼ਮੀਨ ਸੀ ਅਤੇ ਉਹ ਫਾਰਮਰ ਸੀ ਤੇ ਫਾਰਮਿੰਗ ਕਰਨੀ ਚਾਹੁੰਦਾ ਸੀ। ਪਰ ਬੋਰਡ ਨੇ ਉਸਦੀ ਕਿਸੇ ਵੀ ਗੱਲ ਦਾ ਯਕੀਨ ਨਾ ਮੰਨਦਿਆਂ ਡੀਪੋਰਟੇਸ਼ਨ ਦਾ ਆਰਡਰ ਦਿੱਤਾ। ਮਿਸਟਰ ਬਰਡ ਨੇ ਸੁਪਰੀਮ ਕੋਰਟ ਦੇ ਜੱਜ ਮਰਫੀ ਕੋਲ ਰਿਟ ਆਫ ਹੇਬੀਅਸ ਕਾਰਪਸ ਲਈ ਅਰਜੀ ਕੀਤੀ ਤੇ ਸਰਕਾਰ ਨਾਲ ਤਹਿ ਹੋਈਆਂ ਸ਼ਰਤਾਂ ਅਨੁਸਾਰ ਬਹਿਸ ਨਾ ਕੀਤੀ ਤੇ ਜਾਣ ਬੁੱਝ ਕੇ ਕੇਸ ਹਾਰਿਆ। ਕੈਨੇਡਾ ਦੇ ਇਤਿਹਾਸ ਵਿੱਚ ਇਹ ਗੱਲ ਸ਼ਾਇਦ ਪਹਿਲੀ ਵਾਰ ਵਾਪਰੀ ਸੀ ਜਦੋਂ ਸਰਕਾਰ ਵਲੋਂ ਕਿਸੇ ਵਕੀਲ ਨੂੰ ਮਜਬੂਰ ਕੀਤਾ ਗਿਆ ਸੀ ਕਿ ਉਹ ਬਿਨਾਂ ਬਹਿਸ ਕੀਤਿਆਂ ਆਪਣਾ ਕੇਸ ਹਾਰੇ। ਅਪੀਲ ਕੋਰਟ ਵਿੱਚ 29 ਤੇ 30 ਜੂਨ ਨੂੰ ਕੇਸ ਦੀ ਸੁਣਵਾਈ ਹੋਈ। ਮਿਸਟਰ ਬਰਡ ਨੇ ਇਸ ਗੱਲ ਤੇ ਮੁੜ ਮੁੜ ਜੋਰ ਦਿੱਤਾ ਕਿ ਮੁਨਸ਼ੀ ਸਿੰਘ ਫਾਰਮਰ ਹੈ। ਅਪੀਲ ਕੋਰਟ ਦਾ ਕਹਿਣਾ ਸੀ ਕਿ ਬੋਰਡ ਨੇ ਭਾਵੇਂ ਬਿਨ੍ਹਾਂ ਸਬੂਤਾਂ ਤੋਂ ਮੁਨਸ਼ੀ ਸਿੰਘ ਨੂੰ ਫਾਰਮਰ ਮੰਨਣੋਂ ਨਾਂਹ ਕੀਤੀ ਹੈ ਪਰ ਬੋਰਡ ਦੇ ਕੀਤੇ ਫੈਸਲਿਆਂ ਤੇ ਅਪੀਲ ਕੋਰਟ ਦੁਬਾਰਾ ਵਿਚਾਰ (review) ਨਹੀਂ ਕਰ ਸਕਦਾ। 6 ਜੁਲਾਈ ਨੂੰ ਅਪੀਲ ਕੋਰਟ ਨੇ ਆਪਣਾ ਫੈਸਲਾ ਸੁਣਾਇਆ ਜਿਸ ਵਿੱਚ ਬੋਰਡ ਆਫ ਇਨਕੁਆਰੀ ਵਲੋਂ ਦਿੱਤੇ ਡੀਪੋਰਟੇਸ਼ਨ ਦੇ ਫੈਸਲੇ ਨੂੰ ਕਾਇਮ ਰੱਖਿਆ ਗਿਆ। ਇਸ ਟੈਸਟ ਕੇਸ ਦੇ ਆਧਾਰ ਤੇ 23 ਜੁਲਾਈ ਨੂੰ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਨੂੰ ਕੈਨੇਡਾ ਤੋਂ ਡੀਪੋਰਟ ਕੀਤਾ ਗਿਆ।

ਸੋ ਇਹ ਹੈ ਕੈਨੇਡੀਅਨ ਸਰਕਾਰ ਦੇ ਉਸ 'ਇਨਸਾਫ' ਦੀ ਸੰਖੇਪ ਕਹਾਣੀ ਜੋ ਉਸਨੇ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਨੂੰ ਦਿੱਤਾ।

---

1 ਮਿਸਟਰ ਬਰਡ ਦੀ 21 ਜੂਨ, 1914 ਨੂੰ ਵੈਨਕੂਵਰ 'ਚ ਕੀਤੀ ਸਪੀਚ।

2 ਘਰੇਲੂ ਮਾਮਲਿਆਂ ਦੇ ਵਜੀਰ ਮਿਸਟਰ ਰੋਚੇ ਦਾ ਹਾਊਸ ਆਫ ਕਾਮਨਜ਼ 'ਚ ਦਿੱਤਾ ਬਿਆਨ।

3 Dr. Hugh Johnston, The Voyage of the Komagata Maru, P.36.

4 ਇਮੀਗਰੇਸ਼ਨ ਐਕਟ, ਸੈਕਸ਼ਨ 33, ਪੈਰ੍ਹਾ XI

5 ਮਿਸਟਰ ਬਰਡ ਦੀ 21 ਜੂਨ, 1914 ਨੂੰ ਵੈਨਕੂਵਰ 'ਚ ਕੀਤੀ ਸਪੀਚ।

6 Robie L. Reid, B.C. Historical Quarterly, Jan.1941, pp. 2-3. (ਰੋਬੀ ਰੀਡ ਕਾਮਾਗਾਟਾ ਮਾਰੂ ਦੇ ਮਾਮਲੇ 'ਚ ਕੈਨੇਡਾ ਸਰਕਾਰ ਦਾ ਸੀਨੀਅਰ ਲੀਗਲ ਅਡਵਾਈਜ਼ਰ ਸੀ)

7 ਮਿਸਟਰ ਬਰਡ ਦੀ 21 ਜੂਨ, 1914 ਨੂੰ ਵੈਨਕੂਵਰ 'ਚ ਕੀਤੀ ਸਪੀਚ।

8 Dr. Hugh Johnston, The Voyage of the Komagata Maru, P. 50.

9 Robie L. Reid, B.C. Historical Quarterly, Jan.1941, p. 11.

10 (ਵੈਨਕੂਵਰ ਦੇ ਟੋਰੀ ਐਮ ਪੀ. ) ਸਟੀਵਨਜ਼ ਦੀ ਫਾਈਲ , ਸਫਾ 235.

11 ਪਰੋਵਿੰਸ ਅਖਬਾਰ, ਜੂਨ 1914.

12 ਸਟੀਵਨਜ਼ ਦੀ ਫਾਈਲ , ਸਫਾ 365.

13 Dr. Hugh Johnston, The Voyage of the Komagata Maru, P. 57.

ਕਾਮਾਗਾਟਾ ਮਾਰੂ ਦੇ
ਮੁਸਾਫਰਾਂ ਨੂੰ ਸ਼ਰਧਾਂਜਲੀ
ਪੇਸ਼ ਕਰਦੇ ਹਨ।
ਰਿਮ ਝਿਮ ਰੇਡੀਉ ਪ੍ਰੋਗਰਾਮ
ਫੋਨ:(604)299-1727
ਜਾਂ 299-TUNE(8863)




ਕਾਮਾਗਾਟਾ ਮਾਰੂ ਦੀ 75ਵੀਂ ਬਰਸੀ ਤੇ
ਕਾਮਾਗਾਟਾ ਮਾਰੂ ਦੇ ਮੁਸਾਫਰਾਂ ਦੀ ਯਾਦ ਨੂੰ
ਸ਼ਰਧਾਂਜਲੀ ਅਰਪਣ ਕਰਦੇ ਹਨ।

PABLA TRADING CENTER
HIMALAYA RESTSAURANT

ਪਾਬਲਾ ਟਰੇਡਿੰਗ ਸੈਂਟਰ
ਹਿਮਾਲਿਆ ਰੈਸਟੋਰੈਂਟ

6595 Main Street, Vancouver, B. C.

ਹੋਰ ਜਾਣਕਾਰੀ ਲਈ ਫੋਨ ਕਰੋ: 324-6514



ਕੈਨੇਡਾ ਵਿੱਚ ਹਿੰਦੂਸਤਾਨੀਆਂ ਦੇ ਇਤਿਹਾਸ ਦੇ
ਅਭੁੱਲ ਹਿੱਸੇ ਕਾਮਾਗਾਟਾ ਮਾਰੂ ਦੇ ਸਾਕੇ ਨੂੰ
ਪ੍ਰਣਾਮ:

SHAN SAREES & DRAPERY LTD.

ਸ਼ਾਨ ਸਾੜੀ ਅਤੇ ਡਰੇਪਰੀ ਲਿਮਟਿਡ

**6543 MAIN ST., VANCCOUVER, B.C.**
**PH. 321-1955 Or 321-0847**

# ਜੇ ਐਡਵਰਡ ਬਰਡ

(21 ਜੂਨ 1914 ਨੂੰ ਸਥਾਨਕ ਹਿੰਦੁਸਤਾਨੀਆਂ ਵਲੋਂ ਡੁਮੀਨਿਅਨ ਹਾਲ ਵੈਨਕੂਵਰ ਵਿੱਚ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਦੀ ਮਦਦ ਲਈ ਕੀਤੀ ਮੀਟਿੰਗ ਵਿੱਚ ਮੁਸਾਫਰਾਂ ਦੇ ਵਕੀਲ ਮਿਸਟਰ ਜੇ. ਐਡਵਰਡ ਬਰਡ ਵਲੋਂ ਦਿੱਤੇ ਭਾਸ਼ਨ ਦੇ ਕੁੱਝ ਹਿੱਸੇ।)

ਮਿਸਟਰ ਚੇਅਰਮੈਨ, ਲੇਡੀਜ਼ ਐਂਡ ਜੈਂਟਲਮਿਨ, ਮੈਨੂੰ ਕਮੇਟੀ ਵਲੋਂ ਅਤੇ ਇਸ ਮੀਟਿੰਗ ਦੇ ਪ੍ਰਧਾਨ ਮਿਸਟਰ ਰਹੀਮ ਵਲੋਂ ਆਖਿਆ ਗਿਆ ਹੈ ਕਿ ਮੈਂ ਇਸ ਜਹਾਜ਼ ਦੇ ਵਿਸ਼ੇ ਬਾਰੇ ਬੋਲਾਂ, " ਕਾਮਾਗਾਟਾ ਮਾਰੂ ਅਤੇ ਹਿੰਦੂਆਂ ਦੀ ਕੈਨੇਡਾ ਉੱਤੇ ਚੜ੍ਹਾਈ", ਬਾਰੇ, ਜਿਵੇਂ ਕਿ ਅਖਬਾਰਾਂ ਆਮ ਤੌਰ 'ਤੇ ਲਿਖਦੀਆਂ ਹਨ। ਇੱਥੇ ਮੈਂ ਇੱਕ ਸਿਆਸਤਦਾਨ ਦੇ ਤੌਰ 'ਤੇ ਨਹੀਂ ਸਗੋਂ ਇਸ ਮਾਮਲੇ ਵਿੱਚ ਇੱਕ ਵਕੀਲ ਦੇ ਤੌਰ 'ਤੇ ਹਾਂ।

ਮੈਂ ਆਪਣੀ ਵੱਧ ਤੋਂ ਵੱਧ ਕੋਸ਼ਿਸ਼ ਕਰ ਚੁੱਕਾ ਹਾਂ ਕਿ ਇੱਥੋਂ ਦੀਆਂ ਅਦਾਲਤਾਂ ਦੇ ਸਾਹਮਣੇ ਇੱਕ ਟੈਸਟ ਕੇਸ ਲਿਜਾ ਸਕਾਂ ਤਾਂ ਜੋ ਇਸ ਗੱਲ ਦਾ ਫੈਸਲਾ ਹੋ ਸਕੇ ਕਿ ਕੀ ਇਨ੍ਹਾਂ ਮੁਸਾਫਰਾਂ ਨੂੰ ਇੱਥੇ ਉਤਰਨ ਦਾ ਹੱਕ ਹੈ ਜਾਂ ਨਹੀਂ? ਉਹ ਇੱਥੇ 22 ਮਈ ਨੂੰ ਪੁੱਜੇ ਅਤੇ ਮੈਂ ਉਸ ਵਕਤ ਤੋਂ ਹੀ ਵੱਧ ਤੋਂ ਵੱਧ ਕੋਸ਼ਿਸ਼ ਕਰ ਰਿਹਾਂ ਹਾਂ ਕਿ ਇਮੀਗਰੇਸ਼ਨ ਐਕਟ ਅਤੇ ਇਸ ਐਕਟ ਹੇਠਲੇ ਕੌਂਸਲ ਦੇ ਆਰਡਰਾਂ ਦੀ ਪ੍ਰਮਾਣਕਤਾ ਪਰਖਣ ਲਈ ਕੇਸ ਅਦਾਲਤ ਵਿੱਚ ਲਿਜਾ ਸਕਾਂ। ਪਰ ਮੇਰੀਆਂ ਸਾਰੀਆਂ ਕੋਸ਼ਿਸ਼ਾਂ ਬੇਅਰਥ ਗਈਆਂ ਹਨ। ਮੈਂ ਕਿਸੇ ਵੀ ਤਰੀਕੇ ਨਾਲ ਕੋਈ ਕੇਸ ਅਦਾਲਤ ਵਿੱਚ ਨਹੀਂ ਲਿਜਾ ਸਕਿਆ ਜਿਸ ਨਾਲ ਆਰਡਰ-ਇਨ-ਕੌਂਸਲ ਦੀ ਕਾਨੂੰਨੀ ਪ੍ਰਮਾਣਿਕਤਾ ਨੂੰ ਪਰਖਿਆ ਜਾ ਸਕੇ। ਜੈਂਟਲਮਿਨ ਮੈਂ ਕੁਝ ਨਹੀਂ ਕਹਿ ਸਕਦਾ ਕਿ ਅਜੇਹਾ ਕਿਉਂ ਨਹੀਂ ਕਰਨ ਦਿੱਤਾ ਗਿਆ। ਮੈਂ ਤਾਂ ਸਿਰਫ ਅੰਦਾਜ਼ਾ ਹੀ ਲਾ ਸਕਦਾ ਹਾਂ ਕਿ ਔਟਵਾ ਵਿਚਲੇ ਮਹਿਕਮੇ ਵਲੋਂ ਇੱਥੇ ਇਮੀਗਰੇਸ਼ਨ ਅਧਿਕਾਰੀਆਂ ਨੂੰ ਹਦਾਇਤਾਂ ਹੀ ਅਜਿਹੀਆਂ ਸਨ ਕਿ ਮਾਮਲੇ ਨੂੰ ਲਮਕਾਈ ਜਾਉ,ਲਮਕਾਈ ਜਾਉ, ਉਦੋਂ ਤੀਕ ਜਦ ਤੱਕ ਉਹ ਭੁੱਖ ਦੇ ਮਾਰੇ ਜਿਧਰੋਂ ਆਏ ਹਨ ਉਧਰ ਹੀ ਵਾਪਸ ਜਾਣ ਲਈ ਮਜਬੂਰ ਨਹੀਂ ਹੋ ਜਾਂਦੇ।...

ਜੈਂਟਲਮਿਨ ਸਾਰੀ ਗੱਲ ਨੂੰ ਸਮਝਣ ਲਈ ਮੈਂ ਤੁਹਾਨੂੰ ਇਸ ਇਮੀਗਰੇਸ਼ਨ ਐਕਟ ਬਾਰੇ ਕੁੱਝ ਦੱਸਣਾ ਚਾਹਾਂਗਾ। ਇਹ ਇਮੀਗਰੇਸ਼ਨ ਐਕਟ 1910 ਵਿਚ ਲਿਬਰਲ ਸਰਕਾਰ ਵਲੋਂ ਬਣਾਇਆ ਗਿਆ ਸੀ। ਇਸ ਵਿੱਚ ਸਰਕਾਰ ਨੇ ਉਹ ਸ਼ਰਤਾਂ ਬਿਆਨੀਆਂ ਹਨ ਜਿਨ੍ਹਾਂ ਨੂੰ ਪੂਰਾ ਕਰਕੇ ਲੋਕ ਕੈਨੇਡਾ ਵਿੱਚ ਆ ਸਕਦੇ ਹਨ। ਸੈਕਸ਼ਨ 3 ਅਨੁਸਾਰ-" ਕੋਈ ਵੀ ਇਮੀਗਰੇਂਟ, ਯਾਤਰੀ ਜਾਂ ਕੋਈ ਹੋਰ ਵਿਅਕਤੀ ਜੇ ਕਰ ਉਹ ਕੈਨੇਡਾ ਦਾ ਨਾਗਰਿਕ ਜਾਂ ਬਸ਼ਿੰਦਾ ਨਹੀਂ ਹੈ( ਜੋ ਐਕਟ ਬਾਰੇ ਨਹੀਂ ਜਾਣਦੇ ਉਨ੍ਹਾਂ ਦੀ ਜਾਣਕਾਰੀ ਲਈ ਮੈਂ ਦੱਸਣਾ ਚਾਹਾਂਗਾ ਕਿ ਐਕਟ ਅਨੁਸਾਰ ਦੋ ਸਾਲ ਦੀ ਰਹਾਇਸ਼ ਨਾਲ ਬੰਦਾ ਕੈਨੇਡਾ ਦਾ ਬਸ਼ਿੰਦਾ ਮੰਨਿਆ ਜਾਵੇਗਾ ਅਤੇ ਇਸ ਤਰ੍ਹਾਂ ਕੋਈ ਵੀ ਵਿਅਕਤੀ ਜੋ ਇੱਥੇ ਦੋ ਸਾਲ ਰਹਿ ਚੁੱਕਾ ਹੋਵੇ ਉਸਨੂੰ ਇਕ ਨਾਗਰਿਕ ਵਾਂਗ ਵਾਪਸ ਆ ਸਕਣ ਦਾ ਹੱਕ ਹੋਵੇਗਾ) ਉਸਨੂੰ ਕੈਨੇਡਾ ਵਿੱਚ ਉਤਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।ਜੇ ਕਿਸੇ ਤਰ੍ਹਾਂ ਉਹ ਕੈਨੇਡਾ 'ਚ ਉੱਤਰ ਗਿਆ ਹੋਵੇ ਜਾਂ ਦਾਖਲ ਹੋ ਚੁੱਕਾ ਹੋਵੇ, ਉਸਨੂੰ ਰਹਿਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ ਜੇ ਕਰ ਉਹ ਹੇਠ ਲਿਖੀਆਂ ਸ਼੍ਰੇਣੀਆਂ ਵਿੱਚੋਂ ਕਿਸੇ ਇਕ ਨਾਲ ਸਬੰਧਤ ਹੋਵੇ। ਸੰਖੇਪ ਵਿੱਚ ਉਹ ਖਾਸ ਸ਼੍ਰੇਣੀਆਂ ਇਹ ਹਨ; ਦਿਮਾਗੀ ਤੌਰ ਤੇ ਬੀਮਾਰ, ਵੇਸਵਾਂਵਾ, ਵੇਸਵਾਂਵਾ ਤੋਂ ਧੰਦਾ ਕਰਾਉਣ ਵਾਲੇ ਅਤੇ ਮੰਗਤੇ। ਸੋ ਇਨ੍ਹਾਂ ਸ਼੍ਰੇਣੀਆਂ ਨਾਲ ਸਬੰਧਤ ਲੋਕਾਂ ਨੂੰ ਕੈਨੇਡਾ ਸਰਕਾਰ ਕੈਨੇਡਾ ਵਿੱਚ ਦਾਖਲ ਨਹੀਂ ਹੋਣ ਦੇਣਾ ਚਾਹੁੰਦੀ ਅਤੇ ਮੇਰੇ ਖਿਆਲ ਵਿੱਚ ਇਥੇ ਸਾਡੇ ਵਿਚ ਕੋਈ ਵੀ ਅਜਿਹਾ ਨਹੀਂ ਹੋਵੇਗਾ ਚਾਹੇ ਉਹ ਹਿੰਦੂਆਂ ਦੇ ਹੱਕ ਵਿੱਚ ਹੋਵੇ ਜਾਂ ਵਿਰੋਧ ਵਿਚ, ਜੋ ਇਨ੍ਹਾਂ ਬਿਆਨ ਕੀਤੀਆਂ ਸ਼੍ਰੇਣੀਆਂ ਵਿਚੋਂ ਕਿਸੇ ਦੇ ਕੈਨੇਡਾ ਆਉਣ ਦੇ ਹੱਕ ਵਿੱਚ ਹੋਵੇ। ਇਨ੍ਹਾਂ ਸ਼੍ਰੇਣੀਆਂ ਦੇ ਲੋਕ ਸਮਾਜ 'ਤੇ ਭਾਰ ਹਨ ਅਤੇ ਅਸੀਂ ਵੀ ਨਹੀਂ ਚਾਹੁੰਦੇ ਕਿ ਉਹ ਆਉਣ। ਐਕਟ ਇਹ ਵੀ ਕਹਿੰਦਾ ਹੈ ਕਿ ਅਣਚਾਹੇ ਵਿਅਕਤੀਆਂ ਦੀਆਂ ਇਨ੍ਹਾਂ ਸ਼੍ਰੇਣੀਆਂ ਵਿਚ ਉਹ ਸ਼੍ਰੇਣੀ ਵੀ ਸ਼ਾਮਲ ਹੋਵੇਗੀ ਜਿਸਨੂੰ ਗਵਰਨਰ-ਇਨ-ਕੌਂਸਲ ਖਾਸ ਸਮੇਂ ਲਈ ਵਰਜਿਤ ਕਰਾਰ ਦੇ ਦੇਵੇ। ਗਵਰਨਰ-ਇਨ-ਕੌਂਸਲ ਬਿਨਾਂ ਸ਼ੱਕ ਦੇ ਔਟਵਾ ਵਿੱਚ ਮਨਿਸਟਰਾਂ ਤੋਂ ਬਣੀ ਐਗਜ਼ੈਕਟਿਵ ਕੌਂਸਲ ਤੋਂ ਵੱਧ ਕੁੱਝ ਵੀ ਨਹੀਂ। ਇਸ ਐਗਜ਼ੈਕਟਿਵ ਕੌਂਸਲ ਕੋਲ ਇਸ ਐਕਟ ਹੇਠਾਂ ਆਰਡਰਜ਼ ਇਨ ਕੌਂਸਲ ਪਾਸ ਕਰਨ ਦੀ ਤਾਕਤ ਹੈ, ਜਿਨ੍ਹਾਂ ਦੀ ਤਾਕਤ ਪਾਰਲੀਮੈਂਟ ਦੇ ਕਾਨੂੰਨਾਂ ਵਰਗੀ ਹੀ ਹੋਵੇਗੀ ਬਸ਼ਰਤੇ ਕਿ ਉਹ ਐਕਟ ਦੀਆਂ ਤਾਕਤਾਂ ਅਤੇ ਧਰਾਵਾਂ ਦੀ ਵਿਰੋਧਤਾ ਨਾ ਕਰਦੇ ਹੋਣ। ਇਸ ਲਿਬਰਲ ਸਰਕਾਰ ਨੇ ਕੁੱਝ ਸਮਾਂ ਪਹਿਲਾਂ 918, 920, 926, ਨੰਬਰ ਦੇ ਆਰਡਰਜ਼-ਇਨ-ਕੌਂਸਲ ਪਾਸ ਕੀਤੇ ਹਨ। ਵਿਸਥਾਰ ਵਿਚ ਨਾ ਜਾਂਦਿਆਂ ਹੋਇਆਂ ਮੈਂ ਤੁਹਾਨੂੰ ਸੰਖੇਪ ਜਾਣਕਾਰੀ ਦੇਣੀ ਚਾਹਾਂਗਾ ਕਿ ਇਹ ਆਰਡਰਜ਼- ਇਨ-ਕੌਂਸਲ ਕੀ ਸਨ। ਪਹਿਲੇ ਅਨੁਸਾਰ ਏਸ਼ੀਅਨ ਮੂਲ ਦੇ ਕਿਸੇ ਵੀ ਇਮੀਗਰੇਂਟ ਨੂੰ ਕੈਨੇਡਾ ਵਿੱਚ ਦਾਖਲ ਹੋਣ ਦੀ ਇਜਾਜ਼ਤ ਨਹੀਂ ਹੋਵੇਗੀ ਜੇ ਉਸ ਕੋਲ 200 ਡਾਲਰ ਨਾ ਹੋਣ। ਪਰ ਇਸ ਆਰਡਰ-ਇਨ-ਕੌਂਸਲ ਨੂੰ ਇਸ ਸੂਬੇ ਦੇ ਇਕ ਜੱਜ ਵਲੋਂ ਬੜੀ ਬਰੀਕੀ ਨਾਲ ਘੋਖਿਆ ਗਿਆ ਹੈ ਕਿ ਕਿਤੇ ਇਹ ਆਰਡਰਜ਼-ਇਨ-ਕੌਂਸਲ, ਕਾਨੂੰਨ ਦੇ ਮੁੱਢਲੇ ਅਸੂਲਾਂ ਦੇ ਵਿਰੁੱਧ ਤਾਂ ਨਹੀਂ। ਉਸਨੇ ਇਨ੍ਹਾਂ ਆਰਡਰਜ਼-ਇਨ-ਕੌਂਸਲ ਨੂੰ ਬੜੇ ਧਿਆਨ ਨਾਲ ਘੋਖਿਆ ਅਤੇ ਸਾਰਿਆਂ ਵਿੱਚ ਤਰੁੱਟੀਆਂ ਪਾਈਆਂ। ਅਤੇ ਪਹਿਲੀ ਮਾਰਚ ਨੂੰ ਨਰੈਣ ਸਿੰਘ ਦੇ ਕੇਸ ਵਿੱਚ ਫੈਸਲਾ ਦਿੱਤਾ ਕਿ ਇਹ ਸਾਰੇ ਆਰਡਰਜ਼ ਇਨ ਕੌਂਸਲ ਗਲਤ ਹਨ ਅਤੇ ਲਾਗੂ ਨਹੀਂ ਹੋ ਸਕਦੇ।...ਦੂਸਰਾ ਆਰਡਰ-ਇਨ-ਕੌਂਸਲ ਸੱਭ ਤੋਂ ਮਹੱਤਵ ਪੂਰਨ ਹੈ ਜਿਸ ਮੁਤਾਬਕ ਸਿਰਫ ਉਹ ਹੀ ਅਵਾਸੀ ਕੈਨੇਡਾ ਆ ਸਕਦੇ ਹਨ ਜੋ ਕਿ ਆਪਣੇ ਦੇਸ਼ ਤੋਂ ਜਿਸਦੇ ਉਹ ਨਾਗਰਿਕ ਹਨ ਸਿੱਧਾ ਸਫਰ ਕਰਕੇ ਕੈਨੇਡਾ ਪਹੁੰਚਣ ਅਤੇ ਜਹਾਜ਼ ਦਾ ਟਿਕਟ ਵੀ ਉਨ੍ਹਾਂ ਆਪਣੇ

ਦੇਸ਼ ਵਿੱਚ ਖ੍ਰੀਦਿਆ ਹੋਵੇ ਜਾਂ ਇਸ ਟਿਕਟ ਦੀ ਅਦਾਇਗੀ ਪਹਿਲਾਂ ਹੀ ਕੈਨੇਡਾ ਵਿੱਚ ਕੀਤੀ ਗਈ ਹੋਵੇ।

..ਜੈਂਟਲਮਿਨ , ਗਵਰਨਰ- ਇਨ- ਕੌਂਸਲ ਵਲੋਂ ਇਹ ਆਰਡਰਜ਼-ਇਨ-ਕੌਂਸਲਪਾਸ ਹੀ ਇਸ ਕਰਕੇ ਕੀਤਾ ਗਿਆ ਸੀ ਤਾਂ ਜੋ ਇੰਡੀਆ ਦੀ ਸਾਡੇ ਵਰਗੀ ਹੀ ਬ੍ਰਿਟਿਸ਼ ਪਰਜਾ ਨੂੰ ਕੈਨੇਡਾ ਆਉਣ ਤੋਂ ਰੋਕਿਆ ਜਾ ਸਕੇ। ਸਾਡੀ ਕੈਨੇਡੀਅਨ ਸਰਕਾਰ, ਜਿਸ ਉਪਰ ਅਸੀਂ ਮਾਣ ਕਰਦੇ ਹਾਂ, ਦਾ ਹੌਂਸਲਾ ਨਹੀਂ ਪਿਆ ਕਿ ਉਹ ਆਪਣੀ ਇਸ ਗੱਲ ਨੂੰ ਸਾਫ ਸਾਫ ਕਹੇ। ਉਨ੍ਹਾਂ ਨੇ ਸਿੱਧਾ ਇਹ ਨਹੀਂ ਕਿਹਾ ਕਿ ਉਹ ਹਿੰਦੁਸਤਾਨੀਆਂ ਦਾ ਕੈਨੇਡਾ ਆਉਣਾ ਬੰਦ ਕਰ ਰਹੇ ਹਨ। ਉਨ੍ਹਾਂ ਇਹ ਗੱਲ ਵਿੰਗੇ ਢੰਗ ਨਾਲ ਕਹੀ ਹੈ ਕਿ ਕਿਸੇ ਵੀ ਵਿਅਕਤੀ ਨੂੰ ਕੈਨੇਡਾ ਵਿੱਚ ਸਿੱਧੇ ਸਫਰ ਤੋਂ ਬਿਨ੍ਹਾਂ ਨਹੀਂ ਆਉਣ ਦਿੱਤਾ ਜਾਵੇਗਾ। ਕੀ ਕਮਾਲ ਦਾ ਢੰਗ ਹੈ ਵਲ ਪਾਕੇ ਗੱਲ ਕਰਨ ਦਾ। ਉਨ੍ਹਾਂ ਨੂੰ ਪਤਾ ਸੀ ਕਿ ਕਿਸੇ ਵੀ ਜਹਾਜ਼ੀ ਕੰਪਨੀ ਦਾ ਜਹਾਜ਼ ਹਿੰਦੁਸਤਾਨ ਤੋਂ ਕੈਨੇਡਾ ਨੂੰ ਸਿੱਧਾ ਨਹੀਂ ਆਉਂਦਾ। ਇਸ ਲਈ ਹਿੰਦੁਸਤਾਨੀਆਂ ਦੇ ਇਥੇ ਆ ਸਕਣ ਦੀ ਕੋਈ ਗੁੰਜਾਇਸ਼ ਨਹੀਂ। ਅਤੇ ਉਨ੍ਹਾਂ ਨੇ ਇਥੇ ਨਹੀਂ ਆ ਸਕਣਾ ਸੀ ਜੇ ਗੁਰਦਿੱਤ ਸਿੰਘ ਦੇ ਮਨ ਵਿਚ ਉਨ੍ਹਾਂ ਨੂੰ ਇਥੇ ਲਿਆਉਣ ਦੀ ਅਤੇ ਆਪਣੇ ਦੇਸ਼ਵਾਸੀਆਂ ਲਈ ਕੁੱਝ ਕਰਨ ਦਾ ਫੁਰਨਾ ਨਾ ਫੁਰਦਾ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਉਹ(ਹਿੰਦੁਸਤਾਨੀ) ਵੀ (ਕੈਨੇਡਾ ਆਉਣ ਲਈ) ਉਸੇ ਉਦੇਸ਼ ਤੋਂ ਪ੍ਰਭਾਵਤ ਹੋਏ ਜਿਸ ਤੋਂ ਸਾਡੇ ਵੱਡੇ ਵਡੇਰੇ। ਮੈਨੂੰ ਪਤਾ ਹੈ ਕਿ ਕੁੱਝ ਸਦੀਆਂ ਪਹਿਲਾਂ ਮੇਰੇ ਆਪਣੇ ਲੋਕ ਆਇਰਲੈਂਡ ਤੋਂ ਕੈਨੇਡਾ ਇਸ ਲਈ ਆਏ ਕਿਉਂਕਿ ਉਹ ਗਰੀਬ ਸਨ। ਉਨ੍ਹਾਂ ਨੂੰ ਤਬਦੀਲੀ ਦੀ ਲੋੜ ਸੀ ਜੋ ਕਿ ਇਸ ਨਵੀਂ ਅਤੇ ਆਜ਼ਾਦ ਧਰਤੀ ਉਪਰ ਸੀ ਅਤੇ ਜਿੱਥੋਂ ਦੇ ਅਦਾਰੇ(Institutions) ਉਨ੍ਹਾਂ ਦੇ ਅਤੇ ਉਨ੍ਹਾਂ ਦੇ ਪਰਿਵਾਰ ਦੇ ਪ੍ਰਫੁੱਲਤ ਹੋਣ ਦੇ ਹੱਕ ਵਿੱਚ ਸਨ। ਸ਼ਾਇਦ ਇਨ੍ਹਾਂ ਉਦੇਸ਼ਾਂ ਲਈ ਹੀ ਇਹ ਹਿੰਦੂ ਸਾਡੇ ਦੇਸ਼ ਵਿੱਚ ਆਉਣਾ ਚਾਹੁੰਦੇ ਹਨ ਕਿਉਂਕਿ ਇਸ ਧਰਤੀ 'ਤੇ ਕੋਈ ਵੀ ਮੁਲਕ ਇੰਨਾ ਸ਼ਾਨਦਾਰ ਨਹੀਂ ਜਿੰਨਾ ਕੈਨੇਡਾ। ਕੀ ਅਸੀਂ ਇਨ੍ਹਾਂ ਨੂੰ ਕੈਨੇਡਾ ਆਉਣ ਦੀ ਕੋਸ਼ਿਸ਼ ਕਰਨ ਲਈ ਦੋਸ਼ ਦੇਵਾਂਗੇ? ਬਿਲਕੁਲ ਨਹੀਂ।..ਇਨ੍ਹਾਂ ਹਿੰਦੂਆਂ ਨੂੰ ਇਥੇ ਆਉਣ ਲਈ ਦੋਸ਼ੀ ਕਿਉਂ ਠਹਿਰਾਈਏ? ਉਹ ਇਥੇ ਇਸ ਲਈ ਆਉਂਦੇ ਹਨ ਕਿ ਉਨ੍ਹਾਂ ਦੇ ਆਪਣੇ ਦੇਸ਼ ਵਿੱਚ ਕਾਲ ਪੈਣ ਕਰਕੇ ਅਤੇ ਜਿਆਦਾ ਅਬਾਦੀ ਕਾਰਨ ਗਰੀਬੀ ਹੈ। ਇੰਗਲੈਂਡ ਅਤੇ ਆਇਰਲੈਂਡ ਵਾਂਗ ਹੀ ਹਿੰਦੁਸਤਾਨ ਵਿਚ ਵੀ ਅਬਾਦੀ ਤੇਜ਼ੀ ਨਾਲ ਵਧ ਰਹੀ ਹੈ। ਇਸ ਲਈ ਇਨ੍ਹਾਂ ਨੂੰ ਨਵੇਂ ਦੇਸ਼ਾਂ ਵੱਲ ਜਾਣਾ ਹੀ ਪੈਣਾ ਹੈ।

ਜੈਂਟਲਮਿਨ , ਹੁਣ ਉਹ ਇਥੇ ਆ ਰਹੇ ਹਨ ਅਤੇ ਬੜੀ ਨਿਮਰਤਾ ਨਾਲ ਕੈਨੇਡਾ ਦਾ ਦਰਵਾਜਾ ਖੜਕਾ ਰਹੇ ਹਨ ਅਤੇ ਕਾਨੂੰਨੀ ਤੌਰ ਤੇ ਅੰਦਰ ਆਉਣ ਦੇ ਹੱਕਾਂ ਦੀ ਮੰਗ ਕਰ ਰਹੇ ਹਨ। ਉਹ ਇਹ ਨਹੀਂ ਕਹਿੰਦੇ ਕਿ ਸਾਡੇ ਦੇਸ਼ ਕੋਲ ਇਸ ਤਰ੍ਹਾਂ ਦੇ ਕਾਨੂੰਨ ਬਣਾ ਸਕਣ ਦਾ ਅਧਿਕਾਰ ਨਹੀਂ ਜਿਨ੍ਹਾਂ ਵਿੱਚ ਉਨ੍ਹਾਂ ਦੇ ਆਉਣ 'ਤੇ ਮਨਾਹੀ ਹੋਵੇ। ਉਹ ਤਾਂ ਸਿਰਫ ਇਹ ਕਹਿੰਦੇ ਹਨ ਕਿ ਹੁਣ ਦੇ ਕੈਨੇਡਾ ਦੇ ਕਾਨੂੰਨ ਉਨ੍ਹਾਂ ਦੇ ਆਉਣ ਦੀ ਮਨਾਹੀ ਨਹੀਂ ਕਰਦੇ। ਅਤੇ ਜੇ ਉਹਨਾਂ ਨੂੰ ਇਸ ਦੇਸ਼ ਦੀਆਂ ਅਦਾਲਤਾਂ ਵਿਚ ਜਾਣ ਦਿੱਤਾ ਜਾਵੇ ਤਾਂ, ਜਿਵੇਂ ਚੀਫ ਜਸਟਿਸ ਹੰਟਰ ਸਾਹਮਣੇ ਇਕ ਕੇਸ ਵਿੱਚ ਹੋਇਆ ਸੀ, ਕੋਈ ਵੀ ਕਾਨੂੰਨ ਅਜਿਹਾ ਨਹੀਂ ਮਿਲੇਗਾ ਜਿਹੜਾ ਉਨ੍ਹਾਂ ਦੇ ਆਉਣ ਦੀ ਮਨਾਹੀ ਕਰਦਾ ਹੋਵੇ। ਇਹ ਹੈ ਗੱਲ ਜਿਹੜੀ ਉਹ ਕਹਿ ਰਹੇ ਹਨ। ਇਹ ਨਹੀਂ ਕਿ ਉਹ ਕੈਨੇਡਾ ਦੇ ਕਾਨੂੰਨਾਂ ਦੀ ਉਲੰਘਣਾ ਕਰਕੇ ਅੰਦਰ ਆਉਣਾ ਚਾਹੁੰਦੇ ਹਨ ਸਗੋਂ ਉਹ ਕਾਨੂੰਨ ਅਨੁਸਾਰ ਆਉਣਾ ਚਾਹੁੰਦੇ ਹਨ। ਉਹ ਇਹ ਕਹਿ ਰਹੇ ਹਨ ਕਿ ਜਿਵੇਂ ਪੁਰਾਣੇ ਆਰਡਰਜ਼ ਇਨ ਕੌਂਸਲ ਚੀਫ ਜਸਟਿਸ ਹੰਟਰ ਵਲੋਂ ਗਲਤ ਅਤੇ ਤਰੁੱਟੀਆਂ ਭਰਪੂਰ ਕਰਾਰ ਦਿੱਤੇ ਗਏ ਸਨ ਇਸੇ ਤਰ੍ਹਾਂ ਨਵੇਂ ਆਰਡਰਜ਼-ਇਨ-ਕੌਂਸਲ, ਜਿਹੜੇ ਕਿ ਹੁਣੇ ਹੁਣੇ ਪੁਰਾਣਿਆਂ ਦੀ ਥਾਂ ਲੈਣ ਲਈ ਬਣਾਏ ਗਏ ਹਨ, ਵੀ ਨੁਕਸਾਂ ਅਤੇ ਤਰੁੱਟੀਆਂ ਵਾਲੇ ਹਨ, ਅਤੇ ਉਨ੍ਹਾਂ ਦੇ ਕਾਨੂੰਨੀ ਤੌਰ 'ਤੇ ਦਾਖਲੇ ਨੂੰ ਰੋਕ ਨਹੀਂ ਸਕਦੇ। ਇਹ ਹੈ ਉਹ ਗੱਲ ਜਿਸ ਲਈ ਉਹ ਇੱਥੇ ਹਨ-ਕਾਨੂੰਨਨ ਅਤੇ ਸਹੀ ਢੰਗ ਨਾਲ ਅੰਦਰ ਆਉਣ ਲਈ।...

ਇਮੀਗਰੇਸ਼ਨ ਐਕਟ ਦੇ ਅਧੀਨ ਇਸ ਤਰ੍ਹਾਂ ਦੇ ਕਾਨੂੰਨ ਬਣਾਏ ਗਏ ਹਨ ਕਿ ਸੁਪਰੀਮ ਕੋਰਟ ਜਾਂ ਕੋਈ ਹੋਰ ਅਦਾਲਤ ਇਮੀਗਰੇਸ਼ਨ ਅਫਸਰਾਂ ਦੇ ਕੰਮ 'ਚ ਦਖਲ ਨਾ ਦੇ ਸਕੇ। ਇਮੀਗਰੇਸ਼ਨ ਅਫਸਰ ਆਪਣੇ ਆਪ ਨੂੰ ਛੋਟੇ ਜ਼ਾਰ ਸਮਝਦੇ ਹਨ ਅਤੇ ਉਨ੍ਹਾਂ ਦੀ ਤਰ੍ਹਾਂ ਪੇਸ਼ ਆਉਂਦੇ ਹਨ। ਕੈਨੇਡਾ ਦੇ ਇਤਿਹਾਸ ਵਿੱਚ ਇਮੀਗਰੇਸ਼ਨ ਅਫਸਰਾਂ ਨੇ ਕਦੀ ਵੀ ਇਸ ਤਰ੍ਹਾਂ ਦੀ ਤਾਨਾਸ਼ਾਹੀ ਨਹੀਂ ਸੀ ਵਰਤੀ। ਵਿਕਟੋਰੀਆ ਵਿਖੇ ਚੀਫ ਜਸਟਿਸ ਹੰਟਰ ਦੀ ਅਦਾਲਤ ਵਿੱਚ ਨਰਾਇਣ ਸਿੰਘ ਦੇ ਮੁਕੱਦਮੇ ਵੇਲੇ ਜਦੋਂ ਮਿਸਟਰ ਟੇਲਰ ਨੇ ਇਹ ਆਖਿਆ ਕਿ ਉਸ ਲਈ ਚੀਫ ਜਸਟਿਸ ਦਾ ਹੁਕਮ ਮੰਨਣਾ ਜਰੂਰੀ ਨਹੀਂ ਤਾਂ ਚੀਫ ਜਸਟਿਸ ਨੇ ਪੁਛਿਆ, "ਕੀ ਅਸੀਂ ਰੂਸ ਵਿਚ ਰਹਿ ਰਹੇ ਹਾਂ? " ਮੇਰਾ ਮਨ ਬਿਲਕੁਲ ਇਸ ਤਰ੍ਹਾਂ ਕਰਨ ਨੂੰ ਕਰਦਾ ਹੈ ਕਿ ਇਮੀਗਰੇਸ਼ਨ ਮਹਿਕਮੇ ਵਾਲਿਆਂ ਨੂੰ ਪੁੱਛਾਂ ਕਿ ਕੀ ਅਸੀਂ ਰੂਸ ਵਿੱਚ ਰਹਿ ਰਹੇ ਹਾਂ? ਇਮੀਗਰੇਸ਼ਨ ਦਾ ਮਹਿਕਮਾ ਸਾਡੇ ਸਾਰੇ ਅਦਾਰਿਆਂ ਤੋਂ ਵੱਧ ਤਾਨਾਸ਼ਾਹ ਹੈ ਅਤੇ ਗੈਰ ਜਮ੍ਹੂਰੀ ਹੈ। ਉਹ 'ਸੋਸ਼ਲਿਸਟਾਂ' ਅਤੇ 'ਅਨਾਰਕਿਸਟਾਂ' ਦੀ ਗੱਲ ਕਰਦੇ ਹਨ। ਪਰ ਕੋਈ 'ਅਨਾਰਕਿਸਟ' ਇਮੀਗਰੇਸ਼ਨ ਅਫਸਰਾਂ ਵਰਗਾ ਮਾੜਾ ਨਹੀਂ ਜੋ ਕਿ ਸੱਭ ਕਾਨੂੰਨਾਂ ਅਤੇ ਕਾਇਦਿਆਂ ਨੂੰ ਤੋੜਦੇ ਹਨ ਅਤੇ ਜਿਨ੍ਹਾਂ ਨੇ ਮੈਨੂੰ ਇਹ ਆਖਿਆ ਹੈ ਕਿ ਉਹ ਸੁਪਰੀਮ ਕੋਰਟ ਦੇ ਹੁਕਮਾਂ ਦੀ ਪਾਲਣਾ ਨਹੀਂ ਕਰਨਗੇ ਜੇ ਉਹ ਉਨ੍ਹਾਂ ਦੇ ਹੱਕ ਵਿਚ ਨਾ ਹੋਏ।..

ਜੈਂਟਲਮਿਨ ,ਮੈਂ ਜਹਾਜ਼ ਤੇ ਜਾਣ ਦੀ ਕੋਸ਼ਿਸ਼ ਕਰ ਚੁੱਕਾ ਹਾਂ ਪਰ ਮੈਨੂੰ ਇਮੀਗਰੇਸ਼ਨ ਅਫਸਰ ਮਿਸਟਰ ਨੈਲਸਨ ਨੇ ਆਖ ਦਿੱਤਾ ਹੈ ਕਿ ਜੇ ਮੈਂ ਜਹਾਜ਼ 'ਤੇ ਜਾਣ ਵਾਲੇ ਪਲੇਟਫਾਰਮ(Gang plank) ਤੇ ਪੈਰ ਰੱਖਿਆ ਤਾਂ ਉਹ ਮੈਨੂੰ ਸਮੁੰਦਰ ਵਿਚ ਸੁੱਟ ਦੇਵੇਗਾ (ਜਦੋਂ ਕਿ) ਮੈਨੂੰ ਜਹਾਜ਼ ਦੇ ਪਟੇਦਾਰ(chartrer) ਗੁਰਦਿੱਤ ਸਿੰਘ ਵਲੋਂ ਜਹਾਜ਼ 'ਤੇ ਜਾਣ ਦਾ ਅਧਿਕਾਰ ਦਿੱਤਾ ਗਿਆ ਸੀ। ਜੈਂਟਲਮਿਨ, ਇਮੀਗਰੇਸ਼ਨ ਐਕਟ ਵਿਚ ਕਿਸੇ ਵੀ ਥਾਂ, ਇਕ ਵੀ ਐਸੀ ਗੱਲ ਨਹੀਂ ਲਿਖੀ ਹੋਈ ਜੋ ਇਮੀਗਰੇਸ਼ਨ ਅਧਿਕਾਰੀਆਂ ਨੂੰ ਜਹਾਜ਼ ਉੱਤੇ ਗੈਰ-ਕਾਨੂੰਨੀ ਅਤੇ ਗਲਤ ਢੰਗ ਨਾਲ ਕਬਜ਼ਾ ਕਰਨ ਦਾ ਹੱਕ ਦਿੰਦੀ

ਹੋਵੇ। ਉਹ ਆਪਣੀਆਂ ਡਿਊਟੀਆਂ ਨਿਭਾਉਣ ਲਈ ਜਹਾਜ਼ 'ਤੇ ਜਾ ਸਕਦੇ ਹਨ ਪਰ ਉਨ੍ਹਾਂ ਨੂੰ ਇਸ ਗੱਲ ਦਾ ਕੋਈ ਹੱਕ ਨਹੀਂ ਕਿ ਉਹ ਜਹਾਜ਼ 'ਤੇ ਜਾਣ ਵਾਲੇ ਪਲੇਟਫਾਰਮ 'ਤੇ ਹਥਿਆਰਬੰਦ ਬੰਦੇ ਲਿਜਾਣ ਅਤੇ ਜਹਾਜ਼ 'ਤੇ ਹਥਿਆਰਬੰਦ ਗਾਰਡਾਂ ਦਾ ਪਹਿਰਾ ਰੱਖਣ। ਹਿੰਦੂਆਂ ਨੇ ਕਿੰਗ ਜੌਰਜ ਨੂੰ ਅਪੀਲ ਕੀਤੀ ਹੈ ਕਿ ਉਨ੍ਹਾਂ ਨੂੰ ਵਕੀਲ ਨੂੰ ਮਿਲ ਸਕਣ ਦਾ ਹੱਕ ਮਿਲਣਾ ਚਾਹੀਦਾ ਹੈ। ਕੱਲ ਔਟਵਾ ਤੋਂ ਗਵਰਨਰ-ਜਨਰਲ ਦੇ ਸੈਕਟਰੀ ਵਲੋਂ ਮੈਨੂੰ ਇਕ ਤਾਰ ਮਿਲੀ ਹੈ ਜਿਸ ਵਿਚ ਲਿਖਿਆ ਹੈ ਕਿ ਇਮੀਗਰੇਸ਼ਨ ਅਧਿਕਾਰੀਆਂ ਨੇ ਬਾਦਸ਼ਾਹ ਸਲਾਮਤ ਨੂੰ ਸੂਚਿਤ ਕੀਤਾ ਹੈ ਕਿ ਮੈਨੂੰ ਜਹਾਜ਼ ਉਪਰਲੇ ਹਿੰਦੂਆਂ ਨੂੰ ਇੰਟਰਵੀਊ ਕਰ ਸਕਣ ਦਾ ਪੂਰਾ ਪੂਰਾ ਮੌਕਾ ਦਿੱਤਾ ਗਿਆ ਹੈ। ਪਰ ਇਹ ਝੂਠ ਹੈ। ਮੈਂ ਗੁਰਦਿੱਤ ਸਿੰਘ ਨੂੰ ਸਿਰਫ ਇਕ ਵਾਰ ਮਿਲਿਆ ਹਾਂ ਅਤੇ ਉਹ ਪੁਲੀਸ ਦੀ ਕਿਸ਼ਤੀ ਵਿਚ ਅਤੇ ਹਥਿਆਰ ਬੰਦ ਵਿਅਕਤੀਆਂ ਦੇ ਘੇਰੇ ਵਿਚ ਸਿਰਫ ਇਕ ਘੰਟੇ ਲਈ। ਬੱਸ ਇਹ ਇਕ ਮੌਕਾ ਹੈ ਜਦੋਂ ਮੈਂ ਗੁਰਦਿੱਤ ਸਿੰਘ ਨੂੰ ਮਿਲਿਆਂ ਹਾਂ ਅਤੇ ਉਹ ਵੀ ਮੇਰੇ ਇਥੋਂ ਤੱਕ ਜ਼ਿਦ ਕਰਨ 'ਤੇ ਕਿ ਉਨ੍ਹਾਂ ਕੋਲ ਮੈਨੂੰ ਬਿਨ੍ਹਾਂ ਸਮੁੰਦਰ ਵਿੱਚ ਸੁੱਟਿਆਂ ਨਾਂਹ ਕਰਨ ਦਾ ਹੋਰ ਕੋਈ ਤਰੀਕਾ ਨਹੀਂ ਸੀ ਰਹਿ ਗਿਆ।..

ਜੈਂਟਲਮਿਨ, ਮੈਂ ਹੁਣ ਇਸ ਮਾਮਲੇ ਬਾਰੇ ਹੋਰ ਵਿਸਥਾਰ ਵਿਚ ਨਹੀਂ ਜਾਣਾ ਚਾਹੁੰਦਾ। ਇਥੇ ਹੋਰ ਬੰਦੇ ਹਨ ਜੋ ਇਸ ਬਾਰੇ ਮੇਰੇ ਨਾਲੋਂ ਵਧੀਆ ਬੋਲ ਸਕਦੇ ਹਨ। ਪਰ ਮੇਰੇ ਮਨ ਵਿੱਚ ਕੋਈ ਸ਼ੱਕ ਨਹੀਂ ਕਿ ਇਹ ਹਾਲਤ ਆਰਥਿਕ ਕਾਰਨਾਂ ਕਰਕੇ ਪੈਦਾ ਹੋਈ ਹੈ। ਇਨ੍ਹਾਂ ਲੋਕਾਂ ਨੂੰ ਆਪਣੇ ਮੁਲਕ ਵਿੱਚੋਂ ਆਰਥਿਕ ਕਾਰਨਾਂ ਕਰਕੇ ਨਿਕਲਣਾ ਪਿਆ ਹੈ। ਪਰ ਸਾਡੇ ਲੋਕ ਜਿਨ੍ਹਾਂ ਕੋਲ ਸੱਭ ਕੁੱਝ ਹੈ ਆਰਥਿਕ ਕਾਰਨਾਂ ਕਰਕੇ ਹੀ ਉਨ੍ਹਾਂ ਨੂੰ ਅੰਦਰ ਨਹੀਂ ਵੜਨ ਦੇਣਾ ਚਾਹੁੰਦੇ। ਉਹ ਇਹ ਸੋਚਦੇ ਹਨ ਕਿ ਜਿਸ ਖੇਤਰ ਅਤੇ ਮੰਡੀ ਵਿੱਚ ਉਹ ਆਪਣੀ ਮਿਹਨਤ ਵੇਚਦੇ ਹਨ ਉਥੇ ਇਹ ਹਿੰਦੂ ਉਨ੍ਹਾਂ ਦੇ ਮੁਕਾਬਲੇ 'ਤੇ ਆ ਜਾਣਗੇ। ਹਰ ਕੋਈ ਆਪਣੇ ਹਿੱਤਾਂ ਮੁਤਾਬਕ ਵੋਟ ਪਾਉਂਦਾ ਹੈ। ਅਤੇ ਇਹ ਸਿਆਸਤਦਾਨ ਜਿਨ੍ਹਾਂ ਨੂੰ ਲੋਕਾਂ ਨੇ ਵੋਟਾਂ ਪਾਕੇ ਔਟਵਾ ਭੇਜਿਆ ਹੈ ਵੋਟਾਂ ਦੇ ਲਾਲਚ ਵਿਚ, ਸਾਰੇ ਅਸੂਲਾਂ ਨੂੰ ਛਿੱਕੇ ਟੰਗ ਕੇ, ਇਸ ਜਹਾਜ਼ ਦੇ ਮਸਲੇ ਨੂੰ ਉਸ ਢੰਗ ਨਾਲ ਹੱਲ ਕਰਨ ਦੀ ਕੋਸ਼ਿਸ਼ ਨਹੀਂ ਕਰ ਰਹੇ ਜਿਵੇਂ ਸਿਆਣੇ ਨੀਤੀਵਾਨਾਂ ਤੋਂ ਆਸ ਕੀਤੀ ਜਾਂਦੀ ਹੈ। ਜੈਂਟਲਮਿਨ, ਮੈਂ ਮਹਿਸੂਸ ਕਰਦਾ ਹਾਂ ਕਿ ਇਹ ਬਹੁਤ ਹੀ ਮਾੜੀ ਅਤੇ ਮਨਹੂਸ ਗੱਲ ਵਾਪਰ ਰਹੀ ਹੈ। ਇਹ ਮੁਸੀਬਤ ਦੀ ਸ਼ੁਰੂਆਤ ਹੀ ਹੈ। ਅਸੀਂ ਆਪਣੇ ਨਾਲ ਦੀ ਬਰਿਟਸ਼ ਪਰਜਾ ਨੂੰ ਕੈਨੇਡਾ ਵਿਚ ਦਾਖਲ ਹੋਣ ਅਤੇ ਕੈਨੇਡਾ ਵਿੱਚ ਰਹਿ ਸਕਣ ਦਾ ਹੱਕ ਨਹੀਂ ਦੇ ਰਹੇ। ਹੁਣ ਜ਼ਰਾ ਇਸ ਹਾਲਾਤ ਨੂੰ ਦੂਜੇ ਪਾਸਿਉਂ ਵੇਖੀਏ। ਫਰਜ਼ ਕਰੋ ਕਿ ਕੈਨੇਡਾ ਦੇ ਜੰਮਪਲ ਬਹੁਤ ਸਾਰੇ ਲੋਕ ਹਿੰਦੁਸਤਾਨ ਜਾ ਕੇ ਰਹਿਣ ਲਈ ਉਨ੍ਹਾਂ ਦੇ ਦਰਵਾਜ਼ੇ ਖੜਕਾ ਰਹੇ ਹੋਣ ਅਤੇ ਉਨ੍ਹਾਂ ਨਾਲ ਇਹੋ ਜਿਹਾ ਸਲੂਕ ਹੋਵੇ ਜੋ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਨਾਲ ਹੋ ਰਿਹਾ ਹੈ ਤਾਂ ਕੀ ਹੋਵੇਗਾ? ਸਾਡੇ ਵਲੋਂ ਤੂਫਾਨ ਉਠਾਇਆ ਜਾਵੇਗਾ, ਚੀਕ ਚਿਹਾੜਾ ਪਾਇਆ ਜਾਵੇਗਾ ਜਿਸ ਨੂੰ ਸਾਰੀ ਦੁਨੀਆਂ ਸੁਣੇਗੀ। ਇਨ੍ਹਾਂ ਹਿੰਦੂਆਂ ਦੇ ਨਰਮ ਰਵਈਏ ਤੋਂ ਉਲਟ ਖਤਰਨਾਕ ਧਮਕੀਆਂ ਦਿੱਤੀਆਂ ਜਾਣਗੀਆਂ। ਬਰਿਟਸ਼ ਰਾਜ ਨੂੰ ਲਾਹਨਤਾਂ ਪਾਈਆਂ ਜਾਣਗੀਆਂ। ਅਤੇ ਜੇ ਸਾਨੂੰ ਉਸ ਮੁਲਕ ਵਿੱਚ ਨਾ ਵੜਨ ਦਿੱਤਾ ਜਾਵੇ ਜਿਥੇ ਅਸੀਂ ਆਪਣਾ ਹੱਕ ਸਮਝਦੇ ਹੋਈਏ ਤਾਂ ਅਸੀਂ ਬਗਾਵਤ ਕਰਨ ਤੀਕ ਜਾਵਾਂਗੇ। ਜੈਂਟਲਮਿਨ, ਇਹ ਹਿੰਦੂ ਅਜਿਹਾ ਨਹੀਂ ਕਰ ਰਹੇ।..

ਜੈਂਟਲਮਿਨ, ਉਨ੍ਹਾਂ ਮਨਘੜਤ ਕਹਾਣੀਆਂ 'ਤੇ ਯਕੀਨ ਨਾ ਕਰੋ ਜੋ ਤੁਸੀਂ ਇਨ੍ਹਾਂ ਹਿੰਦੂਆਂ ਬਾਰੇ ਸੁਣਦੇ ਹੋ। ਮੈਨੂੰ ਯਕੀਨ ਹੈ ਕਿ ਜਿਸਮਾਨੀ ਅਤੇ ਦਿਮਾਗੀ ਤੌਰ ਤੇ ਸਿੱਖਾਂ ਨਾਲੋਂ ਵਧੀਆ ਕੋਈ ਨਸਲ ਨਹੀਂ। ਇਨ੍ਹਾਂ ਖ਼ੂਬਸੂਰਤ ਬੰਦਿਆਂ ਵੱਲ ਦੇਖੋ। ਅਸੀਂ ਹਰ ਰੋਜ਼ ਇਨ੍ਹਾਂ ਨੂੰ ਗਲੀਆਂ 'ਚ ਵੇਖਦੇ ਹਾਂ। ਅਸੀਂ ਮਾਣ ਨਾਲ ਕਹਿ ਸਕਦੇ ਹਾਂ ਕਿ ਇਹ ਬਰਤਾਨਵੀ ਫੌਜ ਦੇ ਪੁਰਾਣੇ ਸਿਪਾਹੀ ਹਨ। ਸਾਲ ਦੋ ਸਾਲ ਪਹਿਲਾਂ ਦੀ ਹੀ ਗੱਲ ਹੈ ਜਦੋਂ ਇਕ ਹਿੰਦੂ ਨੇ ਸਾਇੰਸ ਵਿੱਚ ਨੋਬਲ ਇਨਾਮ ਜਿੱਤਿਆ ਸੀ। ਜਿਸਮਾਨੀ ਤੌਰ ਤੇ ਉਹ ਸਾਡੇ ਨਾਲੋਂ ਵਧੀਆ ਹਨ ਅਤੇ ਦਿਮਾਗੀ ਤੌਰ ਤੇ ਸਾਡੇ ਬਰਾਬਰ। ਉਨ੍ਹਾਂ ਦੇ ਹਾਲਾਤ ਸਾਡੇ ਵਰਗੇ ਨਹੀਂ ਸਨ ਪਰ ਜੈਂਟਲਮਿਨ, ਤੁਸੀਂ ਦੇਖਣਾ ਕਿ ਇਕ ਸਦੀ ਜਾਂ ਸਦੀ ਦੇ ਚੌਥੇ ਹਿੱਸੇ ਵਿੱਚ ਹੀ ਇਹ ਆਦਮੀ ਵਪਾਰ ਆਦਿ ਧੰਦਿਆਂ ਵਿੱਚ ਸਾਡੀ ਕਤਾਰ ਵਿੱਚ ਖੜ੍ਹੇ ਹੋਣਗੇ ਅਤੇ ਦੂਜਿਆਂ ਕੰਮਾਂ ਵਿੱਚ ਵੀ ਸਾਡੇ ਬਰਾਬਰ ਹੋਣਗੇ। ਜੈਂਟਲਮਿਨ, ਕੀ ਇਹ ਸੱਚ ਨਹੀਂ ਕਿ ਅਸੀਂ ਇਨ੍ਹਾਂ ਲੋਕਾਂ ਤੋਂ ਇਸ ਲਈ ਡਰਦੇ ਹਾਂ ਕਿਉਂਕਿ ਇਹ ਸਾਡੇ ਮੁਕਾਬਲੇ 'ਤੇ ਹਨ ਅਤੇ ਉਹ ਇਥੇ ਸਾਡਾ ਮੁਕਾਬਲਾ ਕਰਨ ਦੇ ਉਦੇਸ਼ਾਂ ਨਾਲ ਆ ਰਹੇ ਹਨ। ਕੀ ਇਹ ਸਚਾਈ ਨਹੀਂ ਕਿ ਅਸੀਂ ਇਸ ਹੀ ਡਰੋਂ ਕੈਨੇਡਾ ਨੂੰ ਚਿੱਟੇ ਲੋਕਾਂ (White man's country)ਾ ਦਾ ਦੇਸ਼ ਹੀ ਰੱਖਣਾ ਚਾਹੁੰਦੇ ਹਾਂ।..

ਜੈਂਟਲਮਿਨ, (ਇਮੀਗਰੇਸ਼ਨ ਮਹਿਕਮੇ ਵਲੋਂ) ਇਹ ਸਾਰੀ ਦੇਰੀ ਕਿਉਂ? ਉਹ ਸਾਡੇ ਨਾਲ ਬਹਿ ਇਹ ਜਾਨਣ ਦੀ ਕੋਸ਼ਿਸ਼ ਕਿਉਂ ਨਹੀਂ ਕਰਦੇ ਕਿ ਆਰਡਰਜ਼ -ਇਨ-ਕੌਂਸਲ ਠੀਕ ਹਨ ਜਾਂ ਗਲਤ। ਇਥੇ ਸਾਡੇ ਵਿਚ ਕੁੱਝ ਇਮੀਗਰੇਸ਼ਨ ਅਧਿਕਾਰੀ ਬੈਠੇ ਹਨ ਉਹ ਵਾਪਸ ਜਾਣ ਅਤੇ ਦੱਸਣ ਕਿ ਸਾਨੂੰ ਉਨ੍ਹਾਂ ਦੀਆਂ ਚਾਲਾਂ ਦਾ ਪਤਾ ਹੈ। (ਉਨਾਂ ਨੂੰ) ਇਨ੍ਹਾਂ ਆਰਡਰਜ਼-ਇਨ-ਕੌਂਸਲ ਦੇ ਸਹੀ ਹੋਣ ਬਾਰੇ ਭਾਰੀ ਸ਼ੱਕ ਹੈ। ਇਨ੍ਹਾਂ ਕਮਜ਼ੋਰ ਕਾਨੂੰਨਾਂ ਨੂੰ ਬਨਾਉਣ ਲਈ ਔਟਵਾ ਵਿਚ ਕਨਜ਼ਰਵੇਟਿਵ ਸਰਕਾਰ ਸ਼ਾਇਦ ਲਿਬਰਲ ਸਰਕਾਰ ਨੂੰ ਦੋਸ਼ ਦੇ ਰਹੀ ਹੈ। ਇਸਦਾ ਅਦਾਲਤ ਵਿੱਚ ਫੈਸਲਾ ਕਿਉਂ ਨਹੀਂ ਕਰਵਾ ਲਿਆ ਜਾਂਦਾ? ਕਿਸੇ ਕਾਰਨਾਂ ਕਰਕੇ ਉਹ ਦੇਰ ਕਰੀ ਜਾ ਰਹੇ ਹਨ। ਫੇਰ ਹਿੰਦੂਆਂ ਨੂੰ ਦੋਸ਼ ਨਾ ਦੇਣਾ ਜੇ ਇਹ ਤਮਾਸ਼ਾ ਕਈ ਮਹੀਨੇ ਹੋਰ ਚਲਦਾ ਰਿਹਾ। ਜੇ ਜ਼ਰੂਰਤ ਪਈ ਤਾਂ ਉਹ ਇਕ ਸਦੀ ਵੀ ਇੰਤਜ਼ਾਰ ਕਰਨਗੇ- ਸ਼ਾਇਦ ਉਹ ਜਹਾਜ਼ ਉੱਤੇ ਫੈਸਲਾ ਹੋਣ ਤੋਂ ਪਹਿਲਾਂ ਹੀ ਮਰ ਜਾਣ।

ਅਨੁਵਾਦ - ਸੋਹਨ ਸਿੰਘ ਪੂੰਨੀ



# ਐਚ. ਐਮ. ਫਿਟਜ਼ਰਾਲਡ

(21 ਜੂਨ 1914 ਨੂੰ ਡੁਮੀਨਿਅਨ ਹਾਲ ਵਿੱਚ ਕਾਮਾਗਾਟਾ ਮਾਰੂ ਦੇ ਹੱਕ ਵਿੱਚ ਹੋਈ ਇਕ ਮੀਟਿੰਗ ਵਿੱਚ ਬੀ.ਸੀ. ਦੇ ਸੋਸ਼ਲਿਸਟ ਨੇਤਾ ਫਿਟਜ਼ਰਾਲਡ ਦੇ ਭਾਸ਼ਣ ਦੇ ਕੁੱਝ ਹਿੱਸੇ)

ਅਸੀਂ ਹੁਣੇ ਸੁਣਿਆ ਹੈ ਕਿ ਕੌਂਸਲ ਦੇ ਇਕ ਫੁਰਮਾਨ ਨਾਲ ਇਹ ਫੈਸਲਾ ਕਰ ਲਿਆ ਗਿਆ ਕਿ ਏਸ਼ੀਅਨ ਮੁਲਕਾਂ ਚੋਂ ਕੋਈ ਵੀ ਜਿਹਦੇ ਕੋਲ ਇਨੇ ਪੈਸੇ ਨਾ ਹੋਣ ਅਤੇ ਜੋ ਖਾਸ ਕਿਸਮ ਦੇ ਇਮਤਿਹਾਨਾਂ ਚੋਂ ਪਾਸ ਨਾ ਹੋ ਸਕੇ ਉਹ ਇਥੇ ਨਹੀਂ ਆ ਸਕਦਾ। ਜਾਣਦੇ ਹੋ ਇਸਦਾ ਕੀ ਮਤਲਬ ਹੈ? ਇਸਦਾ ਮਤਲਬ ਹੈ ਕਿ ਤੁਸੀਂ ਸਾਰੇ ਕੈਨੇਡੀਅਨ ਜਾ ਕੇ ਆਪਣੇ ਆਪ ਨੂੰ ਕਿਤੇ ਦਫਨਾ ਦਿਓ ਅਤੇ ਭਾਰਤ ਤੋਂ ਬਾਹਰ ਰਹਿਣ ਵਾਲੇ ਸਾਰੇ ਬਰਤਾਨਵੀ ਵਪਾਰੀ ਵੀ ਆਪਣੇ ਆਪ ਨੂੰ ਦਫਨਾ ਦੇਣ ਕਿਉਂਕਿ ਮੇਰੀ ਸਮਝ ਮੁਤਾਬਕ ਤੁਹਾਡੇ ਚੋਂ ਕੋਈ ਵੀ ਨਵੇਂ ਕਾਨੂੰਨ ਅਨੁਸਾਰ ਕੈਨੇਡਾ ਵਿਚ ਰਹਿਣ ਦੇ ਕਾਬਲ ਨਹੀਂ। ਮੇਰੇ ਖਿਆਲ ਵਿਚ ਇਥੇ ਕੋਈ ਵੀ ਇਹੋ ਜਿਹਾ ਬੰਦਾ ਨਹੀਂ ਜਿਹਦਾ ਪਿਛੋਕੜ ਏਸ਼ੀਆ ਦਾ ਨਾ ਹੋਵੇ। ਅਤੇ ਇਸ ਮੁਲਕ ਵਿਚ ਐਤਵਾਰ ਵਾਲੇ ਦਿਨ ਚਰਚਾਂ ਵਿਚ, ਜਿਥੇ ਇਮੀਗਰੇਸ਼ਨ ਮਹਿਕਮੇ ਦੇ ਸਿਆਣੇ ਮੋਢੀ ਵੀ ਗਏ ਹੁੰਦੇ ਹਨ, ਅਤੇ ਸਾਰੇ ਜਾ ਕੇ ਏਸ਼ੀਅਨ ਦੇਵਤੇ ਅੱਗੇ ਜਾ ਕੇ ਗਾਉਂਦੇ ਹਨ :"ਰਹਿਮ ਦਿਲ ਦੀਪ ਸਾਨੂੰ ਰਾਹ ਦਿਖਾ"। ਦੁਨੀਆਂ ਵਿਚ ਜੇ ਕਿਸੇ ਨੂੰ ਕਿਸੇ ਮਾੜੀ ਮੋਟੀ ਗੱਲ ਦਾ ਵੀ ਪਤਾ ਹੈ ਤਾਂ ਉਹਨੂੰ ਇਸ ਗੱਲ ਦਾ ਪਤਾ ਹੈ ਕਿ ਜੀਸਸ ਕਰਾਈਸਟ ਜਿਹਦੀ ਇਸ ਸ਼ਹਿਰ ਵਿਚ, ਇਸ ਮੁਲਕ ਵਿਚ ਇਨੀ ਮਾਨਤਾ ਹੁੰਦੀ ਹੈ, ਪੂਜਾ ਹੁੰਦੀ ਹੈ - ਉਹਨਾਂ ਦਾ ਇਹ ਸੱਭ ਤੋਂ ਵੱਡਾ ਪਾਰ ਉਤਾਰਨਹਾਰ ਮੁੱਢ ਤੋਂ ਲੈ ਕੇ ਅਖੀਰ ਤਈਂ ਏਸ਼ੀਅਨ ਸੀ। ਅਤੇ ਇਮੀਗਰੇਸ਼ਨ ਮਹਿਕਮੇ ਦੇ ਚੌਧਰੀ ਉਸ ਰੱਬ ਦੀ ਇਨੀ ਦਿਆਲਤਾ ਨਾਲ ਤੌਹੀਨ ਕਰਨ ਜਿਹਨੂੰ ਪੂਜਣਾ ਸਾਨੂੰ ਬਚਪਨ ਤੋਂ ਸਿਖਾਇਆ ਗਿਆ ਹੈ, ਇਹ ਗੱਲ ਮੇਰੀ ਸਮਝ ਤੋਂ ਬਾਹਰ ਦੀ ਹੈ। ਸਜਣੋ ਮੈਂ ਇਹ ਮਤਾ ਰੱਖਦਾ ਹਾਂ ਕਿ ਆਪਾਂ ਦੁਨੀਆਂ ਦੇ ਇਸ ਹਿੱਸੇ ਦੇ ਇਮੀਗਰੇਸ਼ਨ ਚੌਧਰੀਆਂ ਦੀ ਪੂਰੀ ਪੜਤਾਲ ਕਰੀਏ ਕਿਉਂਕਿ ਇਹ ਇਸਾਈ ਮੱਤ ਦੀ ਇਨੀ ਘੋਰ ਤੌਹੀਨ ਕਰ ਰਹੇ ਹਨ। ਮੇਰੇ ਖਿਆਲ ਵਿਚ ਸਾਰੇ ਮੁਲਕ ਦੇ ਲੋਕਾਂ ਨੂੰ ਇਸ ਗੱਲ 'ਤੇ ਇਕੱਠੇ ਹੋ ਕੇ ਵਿਚਾਰ ਕਰਨੀ ਚਾਹੀਦੀ ਹੈ।

ਭਾਰਤ ਇਥੋਂ ਬਹੁਤ ਦੂਰ ਹੈ। ਤੁਸੀਂ ਉਸ ਮੁਲਕ ਵਿਚੋਂ ਆਏ ਹੋ ਜਿਥੇ ਤੁਸੀਂ ਇੱਕੀ ਕਰੋੜ ਤੋਂ ਵੱਧ ਲੋਕ ਵੱਖਰੇ ਵੱਖਰੇ ਹਿਸਿੱਆਂ ਵਿਚ ਵੰਡੇ ਹੋਏ ਹੋ ਅਤੇ ਇਕ ਦੂਜੇ ਦੀ ਮੁਖਾਲਫਤ ਕਰਦੇ ਹੋ। ਇਸ ਆਪਸੀ ਵਿਰੋਧਤਾ ਦਾ ਹੀ ਨਤੀਜਾ ਹੈ ਕਿ ਅੰਧ ਮਹਾਂ ਸਾਗਰ ਦੇ ਉਤਰ ਪੂਰਬ ਦੇ ਇਕ ਟੁੱਟੇ ਹੋਏ ਮੁਲਕ ਦੇ ਲੋਕ ਤੁਹਾਡੇ ਦੇਸ ਜਾ ਕੇ ਤੁਹਾਡੇ ਤੇ ਕਬਜਾ ਕਰ ਲੈਣ ਅਤੇ ਤੁਹਾਨੂੰ ਆਰਥਿਕ ਤੌਰ 'ਤੇ ਇਸ ਪੱਧਰ ਤੇ ਥੱਲੇ ਲੈ ਜਾਣ ਕਿ ਤੁਸੀਂ ਕੰਮ ਦੀ ਭਾਲ ਵਿਚ ਭੱਜੇ ਆਵੋਂ ਇਕ ਇਹੋ ਜਿਹੇ ਦੇਸ ਨੂੰ, ਜਿਥੋਂ ਸਾਡੇ ਵਿਚੋਂ ਬਹੁਤੇ ਖੁਸ਼ੀ ਨਾਲ ਨਿਕਲਣਾ ਚਾਹੁੰਦੇ ਹੋਣ। ਤੁਸੀਂ ਇੱਕੀ ਕਰੋੜ ਲੋਕ ਜਿਨ੍ਹਾਂ ਬਾਰੇ ਗੀਤ ਗਾਏ ਜਾਂਦੇ ਹਨ ਅਤੇ ਚੋਟੀ ਦੇ ਲਿਖਾਰੀਆਂ ਵਲੋਂ ਬਰਤਾਨਵੀ ਰਾਜ ਲਈ ਦਿਖਾਈ ਤੁਹਾਡੀ ਬਹਾਦਰੀ ਦਾ ਸਿੱਕਾ ਮੰਨਿਆਂ ਗਿਆ ਹੈ। ਪਰ ਮੈਂ ਹੁਣ ਤੁਹਾਨੂੰ ਕਹਿ ਰਿਹਾ ਹਾਂ ਕਿ ਜੇ ਬਰਤਾਨਵੀ ਰਾਜ ਦੇ ਗੋਰੇ ਚੌਧਰੀ ਤੁਹਾਨੂੰ ਇਸ ਰਾਜ ਵਿਚ ਇਧਰ ਉਧਰ ਆਉਣੋ ਜਾਣੋ ਰੋਕਦੇ ਹਨ ਤਾਂ ਗੱਲ ਦਾ ਫੈਸਲਾ ਤੁਹਾਡੇ ਹੱਥ ਹੈ। ਦੋਸਤੋ ਮੇਰੀ ਗੱਲ ਸੁਣੋ, ਮੇਰੀ ਗੱਲ ਮੰਨੋ, ਕੁਝ ਗੱਲਾਂ ਹਨ ਜਿਹੜੀਆਂ ਤੁਹਾਨੂੰ ਸਿਖਣੀਆਂ ਪੈਣਗੀਆਂ ਅਤੇ ਉਹ ਇਹ ਗੱਲਾਂ ਹਨ।

ਕੁਝ ਵਰ੍ਹੇ ਪਹਿਲਾਂ ਸਾਡੇ ਵਪਾਰੀ ਲੋਕ ਤੁਹਾਡੇ ਇਥੇ ਆਉਣ 'ਤੇ ਬਹੁਤ ਖੁਸ਼ ਸਨ। ਉਹਨਾਂ ਦੇ ਆਰਥਿਕ ਹੱਕ ਉਸ ਵੇਲੇ ਇਸ ਗੱਲ ਵਿਚ ਸਨ ਕਿ ਤੁਹਾਨੂੰ ਆਉਣ ਦਿੱਤਾ ਜਾਵੇ ਅਤੇ ਤੁਹਾਨੂੰ ਆਉਣ ਦਿੱਤਾ ਗਿਆ। ਪਰ ਹੁਣ ਕਈ ਵਰ੍ਹੇ ਬੀਤ ਗਏ ਹਨ ਅਤੇ ਤੁਸੀਂ ਵੀ ਉਤਨੇ ਸਸਤੇ ਮਜ਼ਦੂਰ ਸਾਬਤ ਨਹੀਂ ਹੋਏ ਜਿਨੀ ਉਹਨਾਂ ਨੂੰ ਆਸ ਸੀ। ਅਸੀਂ - ਤਥਾ ਕਥਿਤ ਚਿੱਟੇ ਲੋਕ ਤੁਹਾਡੇ ਨਾਲੋਂ ਕਿਤੇ ਸਸਤੇ ਹਾਂ, ਹਾਂ ਕਿ ਨਹੀਂ? ਤਨਖਾਹ ਦੇ ਗੁਲਾਮ ਚਿੱਟੇ ਆਦਮੀ ਨਾਲੋਂ ਕੌਣ ਵੱਧ ਆਗਿਆਕਾਰ ਹੋ ਸਕਦਾ ਹੈ, ਕੌਣ ਸੱਭ ਤੋਂ ਵੱਧ ਛੇਤੀ ਫੋਰਮੈਨ ਦੀ ਆਗਿਆ ਦਾ ਪਾਲਣ ਕਰਨ ਲਈ ਤਿਆਰ ਹੈ? ਤਨਖਾਹ ਦੇ ਗੁਲਾਮ ਚਿੱਟੇ ਆਦਮੀ ਨਾਲੋਂ ਜਿਆਦਾ ਕੌਣ ਦੂਜਿਆਂ ਦੀ ਧੌਂਸ ਮੰਨ ਸਕਦਾ ਹੈ? ਇਹਦੇ ਨਾਲੋਂ ਕੌਣ ਜਿਆਦਾ ਕੰਮ ਕਰ ਸਕਦਾ ਹੈ? ਅਤੇ ਕਾਮਾਗਾਟਾ ਮਾਰੂ 'ਤੇ ਆਏ ਤੁਹਾਡੇ ਭਰਾਵ੍ਹਾਂ ਨੂੰ ਇਥੇ ਨਾ ਉਤਰਨ ਦੇਣ ਦਾ ਕਾਰਨ ਇਹੀ ਹੈ ਕਿ ਤੁਸੀਂ ਚਿੱਟੇ ਮਜ਼ਦੂਰਾਂ ਦੇ ਸ਼ੋਸ਼ਣ ਵਿਚ ਰੁਕਾਵਟ ਬਣ ਰਹੇ ਹੋ ਕਿਉਂਕਿ ਤਨਖਾਹ ਦੇ ਗੁਲਾਮਾਂ ਵਜੋਂ ਅਸੀਂ ਚਿੱਟੇ ਲੋਕ ਸੱਭ ਨਾਲੋਂ ਵਧੀਆਂ ਹਾਂ। ਮੇਰੀ ਸਲਾਹ ਮੰਨੋ, ਤੁਸੀਂ ਵਾਪਸ ਇੰਡੀਆ ਮੁੜ ਜਾਵੋ ਅਤੇ ਕਾਮਾਗਾਟਾ ਮਾਰੂ ਦੇ ਮੁਸਾਫਰ ਆਪ ਹੀ ਨਹੀਂ ਤੁਹਾਨੂੰ ਸੱਭ ਨੂੰ ਵੀ ਇੰਡੀਆ ਵਿਚ ਇਕ ਵਿਰੋਧੀ ਇਨਕਲਾਬੀ ਤਾਕਤ ਬਣਾ ਦੇਣਗੇ।

ਕੁਝ ਦੇਰ ਪਹਿਲਾਂ ਮਿਸਟਰ ਕਲੇਰ ਹਾਰਡੀ ਇੰਡੀਆ ਗਏ ਸਨ। ਪਰ ਮਿਸਟਰ ਹਾਰਡੀ ਦੇ ਭਾਰਤ ਦੇ ਮਿਸ਼ਨ ਦੀ ਗੱਲ ਕਰਨ ਤੋਂ ਪਹਿਲਾਂ ਮੈਂ ਇਹ ਕਹਿ ਦੇਵਾਂ ਕਿ ਸਾਡੀ ਬਹੁਤ ਅਗਾਂਹਵਧੂ ਪਰੈਸ - ਮੈਂ ਪਰੈਸ ਦਾ ਵਿਰੋਧੀ ਨਹੀਂ - ਇਹ ਮੇਰੇ ਅੰਦਰ ਕੋਈ ਵੀ ਜਜ਼ਬਾ ਨਹੀਂ ਭੜਕਾ ਸਕਦੀ ਸਿਵਾਏ ਇਸ ਕਿਸਮ ਦੇ ਅਹਿਸਾਸ ਦੇ ਜੋ ਮੈਂ ਇਸ ਸ਼ਹਿਰ ਦੇ ਜਾਂ ਕਿਸੇ ਹੋਰ ਸ਼ਹਿਰ ਦੇ ਨਾਲੀਆਂ ਦੇ ਗੰਦ ਬਾਰੇ ਮਹਿਸੂਸ ਕਰਦਾ ਹਾਂ। ਮਿਸਟਰ ਕਲੇਰ ਹਾਰਡੀ ਨੇ ਇੰਡੀਆ ਵਿਚਲੀਆਂ ਘਟੀਆ ਹਾਲਤਾਂ ਵਿਰੁੱਧ ਅਵਾਜ਼ ਉਠਾਈ ਅਤੇ ਉਸੇ ਵੇਲੇ ਅੰਗਰੇਜੀ ਰਾਜ ਦੀ ਸਾਰੀ ਪਰੈਸ ਨੇ ਉਹਦੇ ਵਿਰੁੱਧ ਉਹਦੇ ਉਪਰ ਰਾਜਧਰੋਹੀ ਹੋਣ ਦਾ ਇਲਜ਼ਾਮ ਲਾਉਣਾ ਸ਼ੁਰੂ ਕਰ ਦਿੱਤਾ। ਕੀ ਤੁਹਾਨੂੰ ਰਾਜਧਰੋਹੀ ਸ਼ਬਦ ਦੇ ਮਤਲਬ ਦਾ ਪਤਾ ਹੈ? ਮੈਂ ਤੁਹਾਨੂੰ ਦੱਸਦਾ ਹਾਂ ਇਸਦਾ ਕੀ ਮਤਲਬ ਹੈ। ਇਸਦਾ ਮਤਲਬ ਹੈ ਕਿ ਤੁਸੀਂ ਜਦੋਂ ਵੀ ਕਹਿਣੀ ਜਾਂ ਕਰਨੀ ਨਾਲ ਅਮੀਰਾਂ ਦੇ

ਹਿੱਤਾਂ ਵਿਰੁੱਧ, ਇੰਡੀਆ ਦੇ ਅਮੀਰਾਂ ਵਿਰੁੱਧ ਹੀ ਨਹੀਂ ਅੰਗਰੇਜ਼ੀ ਰਾਜ ਦੇ ਕਿਸੇ ਵੀ ਮੁਲਕ ਦੇ ਅਮੀਰਾਂ ਵਿਰੁੱਧ ਕੁਝ ਕਰੋ ਜਾਂ ਕਹੋ ਤਾਂ ਤੁਸੀਂ ਰਾਜਧਰੋਹੀ ਹੋਣ ਦੇ ਦੋਸ਼ੀ ਹੋ। ਕਲੇਰ ਹਾਰਡੀ ਨੇ ਦੁਨੀਆ ਦਾ ਧਿਆਨ ਇੰਡੀਆ ਦੀਆਂ ਮਾੜੀਆਂ ਹਾਲਤਾਂ ਵੱਲ ਦੁਆਇਆ ਅਤੇ ਸਾਰੀ ਪਰੈਸ ਵਲੋਂ ਉਹਦੀ ਵਿਰੋਧਤਾ ਕੀਤੀ ਗਈ ਅਤੇ ਇਹ ਪਰੈਸ ਵਾਲੇ ਝੂਠ ਕਿੰਨਾ ਅਤੇ ਕਿਵੇਂ ਬੋਲਦੇ ਹਨ? ਮੇਰੇ ਦਿਲ ਵਿਚ ਉਹਨਾਂ ਲੋਕਾਂ ਲਈ ਰਹਿਮ ਤੋਂ ਬਿਨ੍ਹਾਂ ਕੁਝ ਨਹੀਂ ਜਿਹਨਾਂ ਨੂੰ ਪਰੈਸ ਲਈ ਕੰਮ ਕਰਨਾ ਪੈਂਦਾ ਹੈ। ਮੈਂ ਤਾਂ ਇਹਦੇ ਨਾਲੋਂ ਭੁੱਖਾ ਮਰਨਾ ਜਿਆਦਾ ਪਸੰਦ ਕਰਾਂਗਾ। ਕਿਸੇ ਖਤਰਨਾਕ ਗੰਦੀ ਬੀਮਾਰੀ ਦਾ ਸ਼ਿਕਾਰ ਹੋ ਕੇ ਮਰਨਾ ਵਧੇਰੇ ਪਸੰਦ ਕਰਾਂਗਾ ਇਹੋ ਜਿਹੀਆਂ ਹਾਲਤਾਂ ਵਿਚ ਕਿਸੇ ਅਖਬਾਰ ਵਿਚ ਕੰਮ ਕਰਨ ਨਾਲੋਂ। ਮੈਂ ਇਸ ਤਰ੍ਹਾਂ ਕਦੀ ਆਪਣੇ ਆਪ ਨੂੰ ਜਲੀਲ ਨਹੀਂ ਕਰਾਂਗਾ - ਸਾਫ ਰਹਾਂਗਾ।

ਅੱਛਾ, ਜਦੋਂ ਕਲੇਰ ਨਿਊਜ਼ੀਲੈਂਡ ਪਹੁੰਚਾ ਤਾਂ ਉਹਨੇ ਸਾਨੂੰ ਦੱਸਿਆ ਕਿ ਹਿੰਦੂ ਲੋਕ ਕਿਹੋ ਜਿਹੀਆਂ ਹਾਲਤਾਂ ਵਿਚ ਕੰਮ ਕਰਦੇ ਹਨ। ਹਾਂ ਤਾਂ ਕੈਨੇਡਾ ਦੇ 'ਜੈਂਟਲਮੈਨਜ਼' - ਮੈਂ ਇਹ ਸ਼ਬਦ ਇਸ ਲਈ ਵਰਤਿਆ ਹੈ ਕਿ ਮੈਂ ਅੱਜ ਕੱਲ ਨਾਵਲ ਪੜ ਰਿਹਾ ਹਾਂ ਅਤੇ ਸ਼ਬਦ 'ਜੈਂਟਲਮੈਨ' ਮੇਰੇ ਬੁਲਾਂ ਚੋਂ ਕਿਰ ਰਿਹਾ ਹੈ। ਮੈਨੂੰ ਗਲਤ ਨਾ ਸਮਝਿਓ, ਇਹਦੇ ਵਿਚ ਕੋਈ ਖਾਸ ਗੱਲ ਨਹੀਂ - ਸਿਰਫ ਇਹ ਗੱਲ ਨੋਟ ਕਰਿਓ ਕਿ ਤੁਸੀਂ 'ਜੈਂਟਲਮੈਨ' ਹੋਣ ਤੋਂ ਉਨੀ ਹੀ ਦੂਰ ਹੋ ਜਿਨਾ ਉਤਰੀ ਧਰੁੱਵ ਦੱਖਣੀ ਧਰੁੱਵ ਤੋਂ ਦੂਰ ਹੈ। ਮੈਂ ਆਪਣੇ ਸਮੇਂ ਵਿਚ ਹਿੰਦੂਆਂ ਨੂੰ ਬਹੁਤ ਹੀ ਡਰਾਉਣੀਆਂ ਤੇ ਔਖੀਆਂ ਹਾਲਤਾਂ ਵਿਚ ਕੰਮ ਕਰਦੇ ਦੇਖਿਆ ਹੈ ਅਤੇ ਮੈਂ ਇਕ ਅੰਗਰੇਜ਼ੀ ਬੋਲਣ ਵਾਲੇ ਆਦਮੀ ਤੇ ਇਕ ਵਿਦਿਆਰਥੀ ਦੇ ਤੌਰ ਤੇ ਮਹਿਸੂਸ ਕੀਤਾ ਕਿ ਇੰਡੀਆ ਸਚਮੁੱਚ ਹੀ ਇਕ ਤਰ੍ਹਾਂ ਅੰਗਰੇਜ਼ੀ ਰਾਜ ਦਾ ਮਾਣਮੱਤਾ ਹੀਰਾ ਹੈ। ਉਸ ਮੁਲਕ ਦੀ ਬੇਸ਼ੁਮਾਰ ਦੌਲਤ - ਇਨੀ ਦੌਲਤ ਕਿ ਜਿਸਦਾ ਪੈਸਿਆਂ ਨਾਲ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ - ਉਹ ਮੁਲਕ ਜਿਥੋਂ ਸਾਰੀ ਦੁਨੀਆਂ ਵਿਚ ਸਭਿਅੱਤਾ ਫੈਲੀ ਜਦੋਂ ਅਸੀਂ ਹਠੀ ਕੌਮ ਦੇ ਮੈਂਬਰ ਜਰਮਨੀ ਦੀਆਂ ਦਲਦਲਾਂ 'ਚ ਭਾਉਂਦੇ ਫਿਰਦੇ ਸੀ। ਅਤੇ ਪਿਛੋਂ ਅਜੇ ਜਦੋਂ ਇੰਡੀਆ ਚੋਂ ਸਭਿਅਤਾ ਬਾਹਰ ਜਾ ਰਹੀ ਸੀ ਤਾਂ ਇੰਗਲੈਂਡ ਦੀ ਪੜ੍ਹੀ ਲਿਖੀ ਦੁਨੀਆਂ ਇੰਡੀਆ ਤੋਂ ਲਿਆਂਦੀ ਹੋਈ ਮੱਛੀ ਖਾਣ ਵਾਲੀ 'ਫੋਰਕ' ਵਰਗੀਆਂ ਨਿਹਮਤਾਂ ਵਿਰੁੱਧ ਉਠ ਪਏ। ਉਸ ਸਮੇਂ ਤੋਂ ਅਸੀਂ ਨੁਕਤਾਚੀਨ ਬਣ ਗਏ ਹਾਂ ਅਤੇ ਫੋਰਕ ਨਾਲ ਖਾਣਾ ਅਤੇ ਚਮਚੇ ਨਾਲ ਸੂਪ ਪੀਣਾ ਸਿੱਖ ਕੇ ਅਸੀਂ ਇਹਨਾਂ ਚੀਜ਼ਾਂ ਦਾ ਸੋਮਾ ਹੀ ਭੁੱਲ ਗਏ ਹਾਂ ਕਿ ਇਹ ਗਿਆਨ ਸਾਨੂੰ ਕਿਥੋਂ ਪ੍ਰਾਪਤ ਹੋਇਆ ਹੈ। ਇੰਡੀਆ ਅਤੇ ਦੁਨੀਆਂ ਦੇ ਉਸੇ ਹਿੱਸੇ ਵਿਚੋਂ ਇਹ ਸੱਭ ਕੁਛ ਆਇਆ ਹੈ ਜੋ ਸਾਡੇ ਕੋਲ ਹੈ। ਇਹ ਹੈ ਅੰਗਰੇਜ਼ੀ ਰਾਜ ਦਾ ਸੱਭ ਤੋਂ ਅਮੀਰ ਹਿੱਸਾ ਅਤੇ ਇਥੇ ਬਰਤਾਨਵੀ ਹਕੂਮਤ ਥੱਲੇ ਹਾਲਤਾਂ ਇੰਨੀਆਂ ਮਾੜੀਆਂ ਹਨ ਕਿ ਤੁਹਾਨੂੰ ਲੋਕਾਂ ਨੂੰ ਇਥੇ ਆਉਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਇਥੇ ਇਸ ਸੂਬੇ ਵਿਚ ਵੀ ਹਾਲਤਾਂ ਇੰਨੀਆਂ ਮਾੜੀਆਂ ਹਨ ਕਿ ਸਾਨੂੰ ਸਾਰਿਆਂ ਨੂੰ ਡੰਗ ਦੇ ਖਾਣੇ ਵਜੋਂ ਇਕ ਸੜੀ ਹੋਈ ਕਾਫੀ ਦਾ ਕੱਪ ਤੇ ਇਕ 'ਡੋਨੱਟ' ਮਸੀਂ ਜੁੜਦਾ ਹੈ।

ਹੁਣ ਮੈਨੂੰ ਉਸ ਸਵਾਲ ਵੱਲ ਮੁੜਨ ਦਿਓ ਜੋ ਮੈਂ ਕਰਨਾ ਚਾਹੁੰਦਾ ਸੀ। ਫੀਜੀ ਜਜ਼ੀਰੇ ਵਿਚ ਹਰ ਦੂਜੇ ਤੀਜੇ ਜਾਂ ਚੌਥੇ ਸਾਲ ਕੰਮ ਕਰਨ ਲਈ ਹਜ਼ਾਰਾਂ ਦੀ ਗਿਣਤੀ ਵਿਚ ਹਿੰਦੂ ਲਿਆਂਦੇ ਜਾਂਦੇ ਹਨ। ਉਥੇ ਉਹਨਾਂ ਨੂੰ ਗੁਲਾਮਾਂ ਵਾਂਗ ਖੰਡ ਪੈਦਾ ਕਰਨ ਲਈ ਵਰਤਿਆ ਜਾਂਦਾ ਹੈ। ਬਰਤਾਨਵੀ ਝੰਡੇ ਥੱਲੇ ਅਜ਼ਾਦੀ ਮਿਲਣ ਦੀ ਥਾਂ ਤੁਹਾਡੇ ਹਮਵਤਨੀਆਂ ਨੂੰ ਸੱਤ ਜਾਂ ਦੱਸ ਸਾਲ ਲਈ ਬੰਧੂਆ ਗੁਲਾਮਾਂ ਦੀ ਤਰ੍ਹਾਂ ਵੇਚ ਦਿੱਤਾ ਜਾਂਦਾ ਹੈ। ਇਸ ਕੌਮ ਦੇ ਲੋਕ ਉਥੇ ਚੌਦਾਂ ਸੈਂਟ ਦਿਹਾੜੀ 'ਤੇ ਕੰਮ ਕਰਦੇ ਹਨ। ਇਹਦੇ ਵਿਚੋਂ ਹੀ ਉਹ ਖਾਂਦੇ ਪਹਿਨਦੇ ਹਨ ਅਤੇ ਇਸ ਨਿੱਕੀ ਜਿਹੀ ਆਮਦਨ ਲਈ ਉਹ ਬੇਤਹਾਸ਼ਾ ਸਖਤ ਕੰਮ ਕਰਦੇ ਹਨ। ਇਸੇ ਤਰ੍ਹਾਂ ਵੈਸਟ ਇੰਡੀਜ਼ ਵਿਚ ਹਿੰਦੂਆਂ ਨੂੰ ਬਰਤਾਨਵੀ ਅਜ਼ਾਦੀ ਥੱਲੇ ਲਿਆਇਆ ਜਾਂਦਾ ਹੈ ਅਤੇ ਵੀਹਾਂ ਵੀਹਾਂ ਸਾਲਾਂ ਲਈ ਗੁਲਾਮਾਂ ਦੀ ਤਰ੍ਹਾਂ ਵੇਚ ਦਿੱਤਾ ਜਾਂਦਾ ਹੈ। ਅਤੇ ਜੇ ਕੋਈ ਇਹਨਾਂ ਚੋਂ ਹੁਕਮ ਅਦੂਲੀ ਕਰੇ ਜਾਂ ਭੱਜਣ ਦੀ ਕੋਸ਼ਿਸ਼ ਕਰੇ ਤਾਂ ਉਹਦਾ ਪਿੱਛਾ ਕੀਤਾ ਜਾਂਦਾ ਹੈ ਅਤੇ ਉਹਨੂੰ ਬੰਨ੍ਹ ਕੇ ਲਿਆਇਆ ਜਾਂਦਾ ਹੈ ਜਿਵੇਂ ਅਮਰੀਕਾ ਦੀਆਂ ਦੱਖਣੀ ਰਿਆਸਤਾਂ ਵਿਚ ਵਰ੍ਹਿਆਂ ਪਹਿਲਾਂ ਕੀਤਾ ਜਾਂਦਾ ਸੀ।

ਭਾਵੇਂ ਕੱਲ ਨੂੰ ਉਹ ਕਾਮਾਗਾਟਾ ਮਾਰੂ ਦੇ ਹਰ ਇਕ ਬੰਦੇ ਨੂੰ ਇਥੇ ਉਤਰਨ ਦੀ ਆਗਿਆ ਦੇ ਦੇਣ ਤੁਹਾਨੂੰ ਇਥੇ ਰਹਿਣ ਦਾ ਕੋਈ ਫਾਇਦਾ ਨਹੀਂ। ਮੈਂ ਜਾਤੀ ਤੌਰ 'ਤੇ ਤੁਹਾਨੂੰ ਇਹ ਹੀ ਕਹਾਂਗਾ ਕਿ ਇਥੇ ਉਤਰੋ ਨਾ - ਇਥੇ ਤੁਹਾਡੇ ਲਈ ਕੁਝ ਨਹੀਂ ਹੈ। ਤੁਸੀਂ ਵਾਪਸ ਜਾਓ ਇਨਕਲਾਬੀ ਜਜ਼ਬਾਤ ਨਾਲ ਭਰੇ ਹੋਏ - ਉਸ ਕਿਸਮ ਦੀ ਇਨਕਲਾਬੀ ਰੂਹ ਜਿਹੜੀ ਇਥੇ ਗੋਰੇ ਮਜਦੂਰਾਂ ਵਿਚ ਹੈ - ਜਾ ਕੇ ਪੂੰਜੀਵਾਦ ਵਿਰੁੱਧ ਲੜੋ ਅਤੇ ਵਾਪਸ ਜਾ ਕੇ ਭਾਰਤ ਦੇ ਇਕੀ ਕਰੋੜ ਲੋਕਾਂ ਨਾਲ ਇਹ ਰੂਹ ਸਾਂਝੀ ਕਰੋ। ਅਤੇ ਜਦੋਂ ਤੁਸੀਂ ਆਪਣੇ ਲਈ ਆਪਣੇ ਵਲੋਂ ਇਸ ਤਾਕਤ ਦਾ ਦਿਖਾਵਾ ਕਰੋਗੇ ਤੇ ਜੇ ਤੁਸੀਂ ਫੇਰ ਇਥੇ ਆਵੋਗੇ ਕਿ ਗੋਰਿਆਂ ਵਿਚ ਤੁਹਾਡੀ ਇਨੀ ਇਜ਼ਤ ਹੋਵੇਗੀ ਕਿ ਇਮੀਗਰੇਸ਼ਨ ਮਹਿਕਮੇ ਦੇ ਕਿਸੇ ਮਾਮੂਲੀ ਘਟੀਆ ਕਰਿੰਦੇ ਦੀ ਇਹ ਜੁਰਅਤ ਨਹੀਂ ਹੋਵੇਗੀ ਕਿ ਤੁਹਾਨੂੰ ਇਥੇ ਆਉਣੋ ਰੋਕ ਸਕੇ। ਜਦੋਂ ਮੈਂ ਲੰਡਨ ਇੰਗਲੈਂਡ ਦੇ ਬਹਾਦਰਾਂ ਬਾਰੇ ਸੋਚਦਾਂ ਜਿਹਨਾਂ ਨੇ ਇਨਕਲਾਬ ਲਿਆਂਦਾ ਸੀ ਤਾਂ ਮੈਨੂੰ ਲੱਗਦਾ ਹੈ ਕਿ ਮੈਂ ਪਾਗਲ ਹੋ ਜਾਵਾਂਗਾ। ਅਤੇ ਹੁਣ ਸਮਾਂ ਹੈ ਕਿ ਤੁਹਾਨੂੰ ਆਮ ਲੋਕਾਂ ਨੂੰ ਭਾਰਤ ਵਿਚ ਕੀਤੀਆਂ ਜਾ ਰਹੀਆਂ ਵਧੀਕੀਆਂ ਦੀ ਸਮਝ ਆਵੇ ਉਹਨਾਂ ਵਧੀਕੀਆਂ ਸਾਹਮਣੇ ਇਕ ਕਾਮਾਗਾਟਾ ਮਾਰੂ ਦਾ ਮਸਲਾ ਤਾਂ ਕੁਝ ਵੀ ਨਹੀਂ। ਜਿਵੇਂ ਮਿਸਟਰ ਬਰਡ ਨੇ ਕਿਹਾ ਹੈ ਕਿ ਠੀਕ ਹੈ ਸਾਨੂੰ ਨਹੀਂ ਪਤਾ ਕਿ ਜਹਾਜ਼ ਉਪਰ ਲੋਕ ਭੁੱਖੇ ਮਰਦੇ ਹਨ ਕਿ ਨਹੀਂ ਉਹਨਾਂ ਕੋਲ ਪੀਣ ਲਈ ਪਾਣੀ ਹੈ ਕਿ ਨਹੀਂ ਕਿਉਂਕਿ ਜਹਾਜ਼ ਦੁਆਲੇ ਪਹਿਰਾ ਇੰਨਾ ਸਖਤ ਹੈ ਕਿ ਸਾਨੂੰ ਪਤਾ ਲੱਗ ਹੀ ਨਹੀਂ ਸਕਦਾ ਕਿ ਉਹਨਾਂ ਦੀ ਹਾਲਤ ਕੀ ਹੈ। ਜੇ ਅਸੀਂ ਜਹਾਜ਼ 'ਤੇ ਜਾਣ ਦੀ ਕੋਸ਼ਿਸ਼ ਕਰੀਏ ਤਾਂ ਇੰਨਾ ਵੱਡਾ ਹੱਲਾ ਗੁੱਲਾ ਹੋਵੇਗਾ ਕਿ ਔਟਵਾ ਵਾਲਿਆਂ ਨੂੰ - ਪਰ ਉਹ ਤਾਂ ਬੱਚਿਆਂ ਦੀ ਖੇਡ ਹੈ - ਡਾਉਨਿੰਗ ਸਟਰੀਟ ਵਾਲਿਆਂ ਨੂੰ ਵੀ ਫੌਰੀ ਕੋਈ ਕਦਮ ਚੁੱਕਣ ਲਈ ਮਜਬੂਰ ਹੋਣਾ ਪਵੇਗਾ। ਤੁਸੀਂ ਜਰਾ ਇਸ ਬਾਰੇ ਸੋਚੋ। ਲੜਾਈ ਦੇ ਦੌਰਾਨ ਭਾਰਤੀ ਸਿਪਾਹੀਆਂ ਨਾਲੋਂ ਕੌਣ ਤਕੜਾ ਹੈ? ਉਦੋਂ ਉਹ

ਸੱਚੀ ਸਾਡੇ ਭਰਾ ਹੁੰਦੇ ਹਨ ਅਤੇ ਰਾਜ ਵਿਚ ਇਕ ਭਰਾਤਰੀ ਨਾਤਾ ਹੁੰਦਾ ਹੈ ਜੋ ਸਾਂਝੇ ਝੰਡੇ ਥੱਲੇ ਨੁਮਾਇਆ ਕੀਤਾ ਜਾਂਦਾ ਹੈ। ਅਤੇ ਜੇ ਅਫਰੀਕਾ ਵਿਚ ਲੜਾਈ ਲੱਗ ਜਾਵੇ ਤਾਂ ਹਰ ਪੂੰਜੀਵਾਦ ਦਾ ਹਮਾਇਤੀ ਕਹੇਗਾ, "ਆਪਣੇ ਇੰਡੀਅਨ ਸਿਪਾਹੀਆਂ ਨੂੰ ਕਿਉਂ ਨਾ ਅਫਰੀਕਾ ਲੜਨ ਲਈ ਭੇਜਿਆ ਜਾਵੇ, ਉਹ ਇੰਨੇ ਵਧੀਆ ਸਿੱਖੇ ਹੋਏ ਲੜਾਕੇ ਹਨ ਅਤੇ ਨਾਲੇ ਕੀ ਉਹ ਆਪਣੇ ਭਰਾ ਨਹੀਂ?" ਜ਼ਰਾ ਸੁਣੋ, ਥੋੜ੍ਹਾ ਜਿਹਾ ਸਮਾਂ ਬੀਤਦਾ ਹੈ ਕੋਈ ਜੰਗ ਨਹੀਂ ਹੋ ਰਹੀ ਤੇ ਕੁਝ ਹਿੰਦੂ ਸਾਡੇ ਦਰ 'ਤੇ ਆ ਕੇ ਦਸਤਕ ਦਿੰਦੇ ਹਨ ਤਾਂ ਲੋਕ ਜਮਹੂਰੀਅਤ ਦੇ ਥੱਲੇ ਪੈਦਾ ਕੀਤੀ ਤਾਕਤ ਉਹਨਾਂ ਨੂੰ ਰੋਕਣ ਲਈ, ਉਹਨਾਂ ਨੂੰ ਭੁੱਖੇ ਮਾਰਨ ਲਈ, ਬੀਮਾਰੀਆਂ ਨਾਲ ਮਾਰਨ ਲਈ ਵਰਤਿਆ ਜਾਂਦਾ ਹੈ।

ਪਰ ਹੁਣ ਮੈਂ ਪਿਛਲੇ ਕੁਝ ਸਾਲਾਂ ਦੌਰਾਨ ਇੰਡੀਆ ਵਿਚ ਕੀਤੀਆਂ ਗਈਆਂ ਇਕ ਜਾਂ ਦੋ ਵਧੀਕੀਆਂ ਬਾਰੇ ਗੱਲਬਾਤ ਕਰਨੀ ਚਾਹੁੰਦਾ ਹਾਂ। ਮੈਂ ਹਮੇਸ਼ਾਂ ਸਿੱਧੀ ਗੱਲ ਕਰਨ ਵਿਚ ਯਕੀਨ ਰੱਖਦਾ ਹਾਂ - ਇਹ ਹੀ ਸੱਭ ਤੋਂ ਵਧੀਆ ਤਰੀਕਾ ਹੈ। ਇਕ ਔਰਤ ਜਿਹਦੇ 'ਤੇ ਪਰਾਪੇਗੰਡਾ ਕਰਨ ਦਾ ਦੋਸ਼ ਸੀ, ਨੂੰ ਪੁਲੀਸ ਵਲੋਂ ਫੜਿਆ ਗਿਆ ਅਤੇ ਉਹਨੂੰ ਉਹ ਕਸੂਰ ਮੰਨਣ ਲਈ ਮਜਬੂਰ ਕੀਤਾ ਗਿਆ ਜਿਹੜਾ ਉਹਨੇ ਕੀਤਾ ਨਹੀਂ ਸੀ ਕਿਉਂਕਿ ਥੋੜ੍ਹਾ ਪਰਾਪੇਗੰਡਾ ਕਰਨਾ ਕੋਈ ਜ਼ੁਲਮ ਨਹੀਂ ਹੈ। ਉਸ ਔਰਤ ਨਾਲ ਉਹਨਾਂ ਨੇ ਇਨੇ ਜ਼ਾਲਮਾਨਾ ਢੰਗ ਦਾ ਵਰਤਾਅ ਕੀਤਾ ਕਿ ਉਹ ਮਰ ਗਈ। ਅਤੇ ਮਿਸਟਰ ਕਲੇਰ ਹਾਰਡੀ ਨੇ ਇਹੋ ਜਿਹੀਆਂ ਗੱਲਾਂ ਵੱਲ ਲੋਕਾਂ ਦਾ ਧਿਆਨ ਦੁਆਇਆ ਸੀ ਅਤੇ ਇਹਦੇ ਕਰਕੇ ਸਾਰੇ ਬਰਤਾਨਵੀ ਰਾਜ ਦੀ ਪਰੈਸ ਉਹਦੇ 'ਤੇ ਦੇਸ਼ਧਰੋਹੀ ਹੋਣ ਦਾ ਦੋਸ਼ ਲਾਉਣ ਲੱਗੀ।

ਮੈਂ ਤਾਂ ਤੁਹਾਨੂੰ ਫੇਰ ਇਹੀ ਕਹਾਂਗਾ ਕਿ ਕੈਨੇਡਾ ਬਾਰੇ ਨਾ ਸੋਚੋ, ਕੈਨੇਡਾ ਵਿਚ ਬਹੁਤਾ ਕੁਛ ਨਹੀਂ ਹੈ ਪਰ ਜੇ ਇੰਡੀਆ ਵਿਚ ਇਥੋਂ ਨਾਲੋਂ ਜ਼ਿਆਦਾ ਭੁੱਖਮਰੀ ਹੈ ਤਾਂ ਯਾਦ ਰੱਖੋ ਕਿ ਇਹੋ ਜਿਹੀਆਂ ਹਾਲਤਾਂ ਵਿਚੋਂ ਇਨਕਲਾਬ ਪੈਦਾ ਹੁੰਦੇ ਹਨ। ਅਤੇ ਕਾਮਾਗਾਟਾ ਮਾਰੂ 'ਤੇ ਵੀ ਆਪਣੀ ਸ਼ਕਤੀ ਜ਼ਾਇਆ ਨਾ ਕਰੋ। ਆਪਣੇ ਮੁਲਕ ਮੁੜੋ ਇਨਕਲਾਬੀ ਜਜ਼ਬਾਤਾਂ ਨਾਲ ਭਰੇ ਹੋਏ, ਦੇਸ ਦੇ ਲੋਕਾਂ ਨੂੰ ਨਾਲ ਲਵੋ, ਅਤੇ ਉਹਨਾਂ ਵਿਰੁੱਧ ਲੜੋ ਜਿਹਨਾਂ ਵਿਰੁੱਧ ਅਸੀਂ ਉਤਰੀ ਅਮਰੀਕਾ ਦੇ ਸਮਾਜਵਾਦੀ ਲੜ ਰਹੇ ਹਾਂ।

ਅਨੁਵਾਦ - ਸਾਧੂ ਬਿਨਿੰਗ

## ਜੇ ਐਡਵਰਡ ਬਰਡ ਦੀਆਂ ਯਾਦਾਂ ਵਿਚੋਂ:

...ਇਹ ਹੈਰਾਨੀ ਦੀ ਗੱਲ ਹੈ ਕਿ ਅਖ਼ਬਾਰਾਂ ਵਿੱਚ ਆਉਂਦੀਆਂ ਸਧਾਰਨ ਗੱਲਾਂ ਬਾਰੇ ਵੀ ਪਬਲਿਕ ਕਿਵੇਂ ਪੱਖ ਲੈਣ ਲੱਗਦੀ ਹੈ। ਮੈਨੂੰ ਯਾਦ ਹੈ ਮੈਨੂੰ ਇਕ ਖੱਤ ਆਇਆ, ਉਹਨਾਂ ਦਿਨਾਂ ਵਿਚ ਮੇਰਾ ਨਾਂ ਅਕਸਰ ਅਖ਼ਬਾਰਾਂ ਵਿੱਚ ਹੁੰਦਾ ਸੀ, ਕਿਸੇ ਨੇ ਲਿਖ ਕੇ ਮੈਨੂੰ ਧਮਕੀ ਦਿੱਤੀ ਸੀ ਕਿ ਜੇ ਮੈਂ ਇਹ ਕੇਸ (ਕਾਮਾਗਾਟਾ ਮਾਰੂ) ਨਾ ਛੱਡਿਆ ਤਾਂ ਮੈਨੂੰ ਗੋਲੀ ਮਾਰ ਦਿੱਤੀ ਜਾਵੇਗੀ। ਮੈਂ ਸਚਿਆ ਕਿ ਬਹੁਤ ਹੀ ਨੀਚ ਕਿਸਮ ਦਾ ਮਖੌਲ ਸੀ, ਅਤੇ ਮੈਂ ਅਗਲੇ ਦਿਨ ਕਚਹਿਰੀ ਵਿੱਚ ਮਜਿਸਟਰੇਟ ਸ਼ਾਹ ਨੂੰ ਖੱਤ ਦਿਖਾਲਦਿਆਂ ਇਸ ਦਾ ਜ਼ਿਕਰ ਵੀ ਕੀਤਾ। ਦੂਜਿਆਂ ਦੀ ਇਸ ਬਾਰੇ ਰਾਏ ਸੀ ਕਿ ਕੋਈ ਮਖੌਲ ਨਹੀਂ ਹੈ ਅਤੇ ਉਹਨਾਂ ਨੇ ਮੇਰੀ ਪਤਨੀ ਨੂੰ ਫੋਨ ਕਰਕੇ ਕਿਹਾ ਕਿ ਮੈਨੂੰ ਥੋੜ੍ਹੇ ਸਮੇਂ ਲਈ ਸ਼ਹਿਰੋਂ ਬਾਹਰ ਚਲੇ ਜਾਣਾ ਚਾਹੀਦਾ ਹੈ। ਉਸ ਤੋਂ ਦੂਜੇ ਦਿਨ ਮੈਨੂੰ ਇੰਸ਼ੋਰੈਂਸ ਕੰਪਨੀ ਵਲੋਂ ਦੋ ਖੱਤ ਮਿਲੇ ਜਿਹਨਾਂ ਵਿੱਚ ਕਿਹਾ ਗਿਆ ਸੀ ਕਿ ਉਹਨਾਂ ਦੇ ਹੈੱਡ ਆਫਿਸ ਨੇ ਹੁਕਮ ਦਿੱਤਾ ਹੈ ਕਿ ਮੇਰੀ ਐਕਸੀਡੈਂਟ ਇੰਸ਼ੋਰੈਂਸ ਪਾਲਿਸੀ ਕੈਂਸਲ ਕਰ ਦਿੱਤੀ ਜਾਵੇ ਅਤੇ ਮੇਰਾ ਵਾਧੂ ਪਰੀਮੀਅਮ ਵਾਪਸ ਕਰ ਦਿੱਤਾ ਜਾਵੇ। ਉਸ ਤੋਂ ਛੇਤੀ ਬਾਅਦ ਹੀ ਉਹਨਾਂ ਨੇ ਮੇਰੇ ਵਾਧੂ ਪੈਸੇ ਮੋੜ ਦਿੱਤੇ। ਮਿਸਟਰ ਮੈਕਨੀਲ, ਮੇਰੇ 'ਪਾਰਟਨਰ' ਮਿਸਟਰ ਮੈਕਨੀਲ ਨੇ ਮੈਨੂੰ ਜਾਣ ਲਈ ਜ਼ੋਰ ਲਾਇਆ ਅਤੇ ਮੇਰੀ ਗੈਰ-ਹਾਜ਼ਰੀ ਵਿੱਚ ਉਹਨੇ ਮੇਰੇ ਕੰਮ ਦੀ ਦੇਖ ਭਾਲ ਕੀਤੀ। ਮੈਂ ਤੇ ਮੇਰੀ ਪਤਨੀ ਆਪਣੇ ਮੁੰਡਿਆਂ ਕੋਲ ਐਰੋਹੈੱਡ ਚਲੇ ਗਏ ਜਿਥੇ ਉਹ ਮਿਸਟਰ ਮਕਿਨਸਨ ਨੂੰ ਮਿਲਣ ਗਏ ਹੋਏ ਸੀ। ...

ਅਨੁਵਾਦ - ਸਾਧੂ ਬਿਨਿੰਗ

ਵਤਨ
Post Box. 67681 Stn. O.
Vancouver B.C. V5W 3V2.

75ਵੀਂ ਵਰ੍ਹੇ ਗੰਢ ਤੇ ਕਾਮਾਗਾਟਾ ਮਾਰੂ ਵਿੱਚ ਆਏ ਮੁਸਾਫਰਾਂ ਦੇ ਸਿਰੜ ਅਤੇ ਹੌਂਸਲੇ ਨੂੰ ਪ੍ਰਣਾਮ ਕਰਦੇ ਹਨ।

ਰਛਪਾਲ ਰਾਣਾ



RANA VIDEO &PHOTOS
12977-96 A Ave. Surrey
(604) 589-4199

# ਕੈਨੇਡਾ ਚਿੱਟੇ ਲੋਕਾਂ ਦਾ ਅਤੇ ਬੀ . ਸੀ . (ਵੀ) ਚਿੱਟੇ ਲੋਕਾਂ ਦੀ।

## ਐਚ . ਐਚ . ਸਟੀਵਨਜ਼

23 ਜੂਨ 1914 ਵੈਨਕੂਵਰ



ਟਰਾਂਟੋ ਦੇ ਅਖਬਾਰ ਦਾ ਕਾਰਟੂਨ - 1914

ਮਿਸਟਰ ਮੇਅਰ,ਲੇਡੀਜ਼ ਐਂਡ ਜੈਂਟਲਮਿਨ।

ਅੱਜ ਬ੍ਰਿਟਿਸ਼ ਕੋਲੰਬੀਆ ਅਤੇ ਕੈਨੇਡਾ ਵਿੱਚ ਜੋ ਮਸਲਾ ਸਾਡੇ ਸਾਹਮਣੇ ਹੈ ਉਹ ਇਹ ਹੈ ਕਿ ਉਹ ਸਭਿਅਤਾ ਜੋ ਕਿ ਪ੍ਰਾਚੀਨ ਅੰਗ੍ਰੇਜ਼ ਜਾਤੀ ਦੀ ਉਤਮ ਉਦਾਹਰਣ ਹੈ,ਉਹ ਕੈਨੇਡਾ ਵਿੱਚ ਪ੍ਰਚਲਤ ਹੋਵੇਗੀ ਕਿ ਨਹੀਂ। ਜਿੱਥੋਂ ਤੱਕ ਪੂਰਬੀ ਦੇਸ਼ਾਂ ਤੋਂ ਆਵਾਸ ਦਾ ਸਵਾਲ ਹੈ, ਕਾਫ਼ੀ ਘੋਖ ਪੜਤਾਲ ਤੋਂ ਬਾਅਦ ਮੈਂ ਯਕੀਨੀ ਤੌਰ ਤੇ ਕਹਿ ਸਕਦਾ ਹਾਂ ਕਿ ਜੇਕਰ ਅਸੀਂ ਪੂਰਬੀ ਦੇਸ਼ਾਂ ਤੋਂ ਬੇ ਰੋਕ ਟੋਕ ਆਵਾਸੀ ਲੋਕਾਂ ਨੂੰ ਆਉਣ ਦਿੱਤਾ ਤਾਂ ਅਸੀਂ ਕੈਨੇਡਾ ਨੂੰ, ਜਿਸ ਕਿਸਮ ਦੀ ਕੌਮੀ ਸਭਿਅਤਾ ਦੀ ਨੀਂਹ ਰੱਖੀ ਸੀ ਉਸ ਕਿਸਮ ਦਾ ਨਹੀਂ ਬਣਾ ਸਕਦੇ।...

...ਸਾਡੀ ਸਾਢੇ ਸੱਤ ਮਿਲੀਅਨ ਦੀ ਅਬਾਦੀ ਬੜੀ ਸੀਮਤ ਅਬਾਦੀ ਹੈ। ਪੂਰਬੀ ਦੇਸ਼ਾਂ ਵਿੱਚ 800 ਮਿਲੀਅਨ ਲੋਕ ਵੱਸਦੇ ਹਨ। ਮੈਨੂੰ ਇਹ ਪਰਵਾਹ ਨਹੀਂ ਕਿ ਤੁਸੀਂ ਉਹਨਾ ਦੀ ਸਭਿਅਤਾ ਨੂੰ ਕਿੰਨਾ ਉੱਚਾ ਸਮਝਦੇ ਹੋ ਇਹ ਸਾਡੀ ਸਭਿਅਤਾ ਜੋ ਸਾਨੂੰ ਬਹੁਤ ਪਿਆਰੀ ਹੈ ਤੋਂ ਹਰ ਪੱਖ ਤੋਂ ਵੱਖਰੀ ਹੈ। 800 ਮਿਲੀਅਨ- ਯਕੀਨਨ ਇੰਨੀ ਵੱਡੀ ਗਿਣਤੀ ਦੀ ਇਕ ਛੋਟੀ ਜਿਹੀ ਥਰਥਰਾਹਟ ਹੀ ਸਾਨੂੰ ਦੱਬ ਲਵੇਗੀ। ਪੂਰਬੀ ਕੈਨੇਡਾ ਅਤੇ ਹੋਰ ਥਾਂਵਾਂ 'ਤੇ ਜਿੱਥੇ ਜਿੱਥੇ ਮੈਂ ਬੋਲਿਆ ਹਾਂ,ਲੋਕਾਂ ਨੇ ਮੇਰੇ ਇਸ ਸਵਾਲ ਦੇ ਜੁਆਬ ਵਿੱਚ ਕਿਹਾ ਹੈ ਕਿ ਅਸੀਂ ਇਕ ਬਲਵਾਨ ਨਸਲ ਹਾਂ ਅਤੇ ਜੇ ਅਸੀਂ ਇੰਨੇ ਲੋਕਾਂ ਨੂੰ ਆਪਣੇ ਵਿੱਚ ਰਚਾਉਣ ਦੇ ਕਾਬਲ ਨਹੀਂ ਤਾਂ ਸਾਨੂੰ ਦੁਨੀਆਂ ਦੇ ਦੇਸ਼ਾਂ ਵਿੱਚ ਕੋਈ ਪੁਜ਼ੀਸ਼ਨ ਜਤਾਉਣ ਦਾ ਅਧਿਕਾਰ ਨਹੀਂ ਹੋਣਾ ਚਾਹੀਦਾ। ਅਜਿਹੇ ਲੋਕ ਦੁਨੀਆਂ ਵਿੱਚ ਨਹੀਂ ਹਨ ਜੋ ਆਪਣੀ ਗਿਣਤੀ ਨਾਲੋਂ ਦੋ, ਤਿੰਨ, ਚਾਰ ਜਾਂ ਪੰਜ ਗੁਣਾ ਲੋਕਾਂ ਨੂੰ ਆਪਣੇ ਵਿੱਚ ਸਮਾ ਸਕਣ। ਮੈਂ ਤੁਹਾਨੂੰ ਪੁੱਛਦਾ ਹਾਂ ਕਿ ਜੇ ਐਨੇ ਸਾਲ ਬੀ.ਸੀ. ਦੇ ਪੱਛਮੀ ਕੰਢਿਆਂ ਤੋਂ ਏਸ਼ੀਅਨ ਲੋਕਾਂ ਨੂੰ ਆ ਲੈਣ ਦਿੱਤਾ ਜਾਂਦਾ ਤਾਂ ਕੀ ਹੁੰਦਾ? ਕੈਨੇਡਾ ਪੂਰਬੀ ਲੋਕਾਂ ਨਾਲ ਭਰ ਜਾਣਾ ਸੀ ਅਤੇ ਉਸ ਸਭਿਅਤਾ ਜਿਸ ਉੱਪਰ ਅਸੀਂ ਇੰਨਾ ਮਾਣ ਕਰਦੇ ਹਾਂ ਦਾ ਨਾਂ ਨਿਸ਼ਾਨ ਵੀ ਬਾਕੀ ਨਹੀਂ ਰਹਿਣਾ ਸੀ...

ਸਾਡੇ ਬਜ਼ੁਰਗਾਂ ਨੇ ਇਥੇ ਆ ਕੇ ਖੁਸ਼ੀ ਖੁਸ਼ੀ ਅਤੇ ਖਿੜੇ ਮੱਥੇ ਪੂਰਬੀ ਕੈਨੇਡਾ ਦੇ ਸਖਤ ਮੌਸਮ ਦਾ ਸਾਹਮਣਾ ਕੀਤਾ। ਕੈਨੇਡਾ ਦੀ ਮੁੱਢਲੀ ਜ਼ਿੰਦਗੀ ਦਾ ਇਤਿਹਾਸ ਪਿਛਲੇ ਮੁਲਕ(ਇੰਗਲੈਂਡ-ਅਨੁਵਾਦਕ)ਤੋਂ ਆਏ ਅਵਾਸੀਆਂ ਦੁਆਰਾ ਝੱਲੀਆਂ ਗਈਆਂ ਮੁਸੀਬਤਾਂ ਨਾਲ ਭਰਪੂਰ ਹੈ। ਇਹਨਾਂ ਅਵਾਸੀਆਂ ਨੂੰ ਕਦੇ ਵੀ ਸੁੱਖ ਆਰਾਮ ਨਸੀਬ ਨਹੀਂ ਹੋਇਆ ਅਤੇ ਉਹ ਇਸ ਆਸ ਵਿੱਚ ਮਰ ਗਏ ਕਿ ਉਹ ਅਜਿਹੇ ਦੇਸ਼ ਦਾ ਨਿਰਮਾਣ ਕਰਨਗੇ ਜਿਸ ਵਿੱਚ ਉਨ੍ਹਾਂ ਦੇ ਬੱਚੇ ਸੰਪੂਰਨ ਆਜ਼ਾਦੀ ਨਾਲ ਰਹਿ ਸਕਣਗੇ। ਅਸੀਂ ਕੀ ਦੇਖਦੇ ਹਾਂ ਕਿ ਏਸ਼ੀਆ ਤੋਂ ਆਉਣ ਵਾਲੇ ਸਾਰੇ ਅਵਾਸੀ ਇਸ ਕਰਕੇ ਕੈਨੇਡਾ ਆਉਣਾ ਚਾਹੁੰਦੇ ਹਨ ਕਿ ਉਹ ਆਪਣੇ ਆਪ ਨੂੰ ਵੱਡੇ ਅਤੇ ਵੱਧ ਫੁਲ ਰਹੇ ਕੇਂਦਰਾਂ ਵਿੱਚ ਸਥਾਪਤ ਕਰ ਲੈਣ ਅਤੇ ਇਸ ਸਭਿਅਤਾ ਦੀਆਂ ਚੰਗੀਆਂ ਚੰਗੀਆਂ ਚੀਜ਼ਾਂ ਛਾਂਟ ਸਕਣ। ਮਿਸਟਰ ਚੇਅਰਮੈਨ ਅਤੇ ਲੋਕੋ ਮੈਂ ਇਹ ਦਾਅਵੇ ਨਾਲ ਕਹਿੰਦਾ ਹਾਂ ਕਿ ਅਜਿਹੀ ਕੋਈ ਵੀ ਮਿਸਾਲ ਨਹੀਂ ਮਿਲੇਗੀ ਜਦੋਂ ਏਸ਼ੀਅਨਾਂ ਨੇ ਇਸ ਦੇਸ਼ ਦੀ ਫਰੰਟੀਅਰ ਦੀ ਜ਼ਿੰਦਗੀ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕੀਤੀ ਹੋਵੇ। ਸੋ ਮਿਸਟਰ ਚੇਅਰਮੈਨ ਸੁਆਲ ਇਹ ਨਹੀਂ ਕਿ ਕੀ ਅਸੀਂ ਇਨ੍ਹਾਂ ਲੋਕਾਂ ਨੂੰ ਪਸੰਦ ਕਰਦੇ ਹਾਂ ਕਿ ਨਹੀਂ। ਇਹ ਤਾਂ ਸਿਰਫ ਸਤਹੀ ਜਿਹਾ ਸੁਆਲ ਹੈ। ਅਸਲ ਸੁਆਲ ਇਸ ਦੇਸ਼ ਦੇ ਕੌਮੀ ਜੀਵਨ ਦੀ ਜ਼ਿੰਦਗੀ ਜਾਂ ਮੌਤ ਦਾ ਹੈ।...

... 31 ਮਾਰਚ ਨੂੰ ਆਰਡਰ ਇਨ ਕੌਂਸਲ ਦੀ ਮਿਆਦ ਮੁੱਕ ਗਈ ਸੀ ਪਰ ਬੀ.ਸੀ. ਦੇ ਮੈਂਬਰਾਂ ਦੇ ਫਿਰ ਉਕਸਾਉਣ ਤੇ ਸਰਕਾਰ ਨੇ ਇਹ ਆਰਡਰ ਫਿਰ ਪਾਸ ਕਰ ਦਿੱਤਾ ਤਾਂ ਕਿ ਕਿਸੇ ਅਚਾਨਕ ਖੜ੍ਹੀ ਹੋਣ ਵਾਲੀ ਮੁਸ਼ਕਲ ਦੀ ਸੰਭਾਵਨਾ ਨੂੰ ਰੋਕਿਆ ਜਾ ਸਕੇ। ਆਪਣੀ ਪੁਜ਼ੀਸ਼ਨ ਨੂੰ ਬਿਲਕੁਲ ਸਾਫ਼ ਕਰਨ ਲਈ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਮੈਂ ਇਸ ਆਰਡਰ ਇਨ ਕੌਂਸਲ ਦੇ ਸਿਰਫ਼ ਪਾਸ ਕਰਨ ਤੋਂ ਹੀ ਖੁਸ਼ ਨਹੀਂ ਹਾਂ। ਮੇਰੀ ਅਤੇ ਬੀ. ਸੀ. ਦੇ ਸਾਰੇ ਮੈਂਬਰਾਂ ਦੀ ਧਾਰਨਾ ਹੈ ਕਿ ਕੈਨੇਡਾ ਸਰਕਾਰ ਨੂੰ ਵੱਖਰੀ ਅਤੇ ਖਾਸ ਕਿਸਮ ਦਾ ਇਕ ਕਾਨੂੰਨ ਬਣਾਉਣਾ ਚਾਹੀਦਾ ਹੈ ਜਿਸਦੇ ਅਧੀਨ ਪੂਰਬੀ ਦੇਸ਼ਾਂ ਦੇ ਲੋਕਾਂ ਦਾ ਕੈਨੇਡਾ ਵਿੱਚ ਦਾਖਲਾ ਬੰਦ ਹੋ ਸਕੇ। ਮੁਸ਼ਕਲ ਇਹ ਹੈ ਕਿ ਬੀ. ਸੀ.ਵਿਚੋਂ ਕੇਵਲ 7 ਮੈਂਬਰ ਹਨ ਬਾਕੀ ਕੈਨੇਡਾ ਵਿਚੋਂ 215 ਹਨ। ਮੈਨੂੰ ਪੂਰਬੀ ਕੈਨੇਡਾ ਦੇ ਲੋਕਾਂ ਅਤੇ ਮੈਂਬਰਾਂ ਨੂੰ ਆਪਣਾ ਇਹ ਖਿਆਲ ਸਮਝਾਉਣ ਵਿੱਚ ਬੜੀ ਮੁਸ਼ਕਲ ਪੇਸ਼ ਆਉਂਦੀ ਰਹੀ ਹੈ। ਮੈਨੂੰ ਯਕੀਨ ਹੈ ਕਿ ਹੁਣ ਪੂਰਬੀ ਕੈਨੇਡਾ ਦੇ ਮੈਂਬਰਾਂ ਅਤੇ ਸਾਮਰਾਜ ਦੇ ਹੋਰ ਹਿੱਸਿਆਂ ਦੇ ਮੈਂਬਰਾਂ ਦੀਆਂ ਭਾਵਨਾਵਾਂ ਵਿੱਚ ਤਬਦੀਲੀ ਆ ਰਹੀ ਹੈ। ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਅਗਲੇ ਸਾਲ ਅਸੀਂ ਕੈਨੇਡਾ ਦੀ ਪਾਰਲੀਮੈਂਟ ਵਿੱਚ ਐਸਾ ਕਾਨੂੰਨ ਪਾਸ ਕਰਵਾ ਸਕਾਂਗੇ ਜੋ ਕੈਨੇਡਾ ਦੇ ਲੋਕਾਂ ਦਿਆਂ ਵਿਚਾਰਾਂ ਦੀ ਤਰਜਮਾਨੀ ਕਰਦਾ ਹੋਵੇ। ....

ਪੂਰਬੀ ਹਿੱਸੇ ਵਿੱਚੋਂ ਆਏ ਇਹ ਲੋਕ ਕੌਂਸਲ ਦੇ ਦੋ ਆਰਡਰਾਂ ਦੀ ਉਲੰਘਣਾ ਕਰਦੇ ਹਨ। ਪਹਿਲੇ ਪੀ.ਸੀ. 25 ਮੁਤਾਬਕ ,"ਕਿਸੇ

ਵੀ ਮੁਲਕ ਤੋਂ ਆਉਣ ਵਾਲਾ ਅਵਾਸੀ ਕੈਨੇਡਾ ਵਿੱਚ ਦਾਖਲ ਨਹੀਂ ਹੋ ਸਕਦਾ ਜੇ ਉਹ ਆਪਣੀ ਮਾਤਭੂਮੀ ਤੋਂ ਸਿੱਧਾ ਨਹੀਂ ਆ ਰਿਹਾ।"... ਦੂਸਰਾ ਆਰਡਰ ਇਨ ਕੌਂਸਲ ਜਿਸਦੀ ਇਨ੍ਹਾਂ ਨੇ ਉਲੰਘਣਾ ਕੀਤੀ ਹੈ ਉਹ ਇਹ ਹੈ ਕਿ ਅਪ੍ਰੈਲ ਤੋਂ ਲੈਕੇ ਸਤੰਬਰ ਤੱਕ ਦੇ ਛੇ ਮਹੀਨਿਆਂ ਦੇ ਦੌਰਾਨ ਕੋਈ ਵੀ ਅਵਾਸੀ ਕੈਨੇਡਾ ਦਾਖਲ ਨਹੀਂ ਹੋਵੇਗਾ। ਇਹ ਗੱਲ ਵੀ ਸੱਤ ਮੁਲਕਾਂ ਦੇ ਅਵਾਸੀਆਂ ਉਪਰ ਲਾਗੂ ਹੁੰਦੀ ਹੈ। ਕੌਂਸਲ ਦੇ ਇਨ੍ਹਾਂ ਦੋ ਆਰਡਰਾਂ ਭਾਵ ਸਾਡੇ ਕਾਨੂੰਨ ਦੇ ਬਾਵਜੂਦ ਵੀ ਇਹ ਜਹਾਜ ਹਿੰਦੁਸਤਾਨ ਤੋਂ ਤੁਰਿਆ। ਸਾਡੇ ਇਨ੍ਹਾਂ ਹਿੰਦੁਸਤਾਨੀ ਦੋਸਤਾਂ ਨੇ ਦਾਅਵਾ ਕੀਤਾ ਹੈ ਕਿ ਉਹ ਜਾਣ ਬੁੱਝ ਕੇ ਹਿੰਦੁਸਤਾਨ ਤੋਂ ਚੱਲੇ ਹਨ ਤਾਂ ਕਿ ਉਹ ਇਸ ਕਾਨੂੰਨ ਦੀ ਪਰਖ ਕਰ ਸਕਣ। ਕਾਨੂੰਨ ਦੀ ਪਰਖ ਨਹੀਂ ਬਲਕਿ ਸਾਡੀਆਂ ਭਾਵਨਾਵਾਂ ਦੀ ਪਰਖ। ਉਨਾਂ ਸੋਚਿਆ ਸੰਭਵ ਹੈ ਕਿ ਜਦੋਂ ਉਹ ਇਸ ਸੁੰਨਸਾਨ ਕੰਢੇ 'ਤੇ ਆਉਣਗੇ ਤੇ ਅਸੀਂ ਉਨ੍ਹਾਂ ਨੂੰ ਉਤਰਨ ਤੋਂ ਰੋਕਣ ਦੀ ਕੋਸ਼ਿਸ਼ ਕਰਾਂਗੇ ਤਾਂ ਸਾਰਾ ਕੈਨੇਡਾ ਸਾਡੀ ਇਸ ਗੱਲ ਦਾ ਇੰਨਾ ਵਿਰੋਧ ਕਰੇਗਾ ਕਿ ਸਾਨੂੰ ਉਨ੍ਹਾਂ ਨੂੰ ਉਤਰਨ ਹੀ ਦੇਣਾ ਪਵੇਗਾ। ਜਦੋਂ ਇਹ ਜਹਾਜ ਆਇਆ ਉਦੋਂ ਕੈਨੇਡਾ ਦੀ ਸਰਕਾਰ ਨੇ ਇਮੀਗਰੇਸ਼ਨ ਅਧਿਕਾਰੀ ਮਿਸਟਰ ਮੈਲਕਮ ਰੀਡ ਨੂੰ ਹਦਾਇਤਾਂ ਕੀਤੀਆਂ ਕਿ ਕਾਨੂੰਨ ਨੂੰ ਪੂਰੀ ਤਰਾਂ ਲਾਗੂ ਕੀਤਾ ਜਾਵੇ ਅਤੇ ਉਹ ਕਾਨੂੰਨ ਅੱਜ ਵੀ ਕੈਨੇਡਾ ਸਰਕਾਰ ਦੀ ਪੂਰਨ ਸਹਿਮਤੀ ਨਾਲ ਲਾਗੂ ਕੀਤਾ ਜਾ ਰਿਹਾ ਹੈ।.. ਉਹਨਾਂ ਦੇ ਵਕੀਲ ਮਿਸਟਰ ਬਰਡ ਦੀ ਇੱਛਾ ਹੈ ਕਿ ਜਿਸ ਸਮੇਂ ਹੀ ਇਹ ਫੈਸਲਾ ਅਧਿਕਾਰਿਤ (official) ਤੌਰ ਤੇ ਉਹਨਾਂ ਨੂੰ ਸੁਣਾਇਆ ਜਾਵੇ ਉਸ ਸਮੇਂ ਹੀ ਉਹ ਹੇਬੀਅਸ ਕੋਰਪਸ( ਮੁਕੱਦਮਾ ਚਲਾਉਣ ਲਈ ਦੋਸ਼ੀ ਨੂੰ ਜਿਸਮਾਨੀ ਤੌਰ ਤੇ ਅਦਾਲਤ ਵਿੱਚ ਹਾਜ਼ਰ ਕਰਨਾ) ਦੀ ਅਰਜੀ ਕਰਕੇ ਮਸਲੇ ਨੂੰ ਅਦਾਲਤ ਵਿੱਚ ਲੈ ਜਾਣਗੇ। ਇਸਦਾ ਨਤੀਜਾ ਕੀ ਹੋਵੇਗਾ? ਇਹ ਹੀ ਕਿ ਜੇ ਲੋੜ ਪਈ ਤਾਂ ਮਸਲੇ ਨੂੰ ਅਦਾਲਤਾਂ ਵਿੱਚ ਘੜੀਸਿਆ ਜਾਵੇਗਾ ਤਾਂ ਕਿ ਇਮੀਗਰੇਸ਼ਨ ਮਹਿਕਮਾ ਦੇਸ਼ ਨਿਕਾਲੇ ਦਾ ਆਪਣਾ ਹੁਕਮ ਉਦੋਂ ਤੱਕ ਰੋਕਣ ਲਈ ਮਜਬੂਰ ਹੋ ਜਾਵੇ ਜਦੋਂ ਤੱਕ ਮਾਮਲਾ ਅਦਾਲਤਾਂ ਵਿੱਚ ਹੱਲ ਨਹੀਂ ਹੋ ਜਾਂਦਾ। ਇਮੀਗਰੇਸ਼ਨ ਦੇ ਕਾਨੂੰਨ ਦੀ ਇੱਕ ਵਿਸ਼ੇਸ਼ ਧਾਰਾ ਹੈ। ਇਸ ਨੂੰ ਬਹੁਤ ਸਾਰੇ ਲੋਕ ਪਸੰਦ ਕਰਦੇ ਹਨ ਅਤੇ ਉਹ ਦਾਅਵਾ ਕਰਦੇ ਹਨ ਇਸ ਧਾਰਾ ਅਧੀਨ ਇਹ ਸਾਡਾ ਹੱਕ ਹੈ ਕਿ ਅਸੀਂ ਅਵਾਸੀਆਂ ਦਾ ਦਾਖਲਾ ਅਦਾਲਤਾਂ ਦੇ ਫੈਸਲੇ ਤੋਂ ਬਿਨਾਂ ਵੀ ਰੋਕ ਸਕਦੇ ਹਾਂ। ਇਹ ਧਾਰਾ ਇਮੀਗਰੇਸ਼ਨ ਕਾਨੂੰਨ ਦੀ ਤੇਈਵੀਂ ਧਾਰਾ ਹੈ। ਮੇਰੇ ਖਿਆਲ ਵਿੱਚ ਜਦੋਂ ਇਹ ਧਾਰਾ ਬਣਾਈ ਗਈ ਸੀ ਇਸਦਾ ਮੰਤਵ ਇਹ ਹੀ ਸੀ ਕਿ ਅਦਾਲਤਾਂ ਨੂੰ ਇਮੀਗਰੇਸ਼ਨ ਦੇ ਮਸਲਿਆਂ ਵਿੱਚ ਦਖਲ ਦੇਣੋਂ ਰੋਕਿਆ ਜਾ ਸਕੇ। ਪਰ ਬਦਕਿਸਮਤੀ ਨਾਲ ਇਹ ਇਸ ਮੰਤਵ ਨੂੰ ਪੂਰਾ ਨਹੀਂ ਕਰਦੀ। ਜੇ ਤੁਸੀਂ ਇਕ ਮਿਨਟ ਧਿਆਨ ਦਿਉ ਤਾਂ ਮੈਂ ਪੜ੍ਹ ਕੇ ਸੁਣਾਉਂਦਾ ਹਾਂ ਇਸ ਨਾਲ ਇਹ ਨੁਕਤਾ ਤੁਹਾਡੀ ਵੀ ਸਮਝ ਵਿੱਚ ਆ ਜਾਵੇਗਾ:

"ਕੋਈ ਵੀ ਅਦਾਲਤ ਜਾਂ ਜੱਜ ਜਾਂ ਅਦਾਲਤ ਦੇ ਕਿਸੇ ਅਧਿਕਾਰੀ ਕੋਲ ਇਹ ਅਧਿਕਾਰ ਨਹੀਂ ਹੈ ਕਿ ਉਹ ਇਮੀਗਰੇਸ਼ਨ ਦੇ ਮੰਤਰੀ ਜਾਂ ਇਨਕੁਆਰੀ ਬੋਰਡ ਜਾਂ ਇਮੀਗਰੇਸ਼ਨ ਦੇ ਅਫਸਰ ਦੇ ਫੈਸਲੇ ਨੂੰ ਦੁਬਾਰਾ ਜਾਂਚੇ ਜਾਂ ਰੱਦ ਕਰੇ ਜਾਂ ਰੋਕ ਦੇਵੇ ਜਾਂ ਬਦਲ ਦੇਵੇ ਜਾਂ ਕਿਸੇ ਹੋਰ ਤਰੀਕੇ ਨਾਲ ਉਸਦੀ ਕਾਰਵਾਈ ਵਿੱਚ ਦਖਲਅੰਦਾਜ਼ੀ ਕਰੇ।"

ਜੇ ਕਰ ਗੱਲ ਇਥੇ ਹੀ ਮੁੱਕ ਜਾਂਦੀ ਤਾਂ ਠੀਕ ਸੀ ਪਰ ਇਸ ਧਾਰਾ ਵਿੱਚ ਅੱਗੇ ਚੱਲਕੇ ਇਹ ਲਿਖਿਆ ਹੈ ਕਿ:

"ਉਸ ਫੈਸਲੇ ਬਾਰੇ ਜੋ ਕਿ ਕਾਨੂੰਨ ਦੀ ਇਸ ਧਾਰਾ ਦੇ ਅਧੀਨ ਅਤੇ ਇਸਦੀ ਪੂਰੀ ਤਰਾਂ ਪਾਲਨਾ ਕਰਕੇ ਦਿੱਤਾ ਹੋਵੇ।"

ਇਸ ਤਰ੍ਹਾਂ ਸਾਡੇ ਛਾਤਰ ਕਾਨੂੰਨੀ ਦੋਸਤ ਇਨ੍ਹਾਂ ਸ਼ਬਦਾਂ ਦਾ ਇਹ ਅਰਥ ਕੱਢਦੇ ਹਨ ਕਿ ਅਦਾਲਤ ਨੂੰ ਇਹ ਅਧਿਕਾਰ ਹੈ ਕਿ ਉਹ ਇਹ ਗੌਰ ਕਰ ਸਕੇ ਕਿ ਕੋਈ ਫੈਸਲਾ ਲੈਣ ਸਮੇਂ ਇਮੀਗਰੇਸ਼ਨ ਅਧਿਕਾਰੀ ਨੇ ਕਾਨੂੰਨ ਦੀ ਪੂਰੀ ਪੂਰੀ ਪਾਲਣਾ ਕੀਤੀ ਹੈ ਕਿ ਨਹੀਂ। ਅਦਾਲਤ ਨੂੰ ਇਹ ਅਧਿਕਾਰ ਨਹੀਂ ਕਿ ਉਹ ਉਸ ਫੈਸਲੇ ਨੂੰ ਬਦਲ ਸਕੇ ਜੋ ਕਾਨੂੰਨ ਦੀ ਠੀਕ ਪਾਲਣਾ ਕਰਕੇ ਦਿੱਤਾ ਗਿਆ ਹੋਵੇ ਪਰ ਉਸ ਕੋਲ ਇਹ ਅਧਿਕਾਰ ਹੈ ਕਿ ਉਹ ਇਹ ਕਹਿ ਸਕੇ ਕਿ ਇਹ ਫੈਸਲਾ ਕਾਨੂੰਨ ਦੀ ਠੀਕ ਪਾਲਣਾ ਕਰਕੇ ਨਹੀਂ ਦਿੱਤਾ ਗਿਆ ਇਸ ਲਈ ਉਹ(ਅਦਾਲਤ) ਇਸਨੂੰ ਬਦਲ ਸਕਦੀ ਹੈ। ਮੈਨੂੰ ਇਹ ਕਹਿੰਦੇ ਕੁੱਝ ਝਿਜਕ ਮਹਿਸੂਸ ਹੁੰਦੀ ਹੈ ਕਿ ਅੱਜ ਬੀ.ਸੀ. ਵਿੱਚ ਅਜਿਹੇ ਜੱਜ ਵੀ ਹਨ ਜੋ ਅਜਿਹਾ ਫੈਸਲਾ ਦੇਣ ਲਈ ਤਿਆਰ ਹਨ ਜੋ ਸਾਰੀ ਜੰਤਾ ਦੀ ਰਾਇ ਦੇ ਉਲਟ ਹੋਵੇ। ਇਸ ਕਾਨੂੰਨ ਦਾ ਇਹੀ ਮਤਲਬ ਹੈ। ਕੁੱਝ ਲੋਕ ਕਹਿੰਦੇ ਹਨ ਕਿ ਤੁਸੀਂ ਆਪਣਾ ਕੇਸ ਲੈ ਕੇ ਅਦਾਲਤ ਵਿੱਚ ਕਿਉਂ ਨਹੀਂ ਜਾਂਦੇ। ਅਸੀਂ ਅਦਾਲਤ ਵਿੱਚ ਜਾਣ ਲਈ ਤਿਆਰ ਹਾਂ ਬਸ਼ਰਤੇ ਕਿ ਸਾਨੂੰ ਕੋਈ ਨਿਰਪੱਖ ਅਦਾਲਤ ਮਿਲੇ।...

... ਅੰਤ ਵਿੱਚ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਾਤੀ ਤੌਰ 'ਤੇ ਮੇਰੇ ਦਿਲ ਵਿੱਚ ਏਸ਼ੀਆ ਦੇ ਲੋਕਾਂ ਪ੍ਰਤੀ ਕੋਈ ਮੰਦੀ ਭਾਵਨਾ ਨਹੀਂ ਹੈ ਪਰ ਮੈਂ ਇਹ ਗੱਲ ਦੋਬਾਰਾ ਦੁਹਰਾਉਣਾ ਚਾਹੁੰਦਾ ਹਾਂ ਕਿ ਕੈਨੇਡਾ ਦੇ ਲੋਕਾਂ ਦੇ ਰਹਿਣ ਦਾ ਤੌਰ ਤਰੀਕਾ ਇਸ ਗੱਲ ਦੀ ਇਜਾਜਤ ਨਹੀਂ ਦਿੰਦਾ ਕਿ ਏਸ਼ੀਆ ਤੋਂ ਬਹੁਤੀ ਗਿਣਤੀ ਵਿੱਚ ਅਵਾਸੀਆਂ ਨੂੰ ਇੱਥੇ ਆ ਲੈਣ ਦਿੱਤਾ ਜਾਵੇ। ਜੇ ਅਸੀਂ ਆਪਣੇ ਤੋਂ ਬਿਲਕੁਲ ਵੱਖਰੀ ਕਿਸਮ ਦੇ ਲੋਕਾਂ ਨੂੰ ਇੱਥੇ ਆ ਲੈਣ ਦਿੱਤਾ ਤਾਂ ਸਾਡੇ ਵਾਸਤੇ ਆਪਣੇ ਰਹਿਣ ਸਹਿਣ ਦਾ ਉੱਚਾ ਦਰਜਾ ਬਰਕਰਾਰ ਰੱਖਣਾ ਅਸੰਭਵ ਹੋਵੇਗਾ। ਇਹ ਸਵਾਲ ਨਸਲੀ ਅਹਿੰਕਾਰ ਦਾ ਨਹੀਂ ਹੈ। ਇਹ ਸਵਾਲ ਉਹਨਾਂ ਸਮਾਜਿਕ ਅਤੇ ਆਰਥਿਕ ਹਾਲਤਾਂ ਦਾ ਹੈ ਜੋ ਦੋ ਅਲੱਗ ਅਲੱਗ ਅਤੇ ਆਪਸ ਵਿੱਚ ਨਾ ਰਚ ਮਿਚ ਸਕਣ ਵਾਲੇ ਤੌਰ ਤਰੀਕਿਆਂ ਦੇ ਹੁੰਦੇ ਹੋਏ, ਬਰਕਰਾਰ ਰੱਖਣੀਆਂ ਅਸੰਭਵ ਹਨ। ਜਿੱਥੋਂ ਤੱਕ ਮੇਰਾ ਸਬੰਧ ਹੈ, ਮੈਂ ਇਸ ਮਹਾਨ ਅਸੂਲ ਉਪਰ ਖੜ੍ਹਣ ਦਾ ਇੱਛਕ ਹਾਂ ਕਿ ਕੈਨੇਡਾ ਚਿੱਟੇ ਲੋਕਾਂ ਦਾ ਅਤੇ ਬੀ.ਸੀ. ਚਿੱਟੇ ਲੋਕਾਂ ਦੀ।

ਅਨੁਵਾਦ:ਅਮਨਪਾਲ ਸਾਰਾ

# ਮਾਰੂ ਦੇ ਮੁਸਾਫਰਾਂ ਵਲੋਂ ਉਨੀ ਜੁਲਾਈ ਨੂੰ ਅਖਬਾਰਾਂ ਲਈ ਭੇਜੀ ਗਈ ਰੀਪੋਰਟ "ਮਾਰੂ 'ਤੇ ਹਿੰਦੂਆਂ ਨੇ ਰਾਤ ਪੁਲਸ ਨੂੰ ਹਰਾ ਦਿੱਤਾ"

ਕੀ ਤੁਸੀਂ ਕਿਰਪਾ ਕਰਕੇ ਆਪਣੇ ਪੇਪਰ ਵਿਚ ਹੇਠ ਲਿਖੀਆਂ ਕੁਝ ਲਾਈਨਾਂ ਲਈ ਥਾਂ ਦੇਵੋਗੇ।

ਕੱਲ ਰਾਤੀਂ ਪੁਲੀਸ ਦੇ ਚਾਰ ਸੌ ਹਥਿਆਰਬੰਦ ਸਿਪਾਹੀਆਂ ਨੇ ਕਾਮਾਗਾਟਾ ਮਾਰੂ ਨੂੰ ਬੰਦਰਗਾਹ ਵਿਚੋਂ ਬਾਹਰ ਕੱਢਣ ਦੇ ਇਰਾਦੇ ਨਾਲ ਹਮਲਾ ਕਰ ਦਿੱਤਾ। ਉਹਨਾਂ ਦੇ ਆਉਣ ਤੋਂ ਤੀਹ ਮਿੰਟ ਪਹਿਲਾਂ ਉਹਨਾਂ ਦੇ ਆਉਣ ਦੀ ਖਬਰ ਦਿੰਦਿਆਂ ਸਰਕਾਰੀ ਅਨੁਵਾਦਕ ਮਿਸਟਰ ਹਾਪਕਿਨਸਨ ਨੇ ਕਿਹਾ ਕਿ ਚੰਗਾ ਹੈ ਤੁਸੀਂ ਖੁੱਦ ਹੀ ਜਹਾਜ਼ ਨੂੰ ਤੋਰ ਲਵੋ ਨਹੀਂ ਤਾਂ ਪੰਜ ਸੌ ਸਿਪਾਹੀ ਪੂਰੇ ਹਥਿਆਰਾਂ ਸਮੇਤ ਆ ਰਹੇ ਹਨ ਅਤੇ ਆ ਕੇ ਜਬਰਦਸਤੀ ਜਹਾਜ਼ 'ਤੇ ਆਉਣਗੇ ਅਤੇ ਜਿਸ ਵੀ ਹਿੰਦੂ ਨੇ ਵਿਰੋਧਤਾ ਕੀਤੀ ਮਾਰ ਦਿੱਤਾ ਜਾਵੇਗਾ। ਇਹ ਸੁਣ ਕੇ ਪਹਿਰੇਦਾਰਾਂ ਨੇ ਆਪਣੇ ਸਾਰੇ ਸਾਥੀਆਂ ਨੂੰ ਜਗਾਇਆ ਤਾਂ ਕਿ ਕਾਲੀਆਂ ਵਰਦੀਆਂ ਵਾਲਿਆਂ ਦਾ ਮੁਕਾਬਲਾ ਕੀਤਾ ਜਾ ਸਕੇ। ਸਾਨੂੰ ਕੁਝ ਦਿਨਾਂ ਤੋਂ ਪਹਿਰੇ ਲਾਉਣੇ ਪਏ ਸਨ ਕਿਉਂਕਿ ਪੁਲੀਸ ਇੰਨਸਪੇਕਟਰ ਨੇ ਸਾਨੂੰ ਦੱਸਿਆ ਸੀ ਕਿ ਪੁਲੀਸ ਜੋਰ ਨਾਲ ਜਹਾਜ਼ ਨੂੰ ਇਥੋਂ ਕੱਢ ਦੇਵੇਗੀ। ਮਾਰੂ ਦੇ ਸਾਰੇ ਹਿੰਦੂ ਜਿਹਨਾਂ ਦੀ ਕੁਲ ਗਿਣਤੀ 352 ਹੈ ਜਹਾਜ਼ ਦੇ ਡੈੱਕ 'ਤੇ ਆ ਗਏ ਅਤੇ ਕਤਾਰਬੰਦੀ ਕਰ ਲਈ ਗਈ। ਪੁਲੀਸ ਦੀ ਬੇੜੀ ਮਾਰੂ ਦੇ ਕੋਲ ਪਹੁੰਚ ਗਈ ਅਤੇ ਬੱਤੀਆਂ ਦੀ ਰੋਸ਼ਨੀ ਵਿਚ ਉਹਨੀ ਦੇਖਿਆ ਕਿ ਹਰ ਪਾਸੇ ਹਿੰਦੂ ਕਤਾਰਾਂ ਵਿਚ ਖੜੇ ਹਨ। ਪੁਲੀਸ ਨੇ ਇਕ ਮਜਬੂਤ ਰੱਸੇ ਨਾਲ ਬੇੜੀ ਨੂੰ ਮਾਰੂ ਦੇ ਨਾਲ ਬੰਨ ਦਿੱਤਾ। ਹਿੰਦੂਆਂ ਨੇ ਇਕ ਤਿੱਖੇ ਹਥਿਆਰ ਨਾਲ ਰੱਸਾ ਵੱਢ ਦਿੱਤਾ। ਪੁਲੀਸ ਨੇ ਵਥੇਰਾ ਰੌਲਾ ਪਾਇਆ ਅਤੇ ਗੰਨਾਂ ਦੇ ਫਾਇਰ ਵੀ ਕੀਤੇ ਪਰ ਕੋਈ ਫਾਇਦਾ ਨਹੀਂ ਹੋਇਆ। ਫੇਰ ਉਹਨਾਂ ਨੇ ਪਾਣੀ ਦੇ ਪਾਇਪਾਂ ਰਾਹੀਂ ਪਾਣੀ ਸਿਟਿਆ ਪਰ ਹਿੰਦੂਆਂ ਨੇ ਉਸਦੀ ਰਤਾ ਪਰਵਾਹ ਨਹੀਂ ਕੀਤੀ ਅਤੇ ਉਹਨਾਂ ਉਪਰ ਕੋਲਾ ਮਾਰਨ ਲੱਗ ਪਏ। ਜਦੋਂ ਸਾਰਿਆਂ ਨੇ ਕੋਲਾ ਮਾਰਨਾ ਸ਼ੁਰੂ ਕਰ ਦਿੱਤਾ ਅਤੇ ਉਚੀ ਉਚੀ ਲਲਕਾਰੇ ਮਾਰਨੇ ਸ਼ੁਰੂ ਕਰ ਦਿੱਤੇ ਤਾਂ ਪੁਲੀਸ ਦਾ ਦਿਮਾਗ਼ ਕੰਮ ਕਰਨੋ ਹੱਟ ਗਿਆ ਅਤੇ ਉਹ ਬਚਣ ਲਈ ਬੇੜੀ ਦੇ ਅੰਦਰ ਨੂੰ ਭੱਜੇ - ਉਹ ਸੀਨ ਬੜਾ ਹੀ ਵਧੀਆ ਸੀ। ਉਹਨਾਂ ਵਿਚੋਂ ਕਈਆਂ ਦੀਆਂ ਟੋਪੀਆਂ ਡਿਗ ਪਈਆਂ ਜੋ ਸਮੁੰਦਰ ਦੇ ਪਾਣੀ ਵਿਚ ਤਰ ਰਹੀਆਂ ਸਨ। ਉਹਨਾਂ ਨੇ ਕਾਹਲੀ ਨਾਲ ਬੇੜੀ ਦੂੜਾ ਲੈ ਜਾਣ ਦੀ ਕੋਸ਼ਿਸ਼ ਕੀਤੀ ਅਤੇ ਹਿੰਦੂਆਂ ਨੇ ਵੀ ਜਹਾਜ਼ ਦੇ ਉਪਰਲੇ ਡੈੱਕ ਤੇ ਚੜਕੇ ਉਹਨਾਂ ਜਾਂਦਿਆਂ ਦੇ ਕੋਲੇ ਮਾਰੇ। ਕਈ ਹਿੰਦੂਆਂ ਦੇ ਵੀ ਗਹਿਰੀਆਂ ਚੋਟਾਂ ਆਈਆਂ ਹਨ ਪਰ ਕਾਲੀਆਂ ਵਰਦੀਆਂ ਵਾਲੇ ਬੇਸ਼ਰਮ ਹੋ ਕੇ ਮੁੜੇ ਅਤੇ ਹਿੰਦੂਆਂ ਨੇ 'ਸੱਤ ਸ੍ਰੀ ਅਕਾਲ' ਦੇ ਜੈਕਾਰੇ ਗੂੰਜਾਏ, ਜਿਹਦਾ ਮਤਲਬ ਹੈ 'ਰੱਬਾ ਮੱਦਦ ਕਰੀਂ' (God Help)।

ਸਾਨੂੰ ਪੁਲੀਸ ਦੇ ਇਸ ਬੇਵਕੂਫਾਂ ਵਾਲੇ ਕਾਰਨਾਮੇ ਦੀ ਸਮਝ ਨਹੀਂ ਲਗਦੀ ਕਿ ਉਹਨਾਂ ਨੇ ਆ ਕੇ ਕਿਰਾਏਦਾਰਾਂ ਦੀ ਮਨਜ਼ੂਰੀ ਤੋਂ ਬਿਨ੍ਹਾਂ ਹੀ ਜਹਾਜ਼ ਨੂੰ ਜਬਰਦਸਤੀ ਇਥੋਂ ਬਾਹਰ ਕੱਢਣ ਲਈ ਹਮਲਾ ਕਰ ਦਿੱਤਾ। ਜਹਾਜ਼ ਦੇ ਜਪਾਨੀ ਕਰਿੰਦੇ ਆਪਣੀਆਂ ਕੈਬਿਨ੍ਹਾਂ ਵਿਚੋਂ ਬਾਹਰ ਨਹੀਂ ਨਿਕਲੇ, ਉਹ ਬੰਦੂਕ ਦੇ ਫਾਇਰਾਂ ਅਤੇ ਪੈਂਦੇ ਰੌਲੇ ਤੋਂ ਭੈਭੀਤ ਹੋ ਗਏ ਸਨ। ਪੁਲੀਸ ਆਪਣੇ ਕੰਮ ਵਿਚ ਅਸਫਲ ਹੋ ਕੇ ਮੁੜੀ।

ਜਿਹੜਾ ਵੀ ਇਹ ਖਬਰ ਅਖਬਾਰਾਂ ਨੂੰ ਦੇਵੇਗਾ ਅਸੀਂ ਉਹਦੇ ਬਹੁਤ ਸ਼ੁਕਰਗੁਜ਼ਾਰ ਹੋਵਾਂਗੇ।

ਦਸਖਤ

ਕਾਮਾਗਾਟਾ ਮਾਰੂ ਦਾ ਇਕ ਮੁਸਾਫਰ

ਅਨੁਵਾਦ - ਸਾਧੂ ਬਿਨਿੰਗ


75ਵੀਂ ਵਰ੍ਹੇ ਗੰਢ 'ਤੇ ਕਾਮਾਗਾਟਾ ਮਾਰੂ ਵਿੱਚ ਆਏ ਮੁਸਾਫਰਾਂ ਦੀ ਯਾਦ ਵਿਚ

JASBIR SANDHU
325- 8682

JIM JUMANI
275-0249

SUTTON GROUP
MEDDALION REALTY
#1-9200-120th St.
Surrey, B.C.
581-1211

Sutton GROUP



ਕਾਮਾਗਾਟਾ ਮਾਰੂ ਦੇ ਮੁਸਾਫਰਾਂ ਦੇ ਹੌਂਸਲੇ
ਅਤੇ ਦ੍ਰਿੜਤਾ ਨੂੰ ਪ੍ਰਣਾਮ:

ਅਸ਼ੋਕਾ ਟਰੇਡਿੰਗ
ASHOKA TRADING

**Main St. Branch**
**6621 Main St.**
**Vanccouver**
**Ph. 324-7521**

**Fraser St. Branch**
**6231 Fraser St.,**
**Vancouver**
**Ph. 324-7521**

# ਇਮੀਗਰੇਸ਼ਨ ਦੀਆਂ ਸਮੱਸਿਆਵਾਂ–
# ਕਾਮਾਗਾਟਾ ਮਾਰੂ
# ਪ੍ਰਿੰਸੀਪਲ ਜੋਹਨ ਮਕੇਅ

(ਜੁਲਾਈ 1914 ਵਿਚ ਨਿਊ ਵੈਸਟ ਮਿਨਸਟਰ 'ਚੋਂ ਨਿਕਲਦੇ ਇਕ ਮੈਗਜ਼ੀਨ ਵਿੱਚ ਕਾਮਾਗਾਟਾ ਮਾਰੂ ਬਾਰੇ ਛਪੀ ਇਕ ਰਾਇ)

## ਕਸੂਰ ਕਿਸਦਾ ਹੈ?

ਪਰ ਇਸ ਵਿਚ ਕਸੂਰ ਕਿਸਦਾ ਹੈ? ਸੱਭ ਤੋਂ ਪਹਿਲਾਂ ਤਾਂ ਕਸੂਰ ਵੈਨਕੂਵਰ ਰਹਿੰਦੇ ਅੰਦੋਲਨ ਫੈਲਾਉਣ ਵਾਲੇ ਇਕ ਗਰੁੱਪ ਦਾ ਹੈ ਜਿਹਨਾਂ ਨੇ ਇਹ ਜਾਣਦਿਆਂ ਹੋਇਆਂ ਵੀ ਕਿ ਉਹਨਾਂ ਦੇ ਆਪਣੇ ਕਈ ਦੇਸਵਾਸੀ ਕੰਮਾਂ ਤੋਂ ਵਿਹਲੇ ਹਨ, ਸੈਂਕੜੇ ਗੋਰੇ ਬੇਕਾਰ ਹਨ, ਅਤੇ ਇਹ ਜਾਣਦਿਆਂ ਹੋਇਆਂ ਵੀ ਕਿ ਇਹ ਔਖਾ ਸਮਾਂ ਲੰਘਣ ਤੱਕ ਇਮੀਗਰੇਸ਼ਨ 'ਤੇ ਪਾਬੰਦੀ ਹੈ, ਫੇਰ ਵੀ ਜਾਣ ਬੁਝ ਕੇ ਆਪਣੇ ਦੇਸਵਾਸੀਆਂ ਨੂੰ ਸਾਡੇ ਕਾਨੂੰਨ ਤੋੜਨ ਲਈ ਇਹ ਹੈਰਾਨੀਜਨਕ ਕੋਸ਼ਿਸ਼ ਕਰਨ ਦੀ ਸਲਾਹ ਦਿੱਤੀ। ਇਹ ਆਦਮੀ ਅਤੇ ਇੰਡੀਆ ਵਿਚਲੇ ਇਹਨਾਂ ਦੇ ਇਨਕਲਾਬੀ ਸਾਥੀ ਹੀ ਅਸਲੀ ਕਸੂਰਵਾਰ ਹਨ ਅਤੇ ਇਹ ਸੱਚੀ ਗੱਲ ਇੰਡੀਆ ਦੇ ਸਾਰੇ ਲੋਕਾਂ ਤੱਕ ਜ਼ਰੂਰ ਪਹੁੰਚਾਈ ਜਾਣੀ ਚਾਹੀਦੀ ਹੈ। ਕਾਮਾਗਾਟਾ ਮਾਰੂ ਦੇ ਬਹੁਤੇ ਮੁਸਾਫਰ ਤਾਂ ਇਸ ਵੱਡੀ ਖੇਡ ਦੇ ਮੋਹਰੇ ਹਨ ਜਿਹਦਾ ਅਸਲੀ ਇਰਾਦਾ ਇੰਡੀਆ ਵਿਚ ਅੰਗਰੇਜ਼ੀ ਹਕੂਮਤ ਨੂੰ ਬਦਨਾਮ ਕਰਨਾ ਹੈ। ਮੁਸਾਫਰਾਂ ਦਾ ਵੱਡਾ ਹਿੱਸਾ ਤਾਂ ਪੂਰਬੀ ਬੰਦਰਗਾਹਾਂ ਤੋਂ ਕੱਢੀ ਹੋਈ ਰਹਿੰਦ-ਖੂੰਹਦ ਹੈ ਜਿਹਨਾਂ ਨੂੰ ਕੋਈ ਵੀ ਮੁਲਕ ਸਹਿਣ ਨਹੀਂ ਕਰ ਸਕਦਾ। ਪਰ ਫੇਰ ਵੀ ਇਹ ਸਾਰੇ ਸਾਡੇ ਤਰਸ ਦੇ ਹੱਕਦਾਰ ਹਨ ਅਤੇ ਇਹਨਾਂ ਨਾਲ ਹਾਲਤ ਦੇ ਮੁਤਾਬਕ ਜਿੰਨੀ ਵੀ ਸੰਭਵ ਹੋ ਸਕੇ ਰਹਿਮਦਲੀ ਵਰਤਣੀ ਚਾਹੀਦੀ ਹੈ। ਪਰ ਜੇ ਇਹਨਾਂ ਨੂੰ ਇਥੇ ਉਤਰਨ ਦੀ ਆਗਿਆ ਦੇ ਦਿੱਤੀ ਜਾਵੇ ਤਾਂ ਇਹਨਾਂ ਹੀ ਬੰਦਿਆਂ ਵਲੋਂ ਇਸ ਨੂੰ ਸਾਡੀ ਕਮਜ਼ੋਰੀ ਸਮਝਿਆ ਜਾਵੇਗਾ ਅਤੇ ਇਸ ਕਿਸਮ ਦੇ ਭਰੇ ਹੋਏ ਹੋਰ ਜਹਾਜ਼ ਇਧਰ ਨੂੰ ਤੁਰੇ ਆਉਣਗੇ। ਨਾਲੇ ਸਾਡੀ ਇਥੋਂ ਦੀ ਬੇਰੁਜ਼ਗਾਰੀ ਦੀ ਹਾਲਤ ਕਾਫੀ ਮਾੜੀ ਹੈ ਅਤੇ ਇਹਨਾਂ ਦਾ ਉਤਰਨਾ ਸਾਰੇ ਹੀ ਪੂਰਬੀ ਲੋਕਾਂ ਵਿਰੁੱਧ ਪਹਿਲਾਂ ਹੀ ਕਾਫੀ ਤੇਜ਼ ਨਫਰਤ ਨੂੰ ਹੋਰ ਤੜਕਾ ਦੇਵੇਗਾ ਅਤੇ ਇਹਨਾਂ ਇਨਕਲਾਬੀਆਂ ਨੂੰ ਇੰਡੀਆ ਵਿਚ ਹੋਰ ਭਾਂਬੜ ਬਾਲਣ ਲਈ ਮਸਾਲਾ ਮਿਲ ਜਾਵੇਗਾ। ਪਰ ਜੇ ਇਹਨਾਂ ਨੂੰ ਵਾਪਸ ਭੇਜਿਆ ਗਿਆ ਤਾਂ ਹਰ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਇਹਨਾਂ ਨੂੰ ਸਾਰੀ ਹਾਲਤ ਸਮਝਾ ਦਿੱਤੀ ਜਾਵੇ ਤਾਂ ਕਿ ਇਹਨਾਂ ਦਾ ਗੁੱਸਾ ਘਟਾਇਆ ਜਾ ਸਕੇ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹਨਾਂ ਵਿਚੋਂ ਹਰ ਵਿਅਕਤੀ ਮਨ ਵਿਚ ਗੁੱਸੇ ਦੀ ਭਾਵਨਾ ਲੈ ਕੇ ਜਾਵੇਗਾ। ਪਰ ਇਹ ਗੱਲ ਚੰਗੀ ਹੈ ਬਜਾਇ ਇਸ ਦੇ ਕਿ ਇਥੇ ਹੋਰ ਇਹਨਾਂ ਵਰਗੇ ਹਜ਼ਾਰਾਂ ਆਉਣ ਤੇ ਉਹਨਾਂ ਨੂੰ ਵੀ ਇਹਨਾਂ ਵਰਗਾ ਹੀ ਤਜ਼ਰਬਾ ਹੋਵੇ, ਜਾਂ ਇਸਦਾ ਨਤੀਜਾ ਇਹ ਨਿਕਲੇ ਕਿ ਸਾਰਾ ਬਰਿਟਿਸ਼ ਕੋਲੰਬੀਆ ਹੀ ਪੂਰਬੀ ਲੋਕਾਂ ਦਾ ਸੂਬਾ ਬਣ ਜਾਵੇ। ਮਸਲਾ ਬਹੁਤ ਗੰਭੀਰ ਹੈ ਅਤੇ ਸਾਵਧਾਨ ਧਿਆਨ ਦੀ ਮੰਗ ਕਰਦਾ ਹੈ ਤਾਂ ਕਿ ਇਹਨਾਂ ਬਦਕਿਸਮਤ ਲੋਕਾਂ ਨੂੰ ਅਸਲੀਅਤ ਦਾ ਪਤਾ ਲੱਗ ਸਕੇ ਕਿ ਅਸਲੀ ਕਸੂਰਵਾਰ ਕੌਣ ਹੈ।

## ਭਾਰਤ ਵਿੱਚ ਸਾਰਾ ਸੱਚ ਪ੍ਰਕਾਸ਼ਤ ਹੋਣਾ ਚਾਹੀਦਾ ਹੈ।

ਇਸ ਸਮੇਂ ਸਾਡੇ ਇਥੇ ਬੜੇ ਸਾਫ ਕਾਨੂੰਨ ਹਨ ਜਿਹੜੇ ਕਾਰੀਗਰਾਂ ਤੇ ਮਜ਼ਦੂਰਾਂ ਨੂੰ ਦੇਸ ਤੋਂ ਬਾਹਰ ਰੱਖਣ ਲਈ ਬਣੇ ਹਨ। ਜੇ ਇਹਨਾਂ ਜਮਾਤਾਂ ਦੇ ਕੁਝ ਹਿੰਦੂ ਇਥੇ ਭੁਲੇਖੇ ਨਾਲ ਆ ਜਾਂਦੇ ਤਾਂ ਅਸੀਂ ਉਹਨਾਂ ਲਈ ਕਾਨੂੰਨ ਕੁਝ ਨਰਮ ਕਰ ਸਕਦੇ ਸਾਂ। ਪਰ ਹਿੰਦੂਆਂ ਦੇ ਕਿਸੇ ਵੀ ਅਨਜਾਣ ਗਰੁੱਪ ਨੇ ਕਦੀ ਇਸ ਤਰ੍ਹਾਂ ਦੀ ਸਕੀਮ ਨਹੀਂ ਘੜੀ ਕਿ ਜਹਾਜ਼ ਕਰਾਏ 'ਤੇ ਕਰ ਕੇ, ਸ਼ਾਂਤ ਮਹਾਂ ਸਾਗਰ ਨੂੰ ਪਾਰ ਕਰਕੇ, ਆ ਕੇ ਸਾਡੇ ਕਾਨੂੰਨਾਂ ਨੂੰ ਵੰਗਾਰਨ, ਸਾਡੇ ਮੁਲਕ ਵਿਚ ਕੌਣ ਰਹਿ ਸਕਦਾ ਹੈ, ਦੇ ਫੈਸਲੇ ਦੇ ਸਾਡੇ ਹੱਕ ਨੂੰ ਵੰਗਾਰਨ। ਇਹ ਬਦਮਾਸ਼ ਲੋਕਾਂ ਦੀ ਸੋਚੀ ਸਮਝੀ ਸਕੀਮ ਹੈ ਅਤੇ ਇਹਨਾਂ ਤੋਂ ਇਜ਼ਤ ਕਰਾਉਣ ਦਾ ਪਹਿਲਾ ਤਰੀਕਾ ਇਹ ਹੀ ਹੈ ਕਿ ਕਾਮਾਗਾਟਾ ਮਾਰੂ ਨੂੰ ਵਾਪਸ ਭੇਜ ਕੇ ਇਹਨਾਂ ਨੂੰ ਇਹਨਾਂ ਦੀ ਹੀ ਖੇਡ ਵਿਚ ਹਰਾਇਆ ਜਾਵੇ। ਇਹ ਗੱਲ ਸਾਫ ਹੈ ਕਿ ਸਾਰੀ ਸਕੀਮ ਅਤੇ ਇਸਦੇ ਸਿੱਟੇ ਬਹੁਤ ਵਧੀਆ ਤਰੀਕੇ ਨਾਲ ਘੜੇ ਗਏ ਹਨ ਕਿ ਇੰਡੀਆ ਵਿਚ ਬਗਾਵਤ ਕਰਨ ਵਾਲਿਆਂ ਨੂੰ ਹੋਰ ਮਸਾਲਾ ਮਿਲੇ, ਪਰ ਸਚਾਈ ਵੀ ਸਫਰ ਕਰਦੀ ਹੈ ਅਤੇ ਦੋਵੇਂ ਬਰਤਾਨਵੀ ਤੇ ਕੈਨੇਡੀਅਨ ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਇਸ ਗੱਲ ਦਾ ਧਿਆਨ ਰੱਖਣ ਕਿ ਇਹ ਸਚਾਈ ਇੰਡੀਆ ਦੀ ਹਰ ਝੋਪੜੀ ਵਿਚ ਪਹੁੰਚੇ ਜਿਥੇ ਲੋਕਾਂ ਨੂੰ ਇਸ ਮਸਲੇ ਨਾਲ ਭੜਕਾਇਆ ਜਾ ਰਿਹਾ ਹੈ।

## ਪੱਖਪਾਤੀ ਵਿਤਕਰਾ

ਪਰ ਸੱਭ ਕੁਝ ਕਹਿਣ ਸੁਨਣ ਤੋਂ ਬਾਅਦ ਅਸੀਂ ਵੀ ਆਪਣੇ ਆਪ ਨੂੰ ਕਸੂਰ-ਰਹਿਤ ਨਹੀਂ ਕਹਿ ਸਕਦੇ ਅਤੇ ਜੇ ਹਿੰਦੂ ਗੁੱਸਾ ਕਰਦੇ ਹਨ ਤਾਂ ਅਸੀਂ ਉਸ 'ਤੇ ਹੈਰਾਨੀ ਜ਼ਾਹਿਰ ਨਹੀਂ ਕਰ ਸਕਦੇ। ਜਦ ਕਾਮਾਗਾਟਾ ਮਾਰੂ ਸਾਡੀ ਬੰਦਰਗਾਹ ਤੇ ਲੰਗਰ ਸੁੱਟੀ ਖੜਾ ਹੈ ਤਾਂ ਐਮਪਰੇਸ ਆਫ ਏਸ਼ੀਆ ਸਿੱਧਾ ਘਾਟ 'ਤੇ ਆਇਆ ਅਤੇ ਕਈ ਸੌ ਚੀਨਿਆਂ ਨੂੰ ਉਤਰਨ ਦੀ ਆਗਿਆ ਦੇ ਦਿੱਤੀ ਗਈ।...

* (Westminister Hall Magzine and Farthest Wset Review No.6 Vol. V ,July, 1914 )

ਅਨੁਵਾਦ : ਸਾਧੂ ਬਿਨਿੰਗ

# ਕਾਮਾਗਾਟਾ ਮਾਰੂ ਤੇ ਇਸਾਈ ਧਰਮ

## ਐਸ ਐਸ ਊਸਟਰਹਾਊਟ

(ਕਾਮਾਗਟਾ ਮਾਰੂ ਦੀ ਘਟਨਾ ਦੇ ਲੋਕਾਂ ਉਪਰ ਕਈ ਕਿਸਮ ਦੇ ਪ੍ਰਭਾਵ ਪਏ । ਇਸਾਈ ਧਰਮ ਦੇ ਇਕ ਪਰਚਾਰਕ ਐਸ ਐਸ ਉਸਟਰਹਾਊਟ ਨੇ 1929 ਵਿੱਚ ਇਸ ਘਟਨਾ ਦੇ ਅਸਰ ਨੂੰ ਇਸ ਤਰੀਕੇ ਨਾਲ ਬਿਆਨ ਕੀਤਾ:-ਸੰਪਾਦਕ)

ਬਗਾਵਤ : ਉਸ ਸਮੇ ਅੰਗਰੇਜ਼ਾਂ ਖਿਲਾਫ ਕਾਫੀ ਪਰਾਪੋਗੰਡਾ ਉਤਰਿਆ ਜਿਹੜਾ ਕਿ ਮੁੱਖ ਤੌਰ 'ਤੇ ਕਾਮਗਾਟਾ ਮਾਰੂ ਦੀ 1914 ਵਿੱਚ ਵਾਪਰੀ ਘਟਨਾ ਦੇ ਨਤੀਜੇ ਵਜੋਂ ਸੀ ਜਿਹਦੇ ਤਿੰਨ ਸੌ ਆਦਮੀਆਂ ਨੇ ਇਮੀਗਰੇਸ਼ਨ ਦੇ ਕਾਨੂੰਨਾਂ ਤੋਂ ਬਚਣ ਦੀ ਕੋਸ਼ਿਸ਼ ਕੀਤੀ ਅਤੇ ਵਾਪਸ ਮੋੜ ਦਿੱਤੇ ਗਏ ਸਨ। ਇਹ ਅਫਸੋਸਨਾਕ ਘਟਨਾ, ਜਿਹਦੇ ਤੋਂ ਕਿੰਨੀ ਹੀ ਦੁਸ਼ਮਣੀ ਪੈਦਾ ਹੋਈ, ਅਸਲ ਵਿੱਚ ਮੌਜੂਦਾ ਤਰਸਯੋਗ ਹਾਲਤ ਲਈ ਪੂਰੀ ਦੀ ਪੂਰੀ ਜ਼ਿੰਮੇਵਾਰ ਹੈ। ਬੰਦੇ ਉਸ ਵੇਲੇ ਇੰਨੇ ਗੁੱਸੇ ਵਿੱਚ ਸਨ ਕਿ ਉਹਨਾਂ ਦੇ ਆਗੂਆਂ ਨੇ ਸਾਰਿਆਂ ਨੂੰ ਇਕ ਸੌਂਹ ਪੁਆ ਦਿੱਤੀ ਕਿ ਉਹ ਇਸਾਈ ਮੱਤ ਦੇ ਪ੍ਰਚਾਰ ਵੱਲ ਮੂੰਹ ਨਹੀਂ ਕਰਨਗੇ ਅਤੇ ਉਹਨਾਂ ਨੇ ਇਹ ਸੌਂਹ ਇਨੀ ਪੱਕੀ ਤਰ੍ਹਾਂ ਨਿਭਾਈ ਹੈ ਕਿ ਜਦ ਵੀ ਕੋਈ ਸੱਚ ਦੀ ਖੋਜ ਕਰਦਾ ਲੱਗਦਾ ਹੈ ਤੇ ਇਸਾਈ ਮੱਤ 'ਚ ਸ਼ਾਮਲ ਹੋਣ ਦੀ ਆਸ ਦਿਖਾਉਂਦਾ ਹੈ ਉਹਨੂੰ ਉਸੇ ਵੇਲੇ ਡਰਾਇਆ ਧਮਕਾਇਆ ਜਾਂਦਾ ਹੈ। ਬਦਕਿਸਮਤੀ ਨਾਲ ਇੰਡੀਆ ਅਤੇ ਕੈਲੀਫੋਰਨੀਆਂ ਦੇ ਵਿਦਰੋਹੀਆਂ ਨਾਲ ਬੜਾ ਨੇੜੇ ਦਾ ਤਾਲ ਮੇਲ ਰੱਖਿਆ ਜਾਂਦਾ ਹੈ ਅਤੇ ਉਥੇ ਵਾਪਰਦੀਆਂ ਘਟਨਾਵਾਂ ਨਾਲ ਹੀ ਲੋਕਾਂ ਦਾ ਗੁੱਸਾ ਥੱਲੇ ਉਤੇ ਹੁੰਦਾ ਰਹਿੰਦਾ ਹੈ।

S.S Osterhout, Orientals in Canada : The Story of the United Church of Canada with Asiatics in Canada Toronto:Ryerson Press, 1929.p.194.

ਅਨੁਵਾਦ-ਸਾਧੂ ਬਿਨਿੰਗ


75ਵੀਂ ਬਰਸੀ 'ਤੇ ਕਾਮਾਗਾਟਾ ਮਾਰੂ ਦੀ ਯਾਦ ਨੂੰ ਸ਼ਰਧਾਂਜਲੀ ਅਰਪਣ ਕਰਦੇ ਹਨ।

ਸੁਖਵਿੰਦਰ ਰਾਣਾ

All Season Roofing
9421-126 A St. Surrey
(604) 585 - 6446


## ਕਾਮਾਗਾਟਾ ਮਾਰੂ ਪ੍ਰਦਰਸ਼ਨੀ

ਸੱਥ ਵਲੋਂ ਤਿਆਰ ਕੀਤੀ ਕਾਮਾਗਾਟਾ ਮਾਰੂ ਪ੍ਰਦਰਸ਼ਨੀ ਕਮਿਊਨਿਟੀ ਦੇ ਵੱਖ ਵੱਖ ਥਾਵਾਂ 'ਤੇ:

- ਮਈ 17 ਦੇ ਰੀਲੀਜ਼ ਫੰਕਸ਼ਨ ਤੋਂ ਲੈ ਕੇ ਮਈ 22 ਤੱਕ ਮੋਤੀ ਮਹਿਲ ਰੈਂਸਟੋਰੈਂਟ ਪੰਜਾਬੀ ਮਾਰਕਿਟ ਵੈਨਕੂਵਰ ਵਿਚ ਇਸ ਨੂੰ ਅਨੇਕਾਂ ਲੋਕਾਂ ਨੇ ਦੇਖਿਆ।
- ਮਈ 24 ਨੂੰ ਹਿਮਾਲਿਆ ਰੈਂਸਟੋਰੈਂਟ ਵਲੋਂ ਪ੍ਰਦਰਸ਼ਨੀ ਦਿਖਾਉਣ ਦਾ ਪ੍ਰਬੰਧ ਕੀਤਾ ਗਿਆ। ਪੰਜਾਬੀ ਮਾਰਕਿਟ ਐਸੋਸੀਏਸ਼ਨ ਦੀ ਜਨਰਲ ਮੀਟਿੰਗ ਸਮੇਂ ਪ੍ਰਦਰਸ਼ਨੀ ਨੂੰ ਜੀ ਆਇਆ ਆਖਿਆ ਗਿਆ। ਅਤੇ 27 ਮਈ ਤੱਕ ਹਿਮਾਲਿਆ ਰੈਸਟੋਰੈਂਟ ਵਿਚ ਅਨੇਕਾਂ ਪੰਜਾਬੀਆਂ ਅਤੇ ਗੈਰ-ਪੰਜਾਬੀਆਂ ਨੇ ਇਸ ਨੂੰ ਦੇਖਿਆ।
-ਪਿਕਸ ਸੁਸਾਇਟੀ ਵਲੋਂ 28 ਮਈ ਨੂੰ ਸਰੀ ਵਿਚ ਕੀਤੇ ਗਏ ਫੰਕਸ਼ਨ ਸਮੇਂ ਸੱਥ ਵਲੋਂ ਇਹ ਪ੍ਰਦਰਸ਼ਨੀ ਲਾਈ ਗਈ।
-ਮਈ 29 ਤੋਂ ਲੈ ਕੇ 10 ਜੂਨ ਤੱਕ ਸਰੀ ਪਬਲਿਕ ਲਾਇਬਰੇਰੀ ਦੀ ਵਾਲੀ ਬਰਾਂਚ ਵਿਚ ਪ੍ਰਦਰਸ਼ਨੀ ਲਾਈ ਗਈ।
-ਵੈਨਕੂਵਰ ਸੱਥ ਵਲੋਂ ਇਸ ਪ੍ਰਦਰਸ਼ਨੀ ਨੂੰ ਵੱਧ ਤੋਂ ਵੱਧ ਲੋਕਾਂ ਤੱਕ ਲੈ ਜਾਣ ਦੇ ਉਪਰਾਲੇ ਹੋ ਰਹੇ ਹਨ। ਇਸ ਮਕਸਦ ਲਈ ਲੋਅਰ-ਮੇਨਲੈਂਡ ਦੇ ਗੁਰਦੁਆਰਿਆ ਅਤੇ ਹੋਰ ਸਾਂਝੇ ਥਾਵਾਂ 'ਤੇ ਇਸ ਨੂੰ ਦਿਖਾਉਣ ਦੇ ਪ੍ਰਬੰਧ ਕੀਤੇ ਜਾ ਰਹੇ ਹਨ। ਸਤੰਬਰ ਤੋਂ ਸਕੂਲਾਂ ਅਤੇ ਯੂਨੀਵਰਸਿਟੀਆਂ ਵਿੱਚ ਲਾਈ ਜਾਵੇਗੀ।
-ਇਸ ਸਾਲ ਦੇ ਅੰਤ 'ਤੇ ਇਹ ਪ੍ਰਦਰਸ਼ਨੀ ਵੈਨਕੂਵਰ ਪਬਲਿਕ ਲਾਇਬਰੇਰੀ ਦੀ ਵਿਕਟੋਰੀਆ ਡਰਾਈਵ ਅਤੇ ਫਿਫਟੀ ਫੋਰ (Victoria Dr. & 54th Ave. Vancouver) ਵਾਲੀ ਬਰਾਂਚ 'ਤੇ ਇਕ ਮਹੀਨੇ ਲਈ ਲਾਈ ਜਾਵੇਗੀ।
- ਵੈਨਕੂਵਰ ਸੱਥ ਦੀ ਕੋਸ਼ਿਸ਼ ਹੈ ਕਿ ਵੈਨਕੂਵਰ ਤੇ ਆਸ ਪਾਸ ਦੇ ਇਲਾਕਿਆਂ ਦੇ ਲੋਕਾਂ ਨੂੰ ਹੀ ਨਹੀਂ ਸਗੋਂ ਬੀ ਸੀ ਦੇ ਹੋਰ ਸ਼ਹਿਰਾਂ ਅਤੇ ਕੈਨੇਡਾ ਦੇ ਹੋਰ ਸੂਬਿਆਂ ਦੇ ਲੋਕਾਂ ਨੂੰ ਵੀ ਇਹ ਪ੍ਰਦਰਸ਼ਨੀ ਦੇਖਣ ਦਾ ਮੌਕਾ ਮਿਲੇ। ਸੱਥ ਆਸ ਕਰਦੀ ਹੈ ਕਿ ਵੱਖੋ ਵੱਖਰੀਆਂ ਥਾਵਾਂ ਦੇ ਲੋਕ ਉਹਨਾਂ ਦੀ ਇਸ ਕੋਸ਼ਿਸ਼ ਵਿਚ ਮੱਦਦ ਕਰਨਗੇ। ਇਸ ਸਬੰਧੀ ਸੱਥ ਨਾਲ ਹੇਠ ਲਿਖੇ ਪਤੇ ਤੇ ਸੰਪਰਕ ਕੀਤਾ ਜਾ ਸਕਦਾ ਹੈ।

ਇਸ ਪ੍ਰਦਰਸ਼ਨੀ ਨੂੰ ਲੋਕਾਂ ਤੱਕ ਪਹੁੰਚਾਣ ਲਈ ਹੁਣ ਤੱਕ ਕੀਤੀ ਮੱਦਦ ਲਈ ਸੱਥ ਆਈ ਟੀ ਆਈ ਪਰੋਡਕਸ਼ਨ ਦੇ ਸੰਚਾਲਿਕਾ ਸੁਸ਼ਮਾ, ਮੋਤੀ ਮਹਿਲ ਰੈਸਟੋਰੈਂਟ ਦੇ ਮਾਲਕ ਬਲਵੰਤ ਕੈਂਥ, ਹਿਮਾਲਿਆ ਰੈਂਸਟੋਰੈਂਟ ਦੇ ਮਾਲਕ ਕੇਵਲ ਸਿੰਘ ਪਾਬਲਾ ਅਤੇ ਸੰਘਰਸ਼ ਦੇ ਸੰਪਾਦਕ ਸੁਖਦੇਵ ਸਿੰਘ ਦਰਦੀ ਦਾ ਧੰਨਵਾਦ ਕਰਦੀ ਹੈ।


ਪਤਾ:
ਵੈਨਕੂਵਰ ਸੱਥ
Vancouver Sath,
Post Box. 67681 Stn. O.
Vancouver B.C. V5W 3V2.
Tel. (604) 437-9014 or (604) 581-3211




## ਪੰਜਾਬੀ ਮਾਰਕਿਟ ਐਸੋਸੀਏਸ਼ਨ ਵਲੋਂ ਕਾਮਾਗਾਟਾ ਮਾਰੂ ਦਿਵਸ

24 ਮਈ, 1989 ਦਿਨ ਬੁੱਧਵ੍ਾਰ ਨੂੰ ਸ਼ਾਮ ਦੇ 7 ਵਜੇ ਪੰਜਾਬੀ ਮਾਰਕਿਟ ਦੇ ਮਸ਼ਹੂਰ ਹਿਮਾਲਿਆ ਰੈਸਟੋਰੈਂਟ ਵਿਚ ਪੰਜਾਬੀ ਮਾਰਕਿਟ ਐਸੋਸੀਏਸ਼ਨ ਦੀ ਇਕ ਵਿਸ਼ੇਸ਼ ਮੀਟਿੰਗ ਹੋਈ ਜਿਸ ਵਿਚ ਐਸੋਸੀਏਸ਼ਨ ਅਤੇ ਪੰਜਾਬੀ ਮਾਰਕਿਟ ਸੰਬੰਧੀ ਵਿਸ਼ਿਆਂ ਤੋਂ ਇਲਾਵਾ ਕਾਮਾ-ਗਾਟਾ ਮਾਰੂ ਘਟਨਾ ਨਾਲ ਸਬੰਧਤ ਵਿਸ਼ੇ ਉਤੇ ਵੀ ਰੌਸ਼ਨੀ ਪਾਈ ਗਈ।

'ਕਾਮਾ-ਗਾਟਾ ਮਾਰੂ' ਇੱਕ ਸਮੁੰਦਰੀ ਜਹਾਜ਼ ਦਾ ਨਾਮ ਸੀ ਜਿਸ ਨੂੰ ਕਿਰਾਏ ਤੇ ਲੈ ਕੇ 376 ਪੰਜਾਬੀਆਂ ਨੇ 1914 ਵਿਚ ਕਨੇਡਾ ਦੇ ਸ਼ਹਿਰ ਵੈਨਕੂਵਰ ਪੁਜ ਕੇ ਇਮੀਂਗਰੇਸ਼ਨ ਲੈਣ ਦਾ ਯਤਨ ਕੀਤਾ ਸੀ। ਉਸ ਸਮੇਂ ਦੀ ਵਿਤਕਰੇ ਵਾਲੀ ਸਰਕਾਰ ਨੇ 23 ਮਈ ਤੋਂ 23 ਜੁਲਾਈ ਤੱਕ ਜਹਾਜ਼ ਨੂੰ ਬੰਦਰਗਾਹ ਵਿਚ ਰੋਕੀ ਰੱਖਿਆ ਤੇ ਆਖੀਰ ਵਾਪਸ ਇੰਡੀਆ ਨੂੰ ਮੋੜ ਦਿੱਤਾ ਸੀ। ਬੇਸ਼ੁਮਾਰ ਤਕਲੀਫਾਂ ਝੱਲਦੇ ਹੋਏ ਜਦ ਇਹ ਮੁਸਾਫਰ 29 ਸਤੰਬਰ 1914 ਨੂੰ ਕਲਕੱਤੇ ਦੇ ਬਜ ਬਜ ਘਾਟ ਤੇ ਪੁੱਜੇ ਤਾਂ ਉਥੇ ਦੀ ਅੰਗਰੇਜ਼ ਹਕੂਮਤ ਨੇ ਉਨ੍ਹਾਂ ਦਾ ਗੋਲੀਆਂ ਨਾਲ ਸੁਆਗਤ ਕੀਤਾ ਜਿਸ ਨਾਲ 20 ਮੁਸਾਫਰ ਮਾਰੇ ਗਏ ਸਨ।

ਮੀਟਿੰਗ ਦੀ ਪਰਧਾਨਗੀ ਐਸੋਸੀਏਸ਼ਨ ਦੇ ਪਰਧਾਨ ਸ੍ਰੀ ਕੇਵਲ ਸਿੰਘ ਪਾਬਲਾ ਅਤੇ ਸਟੇਜ ਕਾਰਵਾਈ ਦੀ ਜ਼ਿੰਮੇਵਾਰੀ ਦਿਲਜੀਤ ਸਿੰਘ ਸਿੱਧੂ ਨੇ ਨਿਭਾਈ । ਮੀਟਿੰਗ ਦੀ ਸ਼ੁਰੂਆਤ ਐਸੋਸੀਏਸ਼ਨ ਦੇ ਸਕੱਤਰ ਸ੍ਰੀ ਅਸ਼ੋਕ ਸ਼ਰਮਾ ਦੇ ਭਾਸ਼ਣ ਨਾਲ ਹੋਈ । ਉਨ੍ਹਾਂ ਬੀ. ਸੀ. ਵਿਚ ਭਾਰਤੀਆਂ ਦੀਆਂ ਪ੍ਰਾਪਤੀਆਂ ਉਤੇ ਵਿਸਥਾਰ ਨਾਲ ਚਾਨਣਾ ਪਾਇਆ ਅਤੇ ਨਿਰਨਾ ਕਰਕੇ ਦੱਸਿਆ ਕਿ ਕਿਤਨੇ ਕਿਤਨੇ ਪ੍ਰਤੀਸ਼ਤ ਸਾਡੀ ਕਮਿਊਨਿਟੀ ਵੱਖ ਵੱਖ ਕਿੱਤਿਆਂ ਵਿਚ ਭਾਗ ਲੈ ਰਹੀ ਹੈ । ਉਨ੍ਹਾਂ ਦੇ ਅੰਦਾਜ਼ੇ ਮੁਤਾਬਿਕ ਹਰ ਸਾਲ ਪੰਜਾਬੀ ਮਾਰਕਿਟ ਵਿਚ ਛੇ-ਸੌ ਲੱਖ ਡਾਲਰ ਦੀ ਸਾਲਾਨਾ ਸੇਲ ਹੁੰਦੀ ਹੈ। ਸ੍ਰੀ ਕੇਵਲ ਸਿੰਘ ਪਾਬਲਾ ਨੇ ਸਭ ਮੈਂਬਰਾਂ ਅਤੇ ਮਹਿਮਾਨਾਂ ਨੂੰ ਜੀ ਆਇਆ ਕਿਹਾ ਅਤੇ ਖਾਸ ਤੌਰ ਤੇ ਹੁਣੇ ਹੁਣੇ ਪਾਲਕਾ ਬਜ਼ਾਰ ਵਿਚ ਆਏ ਨਵੇਂ ਵਪਾਰੀਆਂ ਦੇ ਪੰਜਾਬੀ ਮਾਰਕਿਟ ਐਸੋਸੀਏਸ਼ਨ ਵਿਚ ਸ਼ਾਮਲ ਹੋਣ ਦਾ ਧੰਨਵਾਦ ਕੀਤਾ।

ਵਿਸ਼ੇਸ਼ ਰਿਪੋਰਟ: ਦੇ ਕੁਛ ਹਿੱਸੇ — ਸੁੱਚਾ ਸਿੰਘ ਕਲੇਰ


75ਵੀਂ ਬਰਸੀ 'ਤੇ
ਕਾਮਾਗਾਟਾ ਮਾਰੂ
ਦੀ ਯਾਦ
ਨੂੰ ਪ੍ਰਣਾਮ।

ਬੌਬ
ਭੁਪਿੰਦਰ ਸਹੋਤਾ
ਮਿੰਟ ਆਟੋਬਾਡੀ
MINT AUTO BODY
5590 LANE STREET BURNABY, B.C.

ਕਾਮਾਗਾਟਾ ਮਾਰੂ ਦੇ ਮੁਸਾਫਰਾਂ ਦੀ ਯਾਦ ਵਿੱਚ ਸਿਰ ਝੁਕਾਉਂਦੇ ਹਨ।

ਮੋਤੀ ਮਹੱਲ ਰੈਸਟੋਰੈਂਟ
MOTI MAHAL RESTAURANT
6450 Main Street
Vancouver, B.C.
Ph. 321-3223

ਸਿਟੀ ਕੇਟਰਜ਼ ਲਿਮਿਟਡ
CITY CATERERS LTD.
INDIAN & CANADIAN
Intenational Food
Ph. 325-5014

ਭਾਰਤੀ ਖਾਣਿਆਂ ਦਾ ਜਾਣਿਆਂ ਪਛਾਣਿਆ
ਰੈਸਟੋਰੈਂਟ।

# ਸਥਾਨਕ ਹਿੰਦੁਸਤਾਨੀ ਅਤੇ ਕਾਮਾਗਾਟਾ ਮਾਰੂ

ਕੇਸਰ ਸਿੰਘ

(ਸਥਾਨਕ ਹਿੰਦੁਸਤਾਨੀਆਂ ਵਲੋਂ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਦੀ ਮਦਦ ਲਈ ਕੀਤੇ ਯਤਨਾਂ ਦਾ ਬਿਆਨ- ਨਾਵਲ 'ਸ਼ਹੀਦ ਮੇਵਾ ਸਿੰਘ' ਵਿੱਚੋਂ)

ਗੁਰੂ ਨਾਨਕ ਜਹਾਜ਼ (ਕਾਮਾਗਾਟਾ ਮਾਰੂ ਜਹਾਜ਼ ਦਾ ਮੁਸਾਫਰਾਂ ਵਲੋਂ ਰੱਖਿਆ ਨਾਂ) ਨੂੰ ਵੈਨਕੂਵਰ ਦੀ ਖਾੜੀ ਵਿੱਚ ਖਲੋਤਿਆਂ ਹਫਤਾ ਹੋ ਗਿਆ ਸੀ। ਸਭ ਮੁਸਾਫਰ ਜਹਾਜ਼ ਵਿਚ ਕੈਦ ਸਨ। ਉਨ੍ਹਾਂ ਦੇ ਦੁਆਲੇ ਪੁਲੀਸ ਦਾ ਸਖਤ ਪਹਿਰਾ ਸੀ। ਜਪਾਨੀ ਅਤੇ ਰਘੂਨਾਥ ਖੁਲ੍ਹੇ ਆਉਂਦੇ ਜਾਂਦੇ ਸਨ ਪਰ ਹੋਰ ਕਿਸੇ ਮੁਸਾਫਰ ਨੂੰ ਉਤਰਨ ਦੀ ਆਗਿਆ ਨਹੀਂ ਸੀ। ਭਾਈ ਗੁਰਦਿੱਤ ਸਿੰਘ ਜਹਾਜ਼ ਦਾ ਪਟੇਦਾਰ ਸੀ ਪਰ ਉਸਨੂੰ ਵੀ ਉਤਰਨ ਦੀ ਆਗਿਆ ਨਹੀਂ ਮਿਲ ਰਹੀ ਸੀ। ਹਜ਼ਾਰਾਂ ਡਾਲਰਾਂ ਦਾ ਕੋਇਲਾ ਜਹਾਜ਼ ਵਿਚ ਸੀ ਜੋ ਭਾਈ ਗੁਰਦਿੱਤ ਸਿੰਘ ਹੋਰਾਂ ਵੈਨਕੂਵਰ ਵਿੱਚ ਵੇਚ ਕੇ ਪਟੇ ਦੇ ਡਾਲਰ ਦੇਣੇ ਸਨ। ਕੋਇਲਾ ਉਤਾਰਨ ਦੀ ਵੀ ਆਗਿਆ ਨਹੀਂ ਸੀ।

ਕੈਨੇਡਾ ਦਾ ਪ੍ਰਾਈਮ ਮਨਿਸਟਰ, ਘਰੋਗੀ ਮਸਲਿਆਂ ਦਾ ਵਜ਼ੀਰ, ਬ੍ਰਿਟਿਸ਼ ਕੋਲੰਬੀਆ ਦਾ ਪਰੀਮੀਅਰ ਅਤੇ ਵੈਨਕੂਵਰ ਦਾ ਮੇਅਰ ਅਤੇ ਉਨ੍ਹਾਂ ਦਾ ਹੋਰ ਅਮਲਾ ਫੈਲਾ ਸਭ ਜ਼ੋਰ ਲਾ ਰਹੇ ਸਨ ਕਿ ਹਿੰਦੀ ਮਜ਼ਦੂਰਾਂ ਨੂੰ ਉਤਰਨ ਨਹੀਂ ਦੇਣਾ ਚਾਹੀਦਾ। ਵੰਨ-ਸੁਵੰਨੇ ਕਾਰਨ ਦੱਸੇ ਜਾ ਰਹੇ ਸਨ। ਕੋਈ ਕਹਿੰਦਾ ਗੰਦੇ ਰਹਿੰਦੇ ਹਨ। ਕੋਈ ਕਹਿੰਦਾ ਬੇਰੁਜ਼ਗਾਰੀ ਫੈਲਾਉਣਗੇ। ਕੋਈ ਕਹਿੰਦਾ ਇਨ੍ਹਾਂ ਨੂੰ ਇਥੋਂ ਦਾ ਪੌਣ ਪਾਣੀ ਮਾ ਫ਼ਕ ਨਹੀਂ। ਜੋ ਕਿਸੇ ਦੇ ਮੂੰਹ ਆਇਆ ਕਹਿੰਦਾ ਗਿਆ ਪਰ ਖੁਲ੍ਹ ਕੇ ਇਹ ਨਹੀਂ ਸਨ ਕਹਿੰਦੇ ਕਿ ਇਹ ਗੁਲਾਮ ਹਨ ਅਤੇ ਗੁਲਾਮਾਂ ਵਾਸਤੇ ਇਹ ਦੇਸ਼ ਨਹੀਂ ਖੋਲ੍ਹਿਆ ਜਾ ਸਕਦਾ। ਇਕ ਦਿਨ ਗੁੱਸੇ ਵਿਚ, ਬ੍ਰਿਟਿਸ਼ ਕੋਲੰਬੀਆ ਦੇ ਪ੍ਰੀਮੀਅਰ ਦੇ ਮੂੰਹੋਂ ਉਸ ਦੇ ਦਿਲ ਦੀ ਗੱਲ ਨਿਕਲ ਗਈ। ਉਸਨੇ ਬਿਆਨ ਦੇ ਦਿੱਤਾ ਕਿ ਅਸੀਂ ਇਸ ਦੇਸ਼ ਵਿਚ ਗੋਰੇ ਲੋਕਾਂ ਤੋਂ ਬਿਨਾਂ ਹੋਰ ਲੋਕਾਂ ਨੂੰ ਨਹੀਂ ਵੱਸਣ ਦੇਣਾ। ਇਹ ਦੇਸ਼ ਸਫੈਦ ਚਮੜੀ ਵਾਲਿਆਂ ਦਾ ਦੇਸ਼ ਹੈ। ਉਸ ਨੂੰ ਇਹ ਗੱਲ ਭੁੱਲ ਹੀ ਗਈ ਕਿ ਜਦ ਉਹ ਯੂਰਪ ਵਲੋਂ ਆਏ ਸਨ ਤਾਂ ਉਥੇ ਉਨ੍ਹਾਂ ਤੋਂ ਪਹਿਲਾਂ ਵੀ ਕੋਈ ਲੋਕ ਰਹਿੰਦੇ ਸਨ ਜਿਨ੍ਹਾਂ ਨੂੰ ਹਰਾ ਕੇ ਉਨ੍ਹਾਂ ਦੇਸ਼ ਕਾਬੂ ਕਰ ਲਿਆ ਸੀ ਅਤੇ ਜਿਨ੍ਹਾਂ ਨੂੰ ਉਹ ਹੁਣ ਰੈਡ ਇੰਡੀਅਨ ਕਹਿੰਦੇ ਸਨ।

ਮੁਸਾਫਰਾਂ ਨੂੰ ਜਹਾਜ਼ ਤੋਂ ਨਾ ਉਤਰਨ ਦੇਣ ਲਈ ਕਈ ਹੋਰ ਕਾਰਨ ਘੜੇ ਗਏ। ਜਹਾਜ਼ ਕੋਲ ਸਿਹਤ ਦੀ ਰਾਹਦਾਰੀ ਨਹੀਂ, ਜਹਾਜ਼ ਵਿਚ ਵਾਇਰਲੈਸ ਨਹੀਂ ਲੱਗੀ ਹੋਈ, ਮੁਸਾਫਰਾਂ ਦਾ ਜਹਾਜ਼ ਸਿੱਧਾ ਹਿੰਦੁਸਤਾਨ ਤੋਂ ਨਹੀਂ ਤੁਰਿਆ, ਮੁਸਾਫਰਾਂ ਪਾਸ ਉਤਰਨ ਦੀ ਸ਼ਰਤ ਪੂਰੀ ਕਰਨ ਲਈ ਦੋ ਸੌ ਡਾਲਰ ਹੈ ਨਹੀਂ।

ਗੁਰੂ ਨਾਨਕ ਜਹਾਜ਼ ਦਾ ਮਸਲਾ ਸਾਰੀ ਹਿੰਦੀ ਕੌਮ ਦਾ ਮਸਲਾ ਬਣ ਗਿਆ। ਅਮਰੀਕਾ ਦੇ ਹਿੰਦੀਆਂ ਵਿਚ ਵੀ ਗੁੱਸੇ ਦੀ ਲਹਿਰ ਦੌੜ ਗਈ। 'ਗ਼ਦਰ' ਦੇ ਪਰਚੇ ਵਿਚ ਸਰਕਾਰੀ ਨੀਤੀ ਦੀ ਰੱਜ ਕੇ ਨਖੇਧੀ ਕੀਤੀ ਗਈ। ਉਨ੍ਹਾਂ ਨੇ ਆਪਣੇ ਵਲੋਂ ਤਿੰਨ ਪ੍ਰਤੀਨਿਧ ਭਾਈ ਜਵਾਲਾ ਸਿੰਘ ਠਠੀਆਂ ਦੀ ਅਗਵਾਈ ਵਿਚ ਵੈਨਕੂਵਰ ਭੇਜਣ ਦਾ ਫੈਸਲਾ ਕੀਤਾ।

ਡੁਮੀਨਿਅਨ ਹਾਲ ਵਿਚ ਸਰਕਾਰ ਦੇ ਵਤੀਰੇ ਵਿਰੁੱਧ ਜਲਸਾ ਕੀਤਾ ਗਿਆ। ਭਾਈ ਬਲਵੰਤ ਸਿੰਘ ਦੀ ਅਪੀਲ ਉਤੇ ਕੁੱਝ ਹੀ ਮਿੰਟਾਂ ਵਿਚ ਪੰਜ ਹਜ਼ਾਰ ਡਾਲਰ ਇਕਠੇ ਹੋ ਗਏ।

ਗੁਰਦੁਆਰੇ ਦੇ ਹੇਠਲੇ ਹਾਲ ਵਿਚ ਮੀਟਿੰਗ ਹੋਈ। ਲੋਕਾਂ ਨੇ ਵਧ ਚੜ੍ਹ ਕੇ ਉਗਰਾਹੀ ਦਿੱਤੀ। ਮਿਤ ਸਿੰਘ, ਮੇਵਾ ਸਿੰਘ, ਨਾਜ਼ਰ ਸਿੰਘ, ਦਲੀਪ ਸਿੰਘ ਜਿਧਰ ਵੀ ਜਾਂਦੇ ਲੋਕੀਂ ਉਹਨਾਂ ਦੀਆਂ ਝੋਲੀਆਂ ਭਰੀ ਜਾਂਦੇ। ਜਦ ਮੁਨਸ਼ੀ ਰਾਮ ਗਿਣਦਾ ਗਿਣਦਾ ਥੱਕ ਗਿਆ ਤਾਂ ਉਸਨੂੰ ਮਦਦ ਦੇਣ ਲਈ ਮੇਵਾ ਸਿੰਘ ਅਤੇ ਹੋਰ ਬੰਦੇ ਲੱਗ ਗਏ। ਮੁਨਸ਼ੀ ਰਾਮ ਨੇ ਖਲੋ ਕੇ ਐਲਾਨ ਕੀਤਾ, "ਭਰਾਵੋ। ਅੱਜ ਤੁਹਾਡੇ ਵਲੋਂ ਉਨਾਹਠ ਹਜ਼ਾਰ ਡਾਲਰ ਇਕੱਠੇ ਹੋਏ ਹਨ, ਜੋ ਆਪਣੇ ਭਰਾਵਾਂ ਨੂੰ ਉਤਾਰਨ ਉੱਤੇ ਲਾਏ ਜਾਣਗੇ। ਸਾਰਾ ਹਾਲ ਬੰਦੇ ਮਾਤਰਮ ਦੇ ਨਾਹਰਿਆਂ ਨਾਲ ਗੂੰਜ ਉਠਿਆ। ...

... ਵੈਨਕੂਵਰ ਦੀ ਖਾੜੀ ਵਿਚ ਰੋਕ ਕੇ ਰੱਖੇ ਗੁਰੂ ਨਾਨਕ ਜਹਾਜ਼ ਦੇ ਮੁਸਾਫਰਾਂ ਦੇ ਦੁੱਖਾਂ ਨੂੰ ਪ੍ਰਤੀਤ ਕਰ ਕੇ ਕੈਲਾਫੋਰਨੀਆਂ ਵਿਚ ਵਸਦੇ ਹਿੰਦੀਆਂ ਨੇ ਇਕੱਤਰਤਾ ਕਰ ਕੇ ਫੈਸਲਾ ਕੀਤਾ ਕਿ ਆਪਣੇ ਤਿੰਨ ਪ੍ਰਤੀਨਿਧ ਵੈਨਕੂਵਰ ਭੇਜੇ ਜਾਣ। ਭਾਈ ਜਵਾਲਾ ਸਿੰਘ ਠਠੀਆਂ ਦੀ ਅਗਵਾਈ ਵਿਚ ਦੋ ਹੋਰ ਪ੍ਰਤੀਨਿਧ ਵੈਨਕੂਵਰ ਪਹੁੰਚੇ ਹੋਏ ਸਨ।

ਉਥੇ ਪਹੁੰਚਦਿਆਂ ਹੀ ਉਨ੍ਹਾਂ ਨੂੰ ਪਤਾ ਲੱਗਾ ਕਿ ਜਹਾਜ਼ ਦੇ ਮੁਸਾਫਰਾਂ ਦਾ ਰਾਸ਼ਨ ਮੁੱਕ ਗਿਆ ਹੈ। ਭਾਈ ਜਵਾਲਾ ਸਿੰਘ ਤੇ ਮੇਵਾ ਸਿੰਘ ਸਾਰੀ ਰਾਤ ਨਾ ਸੁੱਤੇ। ਅੱਗੇ ਪਿੱਛੇ ਦੀਆਂ ਗੱਲਾਂ ਕਰਦੇ ਰਹੇ। ਉਨ੍ਹਾਂ ਆਪਸ ਵਿਚ ਸਲਾਹ ਕੀਤੀ ਕਿ ਜਿਵੇਂ ਵੀ ਹੋ ਸਕੇ ਮੁਸਾਫਰਾਂ ਨੂੰ ਰਾਸ਼ਨ ਪਹੁੰਚਣਾ ਚਾਹੀਦਾ ਹੈ।

ਸਵੇਰੇ ਉਠਦੇ ਹੀ ਉਹ ਦੋਵੇਂ ਗੁਰਦੁਆਰੇ ਪਹੁੰਚੇ। ਉਨ੍ਹਾਂ ਭਾਈ ਬਲਵੰਤ ਸਿੰਘ ਨਾਲ ਗੱਲ ਕੀਤੀ। ਫਿਰ ਉਸੇ ਰਾਤ ਚੁਣਵੇਂ ਬੰਦਿਆਂ ਦੀ ਇਕੱਤਰਤਾ ਸੱਦੀ ਗਈ। ਚੰਗੇ ਹਨੇਰੇ ਇਸ ਗੁਪਤ ਇਕੱਤਰਤਾ ਵਿਚ ਬਲਵੰਤ ਸਿੰਘ, ਭਾਗ ਸਿੰਘ, ਹਸਨ ਰਹੀਮ, ਸੋਹਣ ਲਾਲ, ਮਿਤ ਸਿੰਘ, ਉਧਮ ਸਿੰਘ ਕਸੇਲ, ਭਾਨ ਸਿੰਘ, ਅਰਜਨ ਸਿੰਘ, ਜਗਤ ਸਿੰਘ, ਬਤਨ ਸਿੰਘ, ਜਵਾਲਾ ਸਿੰਘ ਅਤੇ ਮੇਵਾ ਸਿੰਘ ਸ਼ਾਮਲ ਹੋਏ। ਸਰਬ ਸੰਮਤੀ ਨਾਲ ਇਹ ਫੈਸਲਾ ਹੋਇਆ ਕਿ ਗੁਪਤ ਤਰੀਕੇ ਨਾਲ ਪੁਲੀਸ ਅਤੇ ਇਮੀਗਰੇਸ਼ਨ ਦੀ ਨਜ਼ਰ ਤੋਂ ਬਚ ਕੇ ਰਾਸ਼ਨ ਪਹੁੰਚਾਇਆ ਜਾਏ।

ਅਜ ਸਨਿਚਰਵਾਰ ਸੀ। ਕਈ ਸੱਜਣਾਂ ਨੂੰ ਵੱਖੋ ਵੱਖ ਕੰਮ ਸੌਂਪੇ ਗਏ। ਰਾਸ਼ਨ ਖਰੀਦਣ ਵਾਲਿਆਂ ਰਾਸ਼ਨ ਖਰੀਦਿਆ। ਅਗਨ ਬੋਟ ਕਿਰਾਏ ਤੇ ਲੈਣ ਵਾਲਿਆਂ ਨੇ ਕਾਫੀ ਡਾਲਰ ਦੇ ਕੇ ਅਗਨ ਬੋਟ ਕਿਰਾਏ ਉੱਤੇ ਲਿਆ। ਪਾਣੀ ਦਾ ਪ੍ਰਬੰਧ ਕਰਨ ਵਾਲਿਆਂ ਪਾਣੀ ਦੇ ਪੀਪੇ ਭਰਵਾਏ।

ਜਦ ਚੰਗਾ ਹਨੇਰਾ ਹੋ ਗਿਆ ਤਾਂ ਠੇਲਿਆਂ ਤੋਂ ਚੁੱਕ ਕੇ ਪੰਦਰਾਂ ਵੀਰਾਂ ਨੇ ਝਟਪਟ ਸਾਰਾ ਰਾਸ਼ਨ-ਪਾਣੀ ਮਾਲ-ਬੋਟ ਵਿਚ ਲਦ

ਲਿਆ। ਮਾਲ-ਬੋਟ ਨੂੰ ਅਗਨ ਬੋਟ ਦੇ ਪਿੱਛੇ ਸੰਗਲਾਂ ਨਾਲ ਬੰਨ੍ਹ ਕੇ ਗੁਰੂ ਨਾਨਕ ਜਹਾਜ਼ ਵਲ ਲੈ ਤੁਰੇ। ਅਗਨ-ਬੋਟ ਪੁਲੀਸ ਦੇ ਬੋਟ ਤੋਂ ਅੱਖ ਬਚਾ ਕੇ ਗੁਰੂ ਨਾਨਕ ਜਹਾਜ਼ ਨਾਲ ਜਾ ਲੱਗਾ। ਭਾਈ ਗੁਰਦਿੱਤ ਸਿੰਘ ਹੋਰਾਂ ਨੂੰ ਪਹਿਲਾਂ ਖ਼ਬਰ ਪੁਚਾ ਦਿੱਤੀ ਗਈ ਸੀ। ਹੇਠੋਂ ਮੇਵਾ ਸਿੰਘ, ਹਰਨਾਮ ਸਿੰਘ ਲੰਡਾ, ਦਲੀਪ ਸਿੰਘ ਤੇ ਨਾਜ਼ਰ ਸਿੰਘ ਸਮਾਨ ਫੜਾਂਦੇ ਗਏ, ਉਤੋਂ ਮੁਸਾਫਰ ਆਪਣੀ ਸਾਰੀ ਫੁਰਤੀ ਨਾਲ ਫੜਦੇ ਗਏ।

ਭਾਵੇਂ ਸਾਰਾ ਕੰਮ ਬੜੀ ਫੁਰਤੀ ਵਿੱਚ ਅਤੇ ਚੁੱਪ-ਚਾਪ ਰਹਿਕੇ ਕੀਤਾ ਜਾ ਰਿਹਾ ਸੀ, ਪਰ ਫਿਰ ਵੀ ਅਗਨ-ਬੋਟ ਤੇ ਮਾਲ-ਬੋਟ ਦੇ ਧੱਕਿਆਂ ਨਾਲ ਪਾਣੀ ਵਿਚ ਪੈਦਾ ਹੋਈਆਂ ਲਹਿਰਾਂ ਦੇ ਕਾਰਨ ਪੁਲੀਸ ਨੂੰ ਸ਼ਕ ਪੈ ਗਿਆ।

ਪੁਲੀਸ ਆਪਣਾ ਬੋਟ ਲੈ ਕੇ ਜਹਾਜ਼ ਦੇ ਦੁਆਲੇ ਆ ਹੋਈ। ਹੁਣ ਤਕ ਸਾਰਾ ਸਮਾਨ ਗੁਰੂ ਨਾਨਕ ਜਹਾਜ਼ ਵਿਚ ਪਹੁੰਚ ਚੁੱਕਾ ਸੀ। ਅਗਨ-ਬੋਟ ਜਾ ਚੁੱਕਾ ਸੀ। ਮਾਲ-ਬੋਟ ਵਿਚੋਂ ਪੁਲੀਸ ਨੇ ਮੇਵਾ ਸਿੰਘ, ਹਰਨਾਮ ਸਿੰਘ ਲੰਡਾ, ਨਾਜ਼ਰ ਸਿੰਘ ਤੇ ਦਲੀਪ ਸਿੰਘ ਨੂੰ ਫੜ ਲਿਆ। ਇਨ੍ਹਾਂ ਨੂੰ ਇਸ ਗਲ ਦੀ ਖ਼ੁਸ਼ੀ ਸੀ ਕਿ ਰਾਸ਼ਨ ਮੁਸਾਫਰਾਂ ਨੂੰ ਪਹੁੰਚ ਚੁੱਕਾ ਹੈ ਤੇ ਜੋ ਉਨ੍ਹਾਂ ਨਾਲ ਬੀਤੇਗੀ, ਉਸ ਦੀ ਉਨ੍ਹਾਂ ਨੂੰ ਕੋਈ ਚਿੰਤਾ ਨਹੀਂ ਸੀ। ਪੁਲੀਸ ਦੇ ਪੁੱਛਣ ਉਤੇ ਮੇਵਾ ਸਿੰਘ ਅਤੇ ਹਰਨਾਮ ਸਿੰਘ ਨੇ ਸਾਫ਼ ਸਾਫ਼ ਦੱਸ ਦਿੱਤਾ ਕਿ ਅਸੀਂ ਭੁੱਖੇ ਭਰਾਵਾਂ ਨੂੰ ਰਾਸ਼ਨ ਪਹੁੰਚਾਇਆ ਹੈ। ਉਨ੍ਹਾਂ ਨੂੰ ਗਰਿਫਤਾਰ ਕਰਕੇ ਹਵਾਲਾਤ ਵਿੱਚ ਤੱਕ ਦਿੱਤਾ ਗਿਆ। ਖਾਲਸਾ ਦੀਵਾਨ ਸੁਸਾਇਟੀ ਨੇ ਇਨ੍ਹਾਂ ਦੀਆਂ ਜ਼ਮਾਨਤਾਂ ਦੇ ਦਿਤੀਆਂ। ਤਿੰਨ ਦਿਨਾਂ ਮਗਰੋਂ ਇਨ੍ਹਾਂ ਨੂੰ ਹਵਾਲਾਤ ਵਿੱਚੋਂ ਰਿਹਾ ਕਰ ਦਿਤਾ ਗਿਆ।

× × ×

---

# ਮੁਆਫ਼ੀ

## ਅਜਮੇਰ ਰੋਡੇ

ਮੈਂ ਇਸ ਦੇਸ਼ ਦਾ ਚੰਗਾ ਨਾਗਰਿਕ ਹਾਂ
ਘੱਟੋ ਘੱਟ ਮੈਂ ਤਾਂ ਏਹੋ ਸੋਚਦਾ ਹਾਂ।
ਅਜੇ ਤੱਕ ਜੇਲ ਯਾਤਰਾ ਨਹੀਂ ਕੀਤੀ
ਟੈਕਸ ਚੋਰੀ ਨਹੀਂ ਕੀਤਾ
ਐਲ ਐਸ ਡੀ ਨਹੀਂ ਖਾਦੀ
ਮਿਹਰੂਆਨਾ ਨਹੀਂ ਵੇਚਿਆ
ਅੰਦਰੇ ਅੰਦਰ ਕੰਪਨੀ ਦੇ ਸ਼ੇਅਰ ਵੇਚ ਕੇ
ਠੱਗੀ ਨਹੀਂ ਮਾਰੀ
ਯੂ ਆਈ ਸੀ ਉਤੇ ਤਾਂ ਸੱਭ ਦਾ ਅਧਿਕਾਰ ਹੈ
ਮੈਂ ਤਾਂ ਅਜੇ ਤੱਕ ਉਹ ਵੀ ਨਹੀਂ ਲੈ ਕੇ ਵੇਖਿਆ।

ਕਾਰ ਘੱਟ ਤੋਂ ਘੱਟ ਚਲਾਉਂਦਾ ਹਾਂ
ਸਾਡਾ ਵਾਯੂਮੰਡਲ ਤਾਂ ਪਹਿਲਾਂ ਹੀ ਔਕਸੀਜ਼ਨ
ਘੱਟ ਤੇ ਧੂਆਂ ਬਹੁਤਾ ਹੈ।
ਸਾਬਣ ਸੋਡਾ ਘੱਟ ਵਰਤਦਾ ਹਾਂ
ਜ਼ਹਿਰੀਲਾ ਪਾਣੀ ਸੂਅਰ ਨਲੀਆਂ ਵਿਚ ਦੀ ਵਹਿੰਦਾ
ਸ਼ਾਂਤ ਸਾਗਰ ਵਿੱਚ ਜਾ ਪੈਂਦਾ ਹੈ
ਜਿਥੇ ਮੋਈਆਂ ਮੱਛੀਆਂ ਅਤੇ ਸਾਡੇ ਪਾਪ
ਨਾਲੋ ਨਾਲ ਪੁੱਠੇ ਤੈਰਦੇ ਹਨ।
ਸਾਡੀਆਂ ਨਦੀਆਂ ਅਤੇ ਝੀਲਾਂ ਵਿਚਲੀ ਜ਼ਿੰਦਗੀ ਤਾਂ
ਪਹਿਲਾਂ ਹੀ ਦਮ ਤੋੜ ਚੁੱਕੀ ਹੈ।
ਕੀ ਤੁਸੀਂ ਲੂਲੂ ਆਈਲੈਂਡ ਜਾਂਦਿਆਂ ਪੁਲ ਉਤੋਂ
ਫਰੇਜ਼ਰ ਦੇ ਉਦਾਸ ਵਗਦੇ ਜਲ ਉਤੇ ਝਾਤ ਮਾਰੀ ਹੈ?

ਮੈਂ ਤਾਂ ਸਮਾਚਾਰ ਪੱਤਰ ਵੀ ਘੱਟ ਹੀ ਪੜ੍ਹਦਾ ਹਾਂ
ਇਕ ਦਿਨ ਦੇ ਇਸ਼ਤਿਹਾਰ ਮੁਨਾਫੇ ਅਤੇ ਗਾਰਬਿਜ
ਪੈਦਾ ਕਰਨ ਲਈ ਰਿਸ਼ੀਆਂ ਵਾਂਗ ਅਡੋਲ ਖੜ੍ਹੇ
ਹਜ਼ਾਰਾਂ ਬਿਰਖ ਨਿਰਦਈ ਆਰਿਆਂ ਨਾਲ ਕਤਲ ਕਰ
ਦਿੱਤੇ ਜਾਂਦੇ ਹਨ।
ਹਾਂ ਤੇ
ਮੈਂ ਕਿਸੇ ਮਲਟੀਨੈਸ਼ਨਲ ਕਲੱਬ ਦਾ ਚੇਅਰਮੈਨ ਨਹੀਂ।
ਸੂਡਾਨ ਬੰਗਲਾਦੇਸ਼ ਕਲਕੱਤਾ ਬਰਾਜ਼ੀਲ ਕੋਲੰਬੀਆ
ਵਿੱਚ ਜੋ ਲੱਖਾਂ ਬੱਚੇ ਭੁੱਖ ਨਾਲ ਮਰ ਰਹੇ ਹਨ
ਉਸ ਵਿੱਚ ਮੇਰਾ ਕੋਈ ਹੱਥ ਨਹੀਂ।
ਮੈਂ ਤਾਂ ਕਿਸੇ ਸੁਪਰਸਟੋਰ ਦਾ ਵੀ ਮਾਲਕ ਨਹੀਂ
ਕਿ ਮੈਨੂੰ ਸਿਹਤਮੰਦ ਮੁਕਾਬਲੇ ਲਈ
ਮੰਦਸਿਹਤ ਮੀਟ ਸਬਜ਼ੀਆਂ ਲੋਕਾਂ ਦੇ ਢਿੱਡਾਂ ਵਿੱਚ
ਭਰਨੀਆਂ ਪੈਣ।
ਤੇ ਕੋਈ ਪੜ੍ਹਾ ਪਰੀਮੀਅਰ ਬਣਨ ਦਾ ਤਾਂ ਮੈਂ ਕਦੇ
ਸੁਪਨਾ ਵੀ ਨਹੀਂ ਲਿਆ।

ਮੈਂ ਤਾਂ ਦੋਸਤੋ ਕਾਨੂੰਨ ਦੀ ਪਾਲਣਾ
ਕਰਨ ਵਾਲਾ ਦਸਾਂ ਨਹੁੰਆਂ ਦੀ ਕਮਾਈ ਖਾਣ
ਵਾਲਾ ਇਕ ਸਿੱਧਾ ਸਾਦਾ ਜਿਹਾ ਬੰਦਾ ਹਾਂ।
ਉਂਜ ਮੈਨੂੰ ਪਤਾ ਹੈ ਤੁਸੀਂ ਮੇਰੇ ਬਾਰੇ ਕੀ
ਸੋਚ ਰਹੇ ਹੋ : ਕਿੰਨਾ ਮਕੈਨੀਕਲ ਬੋਰਿੰਗ ਤੇ ਬੇਰੰਗ ਜਿਹਾ
ਬੰਦਾ ਹੈ ਇਹ। ਜੀਵਨ ਵਿੱਚ ਕੁਝ ਤਾਂ
ਹੇਠਾਂ ਉਤੇ ਤੱਤਾ ਠੰਡਾ
ਉਥਲ ਪਥੱਲ ਹੋਣਾ ਚਾਹੀਦੈ।

ਸ਼ਾਇਦ ਤੁਸੀਂ ਠੀਕ ਹੀ ਸੋਚ ਰਹੇ ਹੋ
ਮੈਨੂੰ ਇਸ ਤੇ ਕੋਈ ਗਿਲਾ ਨਹੀਂ
ਪਰ ਤੁਸੀਂ ਘੱਟੋ ਘੱਟ ਮੇਰੇ ਨਾਲ ਇਸ ਗੱਲ
ਤੇ ਤਾਂ ਸਹਿਮਤ ਹੋਵੋਗੇ ਕਿ ਮੈਂ ਚੰਗੇ ਨਾਗਰਿਕ
ਵਾਂਗ ਦੇਸ਼ ਦੇ ਭਵਿਖ ਲਈ ਚੰਗਾ ਸੋਚਦਾ ਹਾਂ
ਅਤੇ ਭੂਤ ਵਿੱਚ ਜੋ ਕੁਝ ਮੰਦਾ ਹੋਇਆ ਹੈ →

ਅੱਗੇ ਸਫਾ 30 ਤੇ

# ਕਾਮਾਗਾਟਾ ਮਾਰੂ: ਇਤਿਹਾਸਕ ਸੰਦਰਭ ਵਿੱਚ

ਸੂਰੀ ਅਮਰਜੀਤ

(ਲੰਬੇ ਲੇਖ ਦਾ ਹਿੱਸਾ)

ਕਾਮਾਗਾਟਾ ਮਾਰੂ ਦੀ ਘਟਨਾ ਦਾ ਦੁੱਖਾਂ ਭਰਿਆ ਹਿੱਸਾ ਭਾਰਤ ਦੀ ਧਰਤੀ ਤੋਂ ਦੂਰ ਕੈਨੇਡਾ ਦੇ ਪਾਣੀਆਂ ਵਿੱਚ ਵਾਪਰਿਆ ਪਰ ਇਸ ਦਾ ਦਰਦਨਾਕ ਅੰਤ ਭਾਰਤ ਦੀ ਧਰਤੀ ਤੇ ਹੋਇਆ। ਪੰਜ ਮੈਂਬਰੀ ਸਰਕਾਰੀ ਪੜਤਾਲੀਆ ਕਮੇਟੀ ਵਲੋਂ ਮੁਸਾਫਰਾਂ ਉਤੇ ਗੋਲੀ ਚਲਾਏ ਜਾਣ ਦਾ ਦੋਸ਼ ਲਾਉਣਾ, ਸਾਮਰਾਜੀਆਂ ਨੂੰ ਮੁਸਾਫਰਾਂ ਦੇ ਕਤਲੇਆਮ ਦੇ ਦੋਸ਼ ਤੋਂ ਮੁਕਤ ਕਰਨ ਲਈ ਹੀ ਸੀ। ਜੇਕਰ ਜਹਾਜ਼ ਦੇ ਵੈਨਕੂਵਰ ਪੁੱਜਣ ਅਤੇ ਵਾਪਸ ਮੁੜਨ ਦੀਆਂ ਘਟਨਾਵਾਂ ਨੂੰ ਦੇਖੀਆਂ ਤਾਂ ਬਰਤਾਨੀਆਂ ਸਾਮਰਾਜੀਆਂ, ਕੈਨੇਡਾ ਦੀ ਟੋਰੀ ਸਰਕਾਰ ਅਤੇ ਭਾਰਤ ਵਿੱਚ ਦੀ ਬਸਦੀਵਾਦੀ ਰਾਜ ਪ੍ਰਬੰਧ ਤੇ ਇਹਨਾਂ ਸਰਕਾਰਾਂ ਦੇ ਝੋਲੀ ਚੁੱਕ ਗਦਾਰ ਮਿਲ ਕੇ, ਕਾਮਾਗਾਟਾ ਮਾਰੂ ਦੇ ਮੁਸਾਫਰਾਂ ਦੇ ਕੈਨੇਡਾ ਜਾਣ ਦੇ ਜਤਨ ਦੇ 'ਦੋਸ਼' ਦੀ ਸਜ਼ਾ ਦੇਣ ਲਈ ਅੱਗੇ ਹੋਏ ਸਨ। ਕੈਨੇਡੀਅਨ ਨੇਵੀ ਦੇ ਜੰਗੀ ਬੇੜੇ 'ਰੇਨਵੋ' ਦੀ ਗੋਲਾ ਬਾਰੀ ਤੋਂ ਬੱਚ ਨਿਕਲਣ ਪਿੱਛੋਂ, ਕਾਮਾਗਾਟਾ ਮਾਰੂ ਦੇ ਮੁਸਾਫਰਾਂ ਦਾ, ਬੱਜ ਬੱਜ ਘਾਟ ਉਪਰ ਗੋਲੀਆਂ ਦਾ ਸ਼ਿਕਾਰ ਹੋਣਾ ਸਮਝ ਆਉਣ ਵਾਲੀ ਗੱਲ ਹੈ। ਪੜਤਾਲੀਆਂ ਕਮੇਟੀ ਵਲੋਂ ਮੁਸਾਫਰਾਂ ਨੂੰ ਦੋਸ਼ੀ ਠਹਿਰਾਉਣ ਵਾਲੀ ਰੀਪੋਰਟ ਨਾਲ ਸਮੇਂ ਦੇ, ਮਾਡਰੇਟ ਕਾਂਗਰਸੀ ਆਗੂਆਂ ਦਾ ਸਹਿਮਤ ਹੋਣਾ, ਇਸ ਗੱਲ ਦਾ ਸੂਚਕ ਹੈ ਕਿ ਉਹ ਅੰਗਰੇਜ਼ ਸਾਮਰਾਜ ਨਾਲ ਸਮਝੌਤਾ ਕਰਕੇ ਰਾਜ ਸਤਾ ਸੰਭਾਲਣਾ ਚਾਹੁੰਦੇ ਹਨ। ਇਹ ਇਸ ਗੱਲ ਦਾ ਵੀ ਸਬੂਤ ਹੈ ਕਿ ਉਹ ਆਮ ਲੋਕਾਂ ਨਾਲੋਂ ਟੁੱਟੇ ਹੋਏ ਸਨ। ਉਹ ਗਰਮਦਲੀ ਆਗੂ ਹੀ ਸਨ ਜੋ ਆਮ ਲੋਕਾਂ ਦੇ ਨੇੜੇ ਸਨ ਜਿਹਨਾਂ ਨੂੰ ਪਿਛੋਂ ਮਹਾਤਮਾ ਗਾਂਧੀ ਦੀ ਲੀਡਰਸ਼ਿਪ ਸਮੇਂ ਇਕ ਇਕ ਕਰਕੇ ਜਾਂ ਤਾਂ ਪਾਸੇ ਕਰ ਦਿੱਤਾ ਗਿਆ ਜਾਂ ਉਹ ਚਲਾਣਾ ਕਰ ਗਏ।

ਕਈ ਸਾਲ ਪਿਛੋਂ ਬਾਬਾ ਗੁਰਦਿੱਤ ਸਿੰਘ ਜਦੋਂ ਆਪ ਮਹਾਤਮਾ ਗਾਂਧੀ ਨੂੰ ਤੇ ਹੋਰਨਾਂ ਕਾਂਗਰਸੀ ਲੀਡਰਾਂ ਨੂੰ ਮਿਲ ਸਕੇ, ਤਾਂ ਜਾ ਕੇ ਕਾਂਗਰਸੀ ਆਗੂ ਇਸ ਤੱਥ ਨਾਲ ਸਹਿਮਤ ਹੋਏ ਕਿ ਮੁਸਾਫਰਾਂ ਉਪਰ ਪੁਲਸ ਵਲੋਂ ਗੋਲੀ ਚਲਾਈ ਗਈ ਸੀ। ਹੋ ਸਕਦਾ ਹੈ ਕਾਂਗਰਸੀ ਆਗੂਆਂ ਦੇ ਬਾਬਾ ਗੁਰਦਿੱਤ ਸਿੰਘ ਨਾਲ ਸਹਿਮਤ ਹੋਣ ਦਾ ਕਾਰਨ, ਉਹਨਾਂ ਦਾ ਕਾਂਗਰਸ ਵਿੱਚ ਸ਼ਾਮਲ ਹੋ ਜਾਣਾ ਸੀ।

ਕੁਝ ਵੀ ਹੈ, ਬਾਬਾ ਗੁਰਦਿੱਤ ਸਿੰਘ ਅਤੇ ਕਾਮਾਗਾਟਾ ਮਾਰੂ ਦਾ ਸਮੁੱਚਾ ਦੁਖਾਂਤ ਨਸਲਵਾਦ ਵਿਰੁੱਧ, ਸਾਮਰਾਜੀ ਜਬਰ ਵਿਰੁੱਧ, ਮੁਕਤੀ ਲਹਿਰ ਦਾ ਬਹਾਦਰਾਨਾ ਸੰਘਰਸ਼ ਦਾ ਇਕ ਮਹਾਨ ਕਾਂਡ ਹੈ।

1989 ਦਾ ਸਾਲ ਕਾਮਾਗਾਟਾ ਮਾਰੂ ਦਾ ਦੁਖਾਂਤ ਵਾਪਰਨ ਦਾ ਪੰਝੱਤਰਵਾਂ ਸਾਲ ਹੈ। ਇਸ ਸਮੇਂ ਇਤਿਹਾਸ ਦੇ ਖੋਜੀਆਂ, ਰਾਜਨੀਤਕ ਵਿਦਵਾਨਾਂ ਅਤੇ ਹੋਰਨਾਂ ਲੇਖਕਾਂ ਨੂੰ ਇਕ ਕੌਮੀ ਮੁਕਤੀ ਲਹਿਰ ਵਿੱਚ ਵਾਪਰੀ ਮਹੱਤਵਪੂਰਨ ਘਟਨਾ ਦੀ ਮੁੜ ਤੋਂ ਖੋਜ ਕਰਨੀ ਚਾਹੀਦੀ ਹੈ। ਇਸ ਸੰਬੰਧੀ ਲਿਖੀ ਸਮੁੱਚੀ ਸਮੱਗਰੀ ਦੇ ਤੱਥਾਂ ਨੂੰ ਮੁੜ ਘੋਖਣ ਦੀ ਲੋੜ ਹੈ।

ਇਸ ਸਮੇਂ ਲੋੜ ਹੈ ਕਿ ਬੱਜ ਬੱਜ ਘਾਟ ਹੋਏ ਕਤਲੇਆਮ ਦੀ ਪੜਤਾਲੀਆਂ ਕਮੇਟੀ ਦੇ ਪੰਜ ਮੈਂਬਰਾਂ ਵਿਚੋਂ ਦੋ ਭਾਰਤੀ ਮੈਂਬਰਾਂ ਕਪੂਰਥਲੇ ਦੇ ਮਾਹਾਰਾਜਾ ਦਲਜੀਤ ਸਿੰਘ ਅਤੇ ਬਰਧਵਾਨ ਦੇ ਮਹਾਂਰਾਜ ਅਧੀਰਾਜ ਸਰ ਵਿਜੇ ਚੰਦ ਮਹਾਤਾਬ ਦੀ ਦੇਸ਼ ਨਾਲ ਗਦਰੀ ਅਤੇ ਸਾਮਰਾਜੀਆਂ ਦੇ ਟੋਡੀਪਨ ਨੂੰ ਨੰਗਾ ਕੀਤਾ ਜਾਣਾ ਚਾਹੀਦਾ ਹੈ ਜਿਹਨਾਂ ਨੇ ਨਹੱਥੇ ਮੁਸਾਫਰਾਂ ਨੂੰ ਦੋਸ਼ੀ ਠਹਿਰਾਇਆ। ਇਹਨਾਂ ਦੋਵਾਂ ਰਜਵਾੜਿਆਂ ਦੇ ਦੇਸ਼ ਧਰੋਹੀ ਕਿਰਦਾਰ ਨੂੰ ਲੋਕਾਂ ਵਿੱਚ ਉਘਾੜਿਆ ਜਾਵੇ। ਇਹਨਾਂ ਦੇ ਹਿੰਦੂ ਜਾਂ ਸਿੱਖ ਹੋਣ ਦਾ ਭਾਰਤ ਦੀ ਆਜ਼ਾਦੀ ਦੀ ਲਹਿਰ ਨਾਲ ਉਵੇਂ ਹੀ ਕੋਈ ਸੰਬੰਧ ਨਹੀਂ ਹੈ ਜਿਵੇਂ ਅਜ ਦੇ ਫਿਰਕਾ ਪ੍ਰਸਤ, ਵੱਖਵਾਦੀਆਂ ਅਤੇ ਵੰਡਵਾਦੀਆਂ ਦਾ ਭਾਰਤ ਦੀ ਏਕਤਾ-ਅਖੰਡਤਾ ਨਾਲ ਕੋਈ ਸੰਬੰਧ ਨਹੀਂ ਹੈ।

ਸਫਾ 29 ਦੀ ਬਾਕੀ

ਉਸ ਲਈ ਪਛਤਾਵਾ ਕਰਦਾ ਹਾਂ।

ਏਸੇ ਲਈ
ਅਜ ਕਾਮਾਗਾਟਾ ਮਾਰੂ ਦੀ
ਪੰਝੱਤਰਵੀਂ ਵਰ੍ਹੇ ਗੰਢ ਉਤੇ
ਮੈਂ ਆਪਣੇ ਵਲੋਂ ਅਤੇ ਦੇਸ਼ ਦੇ ਸਾਰੇ
ਨਾਗਰਿਕਾਂ ਵਲੋਂ
ਕਾਮਾਗਾਟਾ ਮਾਰੂ ਮੁਸਾਫਰਾਂ ਨਾਲ ਕੀਤੇ ਗਏ
ਸ਼ਰਮਨਾਕ ਸਲੂਕ ਲਈ
ਸਿਰ ਝੁਕਾ
ਦੁਨੀਆਂ ਦੇ ਲੋਕਾਂ ਤੋਂ ਮੁਆਫੀ ਮੰਗਦਾ ਹਾਂ।

ਸਫਾ 31 ਦੀ ਬਾਕੀ

ਸ਼ਾਂਤ ਪਾਉਂਦੀ ਖ਼ਾੜੀ
ਨਸਲੀ ਧੁੰਦ ਵਿੱਚ
ਘਿਰੀ ਹੋਈ ਜਾਪੀ।
ਤਦ,
ਜੋ ਮੰਜ਼ਿਲ ਦਾ
ਬੰਦ ਦਰਵਾਜ਼ਾ ਦੇਖ
ਵਾਪਸ ਸਨ ਪਰਤੇ
ਉਹਨ੍ਹਾਂ ਦੇ ਨਾਵਾਂ ਦੀ
ਸੂਚੀ ਬਣਾਕੇ,
ਸੋਚਾਂ ਦੀ ਕਲਮ ਨੇ
ਸਾਗਰ ਦੇ ਤਲ 'ਤੇ
'ਹਰਫ਼ ਨੇ ਉਕਰੇ'
ਗੈਰਤ ਦੇ ਸ਼ਬਦਾਂ ਦੀਆਂ
ਪੜ੍ਹੀਆਂ ਨੇ ਸਤਰਾਂ।
ਹੁਣ ਜਦ ਵੀ ਮੈਂ
ਲਹਿਰਾਂ ਦੇ ਸਨਮੱਖ਼ ਹਾਂ ਖੜਦਾ
ਸਾਗਰ ਦੀ ਹਿੱਕੜੀ ਤੋਂ
ਹਰਫ਼ਾਂ ਨੂੰ ਪੜ੍ਹਦਾ
ਲਿਖਦਾ ਹਾਂ ਨਜ਼ਮਾ
ਤੱਕਦਾ ਹਾਂ ਬੰਦੇ ਨੇ
ਬੰਦੇ ਨਾਲ ਕੀਤਾ
'ਕੋਝਾ ਵਰਤਾਰਾ'
ਤਾਂ,
ਕਾਮਾਗਾਟਾ ਮਾਰੂ ਦੀ
ਮੰਜ਼ਿਲ ਵੱਲ ਮੁੱਖ ਕਰ
ਅਤੁੱਲ ਸਾਕੇ ਨੂੰ
ਸਿਰ ਝੁਕਾਉਂਦਾ
"ਮਨੁੱਖੀ ਬਰਾਬਰੀ" ਲਈ
ਜੂਝਣ ਦਾ ਪ੍ਰਣ ਕਰ
ਪਰਤ ਆਉਂਦਾ ਹਾਂ।

x x x x

## ਅਭੁੱਲ ਵਿਰਸੇ ਦੇ ਪੂਜਕ

### ਸੁਰਿੰਦਰ ਧੰਜਲ

ਅੱਜ ਵਿੱਚੋਂ, ਬੀਤ ਚੁੱਕੇ ਦਾ
ਖ਼ੂਬਸੂਰਤ ਪਰਛਾਵਾਂ ਤੱਕਣਾ ਸਾਡੀ ਆਦਤ ਨਹੀਂ
ਬੀਤ ਚੁੱਕੇ ਨੂੰ ਸ਼ਰਧਾਂਜਲੀ ਭੇਟ ਕਰਕੇ ਹੀ
ਸੰਤੁਸ਼ਟ ਹੋ ਜਾਂਦੇ ਹਾਂ-
ਅਭੁੱਲ ਵਿਰਸੇ ਦੇ ਪੂਜਕ ਹਾਂ ਅਸੀਂ।

ਅਸਮਾਨਾਂ 'ਚ ਅਸੀਂ ਕਿਸੇ ਸੂਰਜ ਨੂੰ ਮਿਲਣ ਲਈ ਨਹੀਂ
ਇੱਲ੍ਹ ਦੀ ਮੁਰਦੇਖਾਣੀ ਝਾਕ ਵਾਂਗ ਉਡਦੇ ਹਾਂ।
ਬੁਲਬੁਲ ਦੇ ਗੀਤ, ਮੋਰ ਦੀ ਪੈਲ ਅਤੇ ਵਗਦੀ ਪੌਣ-
ਆਕਾਸ਼ ਤੋਂ ਪਤਾਲ ਤੱਕ
ਕਿਸੇ ਵੀ ਰੁਮਕਦੇ ਅਹਿਸਾਸ ਦੇ ਮੱਥੇ
ਲਾ ਸਕਦੇ ਹਾਂ ਸਾਜ਼ਸ਼ੀ ਇਲਜ਼ਾਮ ਦਾ ਟਿੱਕਾ
ਅਸੀਂ ਸ਼ਬਦਾਂ ਦੇ ਝੂਠੇ ਜਾਦੂਗਰ
ਨਾ ਭੁਲਾਵੇਂ ਅੱਖਰ ਹੀ ਸਮਝਦੇ ਹਾਂ
ਨਾ ਪੈਮੜੀ ਦੇ ਗਰਭ 'ਚ ਮਚਲਦਾ ਹੁਸਨ
ਦੱਭ ਕਾਹੀ ਅਤੇ ਸਰਕੜੇ ਦੇ ਆਸ਼ਕ
ਫੁੱਲ ਵੇਖਣ ਦੇ ਆਦੀ ਨਹੀਂ ਹੁੰਦੇ।
ਅਮਰੀਕਾ ਦੇ ਚੱਰੇ ਚੱਰੇ 'ਚੋਂ ਸਾਨੂੰ
ਕਦੇ ਗ਼ਦਰੀ ਬਾਬਿਆਂ ਦੇ ਵਤਨ-ਮੋਹ ਦੀ
ਖ਼ੁਸ਼ਬੋ ਆਉਂਦੀ ਹੈ
ਕਦੇ ਫਾਂਸੀ ਚੁੰਮਦੇ ਮੇਵਾ ਸਿੰਘ ਦੀ-
ਸ਼ਾਂਤ ਮਹਾਂ ਸਾਗਰ ਦੀਆਂ ਛੱਲਾਂ 'ਚੋਂ ਸਾਨੂੰ
ਕਾਮਾਗਾਟਾ ਮਾਰੂ ਦੇ ਸਿਰੜ ਦੀ ਖ਼ੁਸ਼ਬੋ ਆਉਂਦੀ ਹੈ
ਇਸ ਖ਼ੁਸ਼ਬੋ ਨੂੰ ਸ਼ਰਧਾਂਜਲੀ ਭੇਟ ਕਰਕੇ ਹੀ
ਸੰਤੁਸ਼ਟ ਹੋ ਜਾਂਦੇ ਹਾਂ ਅਸੀਂ।
ਪਰਕਾਰ ਦੇ ਦਾਇਰੇ 'ਚ ਘਿਰੇ ਕੂਕਦੇ ਹਾਂ
ਇਹ ਸੱਭ ਕੁਝ ਤਾਂ ਕੱਲ੍ਹ ਹੀ ਹੋ ਸਕਦਾ ਸੀ-
ਜੂਝਦੇ ਅੱਜ 'ਚੋਂ ਬਹਾਦਰ ਵਿਰਸੇ ਦੀ
ਫੁੱਟਦੀ ਕੋਈ ਕਰੂੰਬਲ ਦੇਖ
ਸੜ ਉਠਦੀ ਹੈ ਸਾਡੀ ਵਿੱਦਵਤਾ-
ਜੂਝਦੇ ਅੱਜ ਨੂੰ ਕਦੇ ਵੀ
ਕੌਮ ਧ੍ਰੋਹੀ ਦਾ ਸਿਰੋਪਾ ਦੇ ਸਕਦੇ ਹਾਂ-
ਅਭੁੱਲ ਵਿਰਸੇ ਦੇ ਪੂਜਕ ਹਾਂ ਅਸੀਂ।

ਪੁੱਤ ਧੀਆਂ ਦੀਆਂ
ਦਗਦੀਆਂ ਅੱਖਾਂ 'ਤੇ ਪੱਟੀ ਬੰਨਣ ਲਈ
ਅਭੁੱਲ ਵਿਰਸੇ ਦੀ ਕੁਰਬਾਨੀ ਦਾ
ਅੱਧ-ਪਚੱਧਾ ਜ਼ਿਕਰ ਹੀ ਉੱਗਲਦੇ ਹਾਂ ਅਸੀਂ-

'ਗ਼ਦਰ ਦੀ ਗੂੰਜ' 'ਚੋਂ ਪੜ੍ਹੀ ਕਵਿਤਾ
ਕੇਵਲ ਮਾਈਕ ਦੀ ਗੂੰਜ ਹੈ
ਆਤਮਾ ਦੀ ਗੂੰਜ ਨਹੀਂ

ਭੁੱਲ ਜਾਂਦੇ ਹਾਂ
ਕਿ ਜ਼ਿੰਦਗੀ ਦੀ ਕੁੱਖ ਕਦੇ ਬਾਂਝ ਨਹੀਂ ਹੁੰਦੀ
ਕਿ ਬੀਤ ਰਿਹਾ ਅੱਜ, ਬੀਤ ਚੁੱਕੇ ਦਾ ਹੀ ਪੁੱਤਰ ਹੈ
ਅੱਜ ਵਿੱਚੋਂ, ਬੀਤ ਚੁੱਕੇ ਦਾ
ਖ਼ੂਬਸੂਰਤ ਪ੍ਰਛਾਵਾਂ ਤੱਕਣਾ ਸਾਡੀ ਅਦਤ ਨਹੀਂ
ਦੱਭ ਕਾਹੀ ਅਤੇ ਸਰਕੜੇ ਦੇ ਆਸ਼ਕ
ਫੁੱਲ ਵੇਖਣ ਦੇ ਆਦੀ ਨਹੀਂ ਹੁੰਦੇ।

x x x x

## ਪਾਣੀ ਤੇ ਲਿਖੇ ਹਰਫ਼

### ਮੀਂਗਾ ਸਿੰਘ ਬਾਸੀ

ਮੈਂ।
ਉਸ ਖ਼ਾੜੀ ਦੀ
ਕਰਦਾ ਹਾਂ ਗੱਲ
ਜਿਸਨੂੰ,
'ਬਰਾਡ ਇਨਲੇਟ'
ਕਹਿੰਦੇ ਨੇ ਲੋਕ।
ਅੰਬਰ ਦੇ ਤਾਰੇ
ਰਾਤ ਨੂੰ ਜਿੱਥੇ
ਜਲਚਰਾਂ ਸੰਗ
ਕਰਦੇ ਨੇ ਕਲੋਲ।
ਬਿਜਲਈ ਲਾਟੂਆਂ ਨਾਲ
ਚਮਕਦੀਆਂ ਇਮਾਰਤਾਂ ਦੇ ਅਕਸ
ਦਿਸਦੇ ਨੇ ਲਾਉਂਦੇ
ਸਾਗਰ ਵਿੱਚ ਟੁੱਭੀਆਂ।

ਇਸ ਹੀ,
ਖ਼ਾੜੀ ਦੀ ਗੋਦੀ 'ਚ ਘੁੱਟਿਆ
"ਸਟੈਨਲੀ ਨਾਂ ਦਾ ਪਾਰਕ"
ਬਸੰਤ ਦੀ ਰੁੱਤੇ
ਵੰਡਦਾ ਏ ਮਹਿਕਾਂ
ਚਾਅਵਾਂ ਨਾਲ ਲੋਕੀ
ਤਕਦੇ ਨੇ ਜਿੱਥੇ
ਜੀਵਾਂ ਦੀਆਂ ਕਿਸਮਾਂ
ਤੇ ਮੱਛੀਆਂ ਦੇ ਚੋਜ
ਮੋਰਾਂ ਦਾ ਨੱਚਣਾ
ਨੈਣਾਂ ਨੂੰ ਭਾਉਂਦਾ
ਕੋਇਲਾਂ ਦਾ ਗਾਉਣਾ
ਪੈਂਦਾ ਏ ਕੰਨੀ।
ਪਰ,
ਜਦੋਂ ਉਤਰੀ ਕੰਢੇ ਨਾਲ
ਖੜ੍ਹੇ, ਬੇੜੇ ਨੇ;
ਤੁਰਨੇ ਤੋਂ ਪਹਿਲਾਂ
ਮਾਰੀ ਸੀ ਕੂਕ,
ਤਾਂ ਮੈਨੂੰ
ਕਾਮਾਗਾਟਾ ਮਾਰੂ ਦੀ
ਆ ਗਈ ਸੀ ਯਾਦ।
ਹੋਇਆ ਸੀ ਜ਼ਖ਼ਮੀ
ਅਜ਼ਬ ਨਜ਼ਾਰਾ।

ਖ਼ਾੜੀ 'ਚੋਂ ਉੱਠ
ਲਹਿਰਾਂ ਜਦ
ਕੰਢੇ ਨਾਲ ਟਕਰਾਈਆਂ
ਤਾਂ ਲੱਗਾ ਸੀ ਮੈਨੂੰ,
ਜਿਵੇਂ ਪੌਣੀ ਸਦੀ ਤੋਂ
ਸਾਂਭ ਰੱਖੇ
ਕਾਮਾਗਾਟਾ ਮਾਰੂ ਦੇ
ਮੁਸਾਫਰਾਂ ਦੇ ਤਿੜਕੇ ਖ਼ਾਬ
ਮੇਰੀ ਝੋਲੀ ਵਿੱਚ
ਪਾ ਰਹੀਆਂ ਹੋਣ।
ਲਹਿਰਾਂ ਦੇ
ਪੱਥਰੀਲੇ ਕੰਢੇ ਨਾਲ
ਟਕਰਾ ਦੀ ਅਵਾਜ਼ 'ਚੋਂ
ਸਾਂਡ ਦੇ ਲਲਕਾਰਿਆਂ ਦੀ
ਧੁੰਨ ਸੁਣਾਈ ਸੀ ਦਿੱਤੀ।
ਮਿੰਨੀ ਗੱਡੀ ਦੀਆਂ ਕੂਕਾਂ
ਮਨੁੱਖਤਾ ਦੀ ਮੰਜ਼ਿਲ ਵਲ
ਵਧਦੇ ਕਾਫ਼ਲੇ ਦੇ
ਜੈਕਾਰੇ ਬਣ ਕੰਨੀ ਪਈਆਂ।
ਸਾਗਰ ਦੇ ਵਿਹੜ੍ਹੇ 'ਚ
ਡੁਬਕਦੇ ਤਾਰਿਆਂ ਦਾ ਦ੍ਰਿਸ਼,
ਗਿਆ ਸੀ ਗੁਆਚ।
ਹਨੇਰੇ ਦੀ ਲਪੇਟ ਵਿੱਚ
ਹੀਰਿਆਂ ਭਰੀ ਪਰਾਤ ਨੂੰ

ਅੱਗੇ ਸਫਾ 30 ਤੇ

# ਕੈਨੇਡੀਅਨ ਹਿੰਦੁਸਤਾਨੀਆਂ ਦੀ ਫੁੱਟ ਉੱਤੇ

## ਗੁਰਦੇਵ ਸਿੰਘ ਢਿੱਲੋਂ "ਯਕਦਮ"

(ਆਪੋ ਵਿੱਚ ਹਿੰਦੁਸਤਾਨੀ ਭਾਈਆਂ ਦੀ ਫੁੱਟ ਨੂੰ ਮੁੱਖ ਰਖਦੇ ਹੋਏ ਵੈਨਕੂਵਰ ਗੁਰਦੁਆਰੇ ਦੇ ਹੇਠਲੇ ਹਾਲ ਵਿੱਚ 10 ਅਕਤੂਬਰ 1932 ਵਿੱਚ ਯੰਗਮੈਨ ਐਸੋਸੀਏਸ਼ਨ ਦੇ ਅਜਲਾਸ ਵਿੱਚ ਪੜ੍ਹੀ ਗਈ)

ਸਾਈਆਂ ਕਹਿਰ ਹੋਇਆ ਜਿਧਰ ਨਜ਼ਰ ਮਾਰਾਂ, ਪਾਟੋ ਧਾੜ ਵਿਚ ਹੋਏ ਮਸ਼ਗੂਲ ਵਤਨੀਂ।
ਝੁਰਲੂ ਸਿਰਾਂ ਤੇ ਫੇਰਿਆ ਗਿਆ ਐਸਾ, ਜੇਹਨੂੰ ਸਮਝਦੇ ਨਹੀਂ ਹੈ ਮੂਲ ਵਤਨੀਂ।
ਖਾਨਾਂ ਜੰਗੀਆਂ ਨੇ ਬੇੜਾ ਗਰਕ ਕੀਤਾ, ਚੁੱਕੀ ਫਿਰਨ ਗੁਲਾਮੀ ਦਾ ਜੂਲ ਵਤਨੀਂ।
ਮਾਣਸ ਜਾਤ ਸਾਂਝੀ ਪਿਆਰਾ ਵਤਨ ਸਾਂਝਾ, ਸੱਚਾ ਭੁੱਲ ਗਏ ਏਹੋ ਅਸੂਲ ਵਤਨੀਂ।

ਦਿਸਦੇ ਦੇਸ਼ ਅੰਦਰ ਝਗੜੇ ਮਜ਼ਹਬ ਵਾਲੇ, ਵਿਚ ਪ੍ਰਦੇਸ਼ ਦੇ ਫੁੱਟ ਕਿਉਂ ਪਈ?
ਜਿਥੇ ਸਮਝਦੇ ਸਾਂ ਆਪਾਂ ਹਾਂ ਹਿੰਦੀ, ਤੂੰ ਤੂੰ ਮੈਂ ਉਤੇ ਕੌਮ ਜੁਟ ਕਿਉਂ ਪਈ?
ਗੱਠੀ ਹੋਈ ਸ਼ਹੀਦਾਂ ਦੇ ਖੂਨ ਅੰਦਰ, ਇਹ ਲੜੀ ਪ੍ਰੇਮ ਦੀ ਟੁਟ ਕਿਉਂ ਪਈ?
ਮਾੜੇ ਭਾਗ ਅਜ ਸਮੇਂ ਨੇ ਗੇੜ ਖਾਧਾ, ਇਕ ਦੂਏ ਦੀ ਨਿੰਦਿਆ ਬੁਟ ਕਿਉਂ ਪਈ?

"ਕਾਮਾ ਗਾਟਾ" ਦਾ ਕਰ ਖਾਂ ਯਾਦ ਸਾਕਾ, ਬਣ ਕੇ ਸੂਰਮਾ ਜਦੋਂ ਤੂੰ ਖੜ੍ਹ ਗਿਆ ਸੀ।
ਜਥੇਬੰਦੀ ਦਾ ਬੱਲ ਨਾ ਵੇਖ ਹੋਇਆ, ਸੱਪ ਵੈਰੀਆਂ ਦੇ ਸੀਨੇ ਲੜ ਗਿਆ ਸੀ।
ਦੜ ਵੱਟ ਲੈਂਦਾ ਜੇ ਕਰ ਅਜ ਤਿਕਣ, ਤਾਂ ਦੁਸ਼ਮਣ ਅੰਦਰੋਂ ਅੰਦਰੀਂ ਸੜ ਗਿਆ ਸੀ।
ਜਥੇਬੰਦੀ ਨੂੰ ਪੱਕਿਆਂ ਕਰਨ ਬਦਲੇ, "ਮੇਵਾ ਸਿੰਘ" ਸਾਥੀ ਫਾਹੇ ਚੜ੍ਹ ਗਿਆ ਸੀ।

ਵੇਖ ਜੋਸ਼ ਤੇਰੇ ਠਾਠਾਂ ਮਾਰਦੇ ਨੂੰ, ਹਕੂਮਤ ਹਿੰਦ ਨੇ ਹੌਸਲਾ ਹਾਰਿਆ ਸੀ।
ਸੇਹਰੇ ਬੰਨ੍ਹ "ਬਲਵੰਤ" ਦੇ ਤੋਰ ਹੱਥੀਂ, ਉਦੋਂ ਬੱਲ ਤੂੰ ਸ਼ੇਰਾਂ ਦਾ ਧਾਰਿਆ ਸੀ।
ਆਪੋ ਵਿਚ ਸੰਤੋਖ ਦੀ ਮੇਹਰਬਾਰੀ, "ਜਵੰਦ" "ਬੰਤ" ਹੋਰਾਂ ਆਪਾ ਵਾਰਿਆ ਸੀ।
ਸੀ ਨਹੀਂ ਕੀਤੀ ਰੱਖੀ ਲਾਜ ਤੇਰੀ, ਭਾਵੇਂ ਬੇਲਣੇ ਪੀੜ ਚਾ ਮਾਰਿਆ ਸੀ।

ਗੁਡੀ ਚੜ੍ਹੀ ਸੀ ਉਦੋਂ ਅਸਮਾਨ ਤੇਰੀ, ਹਾਏ ਅਜ ਵਿਚਕਾਰਿਉਂ ਡੋਰ ਟੁੱਟ ਗਈ।
ਭਰਾਤਰੀ ਭਾਵ ਦਾ ਨਾਮ ਨਿਸ਼ਾਨ ਮਿਟਿਆ, ਤੇਰੀ ਫੁਟ ਸੰਤੋਖ ਦਾ ਗਲਾ ਘੁੱਟ ਗਈ
ਧੜੇ ਬੰਦੀਏ ਸੱਤਿਆ ਨਾਸ ਤੇਰਾ, ਬਿਨ੍ਹਾਂ ਵੇਖ ਉਤੇ ਗੰਦੀ ਗਾਰ ਸੁਟ ਗਈ।
ਭਲਾ ਦੱਸ ਕਿਸ ਦਾ ਪਾਣੀ ਹਾਰ ਸੈਂ ਤੂੰ, ਜੇਹਨੂੰ ਚਿੰਬੜੀ ਉਸ ਦੀ ਗੋਰ ਪੁਟ ਗਈ।

ਜੇ ਕਰ ਛੱਡਿਆ ਨਾ ਕੀਨੇ ਬਾਜੀਆਂ ਨੂੰ, ਕਾਲਾ ਦਾਗ ਵਿਚੋਂ ਕੋਈ ਖੱਟ ਹੋ ਜਾਊ।
ਨਸਲ ਔਣ ਵਾਲੀ ਨਫਰਤ ਨਾਲ ਦੇਖੂ, ਬੁਰੇ ਸ਼ਬਦ ਅੰਦਰ ਨਾਮ ਰੱਟ ਹੋ ਜਾਊ।
ਲਾਇਆ ਹੋਇਆ ਬਜ਼ੁਰਗਾਂ ਨੇ ਕਲਮ ਹੱਥੀਂ, ਬੂਟਾ ਏਕਤਾ ਦਾ ਏਥੋਂ ਪੱਟ ਹੋ ਜਾਊ।
ਆਪੋ ਵਿਚ ਯਾਰੋ ਸਾਡੇ ਲੜਦਿਆਂ ਤੇ, ਬੇੜੀ ਕਿਵੇਂ ਗੁਲਾਮੀ ਦੀ ਕੱਟ ਹੋ ਜਾਊ?

ਬਾਹਾਂ ਭੱਜੀਆਂ ਨੂੰ ਮੁੜ ਗਲੀਂ ਲਾ ਕੇ, ਜਥੇਬੰਦੀ ਦਾ ਫੇਰ ਪ੍ਰਚਾਰ ਕਰ ਲਓ।
ਪੈਂਤੀ ਕੋਟ ਗੁਲਾਮ ਤੇ ਰਹਿਮ ਕਰਕੇ, ਟੁੱਟੇ ਦਿਲਾਂ ਚੋਂ ਦੂਰ ਹੰਕਾਰ ਕਰ ਲਓ।
ਤੇਰੇ ਵੱਲ ਸ਼ਹੀਦ ਪਏ ਤੱਕਦੇ ਨੇ, ਉਨ੍ਹਾਂ ਉਤੇ ਹੀ ਕੁਝ ਉਪਕਾਰ ਕਰ ਲਓ।
"ਯਕਦਮ" ਵਾਸਤਾ ਗੁਰੂ ਦਾ ਪਾਵੰਦਾ ਹਾਂ, ਭਾਈਓ ਹੋ ਕੱਠੇ ਬੇੜਾ ਪਾਰ ਕਰ ਲਓ।

x x x x x

## ਸੀਨਾ ਪਾਟਣ ਦੀ ਗੱਲ

ਸਾਧੂ

ਸਮੁੰਦਰ ਦਾ ਉਹੀ ਕਿਨਾਰਾ
ਜਿਥੇ ਕਦੀ ਪਹੁੰਚਿਆ ਸੀ ਕਾਮਾ-ਗਾਟਾ ਮਾਰੂ
ਤੇ ਮਾਸ ਖੋਰੀਆਂ ਤੋਪਾਂ ਦੇ ਅੱਗੇ ਲੱਗ
ਭੁੱਖੇ ਹਾਥੀ ਦੀ ਤਰ੍ਹਾਂ ਚਿੰਘਾੜ੍ਹਦਾ
ਵਾਪਸ ਮੁੜ ਗਿਆ ਸੀ
ਬਿਨ੍ਹਾਂ ਰੇਤ ਦਾ ਚੁੰਮਣ ਲਏ

ਮੈਂ ਵਿਖਰੇ ਪੱਥਰਾਂ 'ਚ ਬੈਠਾ
ਟੁੱਟੀਆਂ ਲਕੜਾਂ, ਛੋਟੇ ਛੋਟੇ ਪੱਥਰਾਂ
ਤੇ ਰੇਤ ਤੋਂ ਪੁੱਛਦਾ ਹਾਂ
ਖਬਰੇ ਕੋਈ ਦੱਸ ਸਕੇ ਕਹਾਣੀ?
ਕਿਵੇਂ ਤੁਸੀਂ ਮਈ ਤੇਈ - ਜੁਲਾਈ ਤੇਈ ਦੇ
ਵਿਚਾਲੇ ਦੀਆਂ ਰਾਤਾਂ
ਸੁਣਦੇ ਰਹੇ ਚੋਵੀ ਘੱਟ ਚਾਰ ਸੋ
ਪੰਜਾਬੀਆਂ ਦੀਆਂ ਬਾਤਾਂ
ਬਿਨ੍ਹਾਂ ਕੋਈ ਦਿੱਤੇ ਹੁੰਗਾਰਾ

ਮੈਂ ਛੱਲਾਂ 'ਚੋਂ ਸੰਗੀਤ ਭਾਲਦਾ ਹਾਂ
ਪਰ ਮੇਰੇ ਕੰਨਾਂ ਨਾਲ ਵੱਜਦੀਆਂ ਹਨ
ਮਾਰੂ 'ਚੋਂ ਆ ਰਹੀਆਂ ਆਵਾਜ਼ਾਂ
ਮੈਂ ਤੁਰੇ ਫਿਰਦੇ ਪੱਥਰਾਂ ਤੋਂ ਪੁੱਛਦਾ ਹਾਂ
ਸੀਨਾ ਪਾਟਣ ਦੀ ਗੱਲ
ਉਹ ਮੇਰੀ ਵੱਲ ਦੇਖ ਕੇ ਹੱਸਦੇ ਹਨ
ਤੇ ਮੂੰਹ ਘੁਮਾ ਕੇ ਅੱਗੇ ਲੰਘ ਜਾਂਦੇ ਹਨ

1974

x x x x


ਕਾਮਾਗਾਟਾ ਮਾਰੂ ਦੀ ਯਾਦ ਨੂੰ ਸ਼ਰਧਾਂਜਲੀ

ਪੰਜਾਬੀ ਆਰਟਿਸਟ ਐਸੋਸੀਏਸ਼ਨ
ਰਿਚਮੰਡ

ਫੋਨ: 270 - 7842

ਨਾਟਕ

# ਸਮੁੰਦਰੀ ਸ਼ੇਰ ਨਾਲ ਟੱਕਰ

## ਸਾਧੂ ਅਤੇ ਸੁਖਵੰਤ ਹੁੰਦਲ

ਸੂਤਰਧਾਰ: ਕਾਮਾਗਾਟਾ ਮਾਰੂ ਨੂੰ ਇਥੇ ਪਹੁੰਚਿਆਂ ਸੱਤ ਹਫਤੇ ਹੋ ਗਏ ਹਨ। ਇਮੀਗਰੇਸ਼ਨ ਅਧਿਕਾਰੀ ਕਾਮਾਗਾਟਾ ਮਾਰੂ ਨੂੰ ਇਥੋਂ ਡੀਪੋਰਟ ਕਰਨ ਲਈ ਕਾਹਲੇ ਹਨ। ਪਰ ਅਜੇ ਤੱਕ ਇਹਨਾਂ ਦਾ ਕੋਈ ਸੂਤ ਨਹੀਂ ਆਇਆ।

ਇਸ ਮਸਲੇ ਵਿਚ ਇਕੱਲੇ ਇਮੀਗਰੇਸ਼ਨ ਵਾਲੇ ਹੀ ਨਹੀਂ, ਏਥੋਂ ਦੀਆਂ ਅਖਬਾਰਾਂ ਅਤੇ ਸਿਆਸੀ ਲੀਡਰ ਹਿੰਦੂਆਂ ਨੂੰ ਮੋੜਨ ਲਈ ਉਹਨਾਂ ਤੋਂ ਵੀ ਵੱਧ ਕਾਹਲੇ ਨੇ। ਅਜੇ ਮਾਰੂ ਰਾਹ ਵਿਚ ਹੀ ਸੀ ਕਿ ਅਖਬਾਰਾਂ ਨੇ ਮਾਰੂ ਵਿਰੁੱਧ ਨਫਰਤ ਉਗਲਣੀ ਸ਼ੁਰੂ ਕਰ ਦਿੱਤੀ।

ਸੂਤਰਧਾਰ: ਅੰਗਰੇਜ਼ਾਂ ਦੀਆਂ ਅਖਬਾਰਾਂ ਨੇ ਲਿਖਿਆ।

(ਸਟੇਜ ਦੇ ਇਕ ਸਿਰੇ ਤੋਂ ਇਕ ਵਿਅਕਤੀ ਦਾਖਲ ਹੁੰਦਾ ਹੈ। ਉਹ ਅਖਬਾਰ ਪੜ੍ਹਦਾ ਹੈ)

...ਕੈਨੇਡਾ ਉਪਰ ਹਿੰਦੂਆਂ ਦੇ ਹਮਲੇ ਦੀ ਤਿਆਰੀ। ਸੱਤ ਸੌ ਹਿੰਦੂਆਂ ਨਾਲ ਭਰਿਆ ਕਾਮਾਗਾਟਾ ਮਾਰੂ ਨਾਂ ਦਾ ਜਹਾਜ਼ ਹਾਂਗਕਾਂਗ ਤੋਂ ਵੈਨਕੂਵਰ ਲਈ ਰਵਾਨਾ ਹੋ ਚੁੱਕਾ ਹੈ।

(ਦੂਜਾ ਬੰਦਾ )

...ਪੀਲੀਆਂ ਤੇ ਭੂਰੀਆਂ ਕੌਮਾਂ ਦੀ ਕੈਨੇਡਾ ਨੂੰ ਕੋਈ ਲੋੜ ਨਹੀਂ ਹੈ। ਉਹਨਾਂ ਦਾ ਇਥੇ ਆਉਣਾ ਚਿੱਟੇ ਲੋਕਾਂ ਦੀ ਹੋਂਦ ਲਈ ਖਤਰਾ ਹੋਵੇਗਾ।

(ਤੀਜਾ ਬੰਦਾ) (ਇਹ ਪਹਿਲਾ ਐਕਟਰ ਵੀ ਹੋ ਸਕਦਾ ਹੈ)
...ਠੀਕ ਸੋਚ ਵਾਲੇ ਲੋਕ ਜਾਣਦੇ ਹਨ ਕਿ ਹਿੰਦੁਸਤਾਨੀਆਂ ਨੂੰ ਇਥੇ ਆਉਣ ਦੀ ਆਗਿਆ ਨਹੀਂ ਹੋਣੀ ਚਾਹੀਦੀ। ਸਰਕਸ ਵਿੱਚ ਤਮਾਸ਼ੇ ਲਈ ਵਰਤੇ ਜਾਣ ਤੋਂ ਬਿਨ੍ਹਾਂ ਇਨ੍ਹਾਂ ਦਾ ਕੋਈ ਫਾਇਦਾ ਨਹੀਂ।

(ਚੌਥਾ ਬੰਦਾ) (ਪਹਿਲਿਆਂ ਵਿਚੋਂ ਹੀ ਕੋਈ ਐਕਟਰ)

...ਹਿੰਦੂਆਂ ਦੇ ਹਮਲੇ ਨੂੰ ਮੂੰਹ ਤੋੜ ਜਵਾਬ ਦਿੱਤਾ ਜਾਵੇਗਾ। ਇਸ ਮਕਸਦ ਲਈ ਇਮੀਗਰੇਸ਼ਨ ਡੀਪਾਰਟਮੈਂਟ ਨੇ ਸੈਂਕੜੇ ਹੀ ਜੋੜੇ ਹੱਥ-ਕੜੀਆਂ ਦੇ ਖਰੀਦੇ ਹਨ। ਇਸ ਹਮਲੇ ਨੂੰ ਰੋਕਣ ਲਈ ਉਹਨਾਂ ਨੇ ਬਾਕੀ ਵੀ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਹਨ

ਸੂਤਰਧਾਰ: ਤੇ ਕੈਨੇਡਾ ਵਿੱਚ ਰਹਿ ਰਹੇ ਹਿੰਦੁਸਤਾਨੀਆਂ ਦੇ ਅਖਬਾਰ ਹਿੰਦੁਸਤਾਨੀ ਦੇ ਸੰਪਾਦਕ ਹਸਨ ਰਹੀਮ ਨੇ ਲਿਖਿਆ:

(ਇਕ ਪਾਤਰ ਹਸਨ ਰਹੀਮ ਦੀਆਂ ਲਾਈਨਾਂ ਪੜ੍ਹਦਾ ਹੈ)

ਅਸੀਂ ਐਸ ਐਸ ਕਾਮਾਗਾਟਾ ਮਾਰੂ 'ਤੇ ਆਏ ਭਾਈ ਗੁਰਦਿੱਤ ਸਿੰਘ ਤੇ ਉਹਦੇ 375 ਸਾਥੀਆਂ ਨੂੰ ਜੀ ਆਇਆਂ ਆਖਦੇ ਹਾਂ। ਜੋ ਸਲੂਕ ਕੈਨੇਡਾ ਦੇ ਹਾਕਮ ਸਾਡੇ ਭਰਾਵਾਂ ਨਾਲ ਕਰ ਰਹੇ ਹਨ ਉਸ ਤੋਂ ਅਸੀਂ

ਸੋਚਣ ਲਈ ਮਜਬੂਰ ਹਾਂ ਕਿ ਉਹ ਰੂਸ ਦੇ ਹਾਕਮਾਂ ਨਾਲੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ। ਹਿੰਦੁਸਤਾਨੀਆਂ ਨੂੰ ਸਤਾਇਆ ਜਾ ਰਿਹਾ ਹੈ, ਇਹ ਜ਼ਾਲਮਾਨਾ ਕੰਮ ਹੈ ਅਤੇ ਅੰਗਰੇਜ਼ਾਂ ਦਾ ਇਨਸਾਫ ਇਕ ਚੁੱਟਕਲਾ ਹੈ।

ਸੂਤਰਧਾਰ: ਤੇ ਫਿਰ ਕੈਨੇਡਾ ਨੂੰ ਸਿਰਫ ਚਿੱਟਿਆਂ ਲਈ ਰਾਖਵਾਂ ਰੱਖਣ ਦੇ ਖਾਹਿਸ਼ਮੰਦ ਲੀਡਰਾਂ ਨੇ ਲੋਕਾਂ ਨੂੰ ਭੜਕਾਉਣਾ ਸ਼ੁਰੂ ਕਰ ਦਿੱਤਾ:
(ਸਟੇਜ ਦੇ ਇਕ ਸਿਰੇ ਤੇ ਬੀ.ਸੀ. ਦਾ ਪ੍ਰੀਮੀਅਰ ਰਿਚਰਡ ਮੈਕਬਰਾਈਡ ਦਾਖਲ ਹੁੰਦਾ ਹੈ ਅਤੇ ਭਾਸ਼ਨ ਦਿੰਦਾ ਹੈ)

ਏਸ਼ੀਅਨ ਲੋਕਾਂ ਨੂੰ ਜ਼ਿਆਦਾ ਗਿਣਤੀ ਵਿੱਚ ਦਾਖਲ ਹੋਣ ਦੇਣ ਦਾ ਮਤਲਬ ਹੋਵੇਗਾ ਚਿੱਟੇ ਲੋਕਾਂ ਦਾ ਖਾਤਮਾ, ਅਤੇ ਸਾਡੇ ਮਨ ਵਿੱਚ ਹਮੇਸ਼ਾਂ ਇਹ ਗੱਲ ਰਹੀ ਹੈ ਕਿ ਇਸ ਮੁਲਕ ਨੂੰ ਚਿੱਟਿਆਂ ਦਾ ਮੁਲਕ ਰੱਖਣਾ ਹੈ। ...

ਪ੍ਰੀਮੀਅਰ ਤੋਂ ਬਾਅਦ ਦੂਜੇ ਸਿਰੇ ਉਪਰ ਵੈਨਕੂਵਰ ਦਾ ਟੋਰੀ ਐਮ.ਪੀ. ਸਟੀਵਨਜ਼ ਆ ਕੇ ਬੋਲਣ ਲਗਦਾ ਹੈ)

ਹਿੰਦੂ ਕਦੀ ਵੀ ਸਾਡੇ ਵਿੱਚ ਪੂਰੀ ਤਰ੍ਹਾਂ ਘੁਲ ਮਿਲ ਨਹੀਂ ਸਕਣਗੇ। ਉਹ ਗੰਦੀਆਂ ਅਤੇ ਬੀਮਾਰੀ ਪੈਦਾ ਕਰਨ ਵਾਲੀਆਂ ਥਾਂਵਾਂ ਤੇ ਕੱਠੇ ਰਹਿਣਗੇ। ਸੱਭ ਤੋਂ ਵੱਧ ਖਤਰੇ ਵਾਲੀ ਗੱਲ ਇਹ ਹੈ ਕਿ ਇੱਜ਼ਤਦਾਰ ਚਿੱਟੇ ਪਰਵਾਰਾਂ ਵਿੱਚਕਾਰ ਉਹ ਔਰਤਾਂ ਤੋਂ ਬਿਨ੍ਹਾਂ ਇਕੱਲੇ ਚਰਿਤਰਹੀਣ ਮਰਦ ਹੋਣਗੇ।

ਸੂਤਰਧਾਰ: ਇਨਾਂ ਲੀਡਰਾਂ ਦੇ ਭੜਕਾਏ ਲੋਕ ਜਿਥੇ ਵੀ ਇਕੱਠੇ ਹੁੰਦੇ ਮਾਰੂ ਦੇ ਮੁਸਾਫਰਾ ਵਿਰੁਧ ਨਫਰਤ ਦਾ ਵਿਖਾਲਾ ਕਰਦੇ। ਉਹ ਸੋਚਦੇ ਕਿ ਇਹ ਮੁਸਾਫਰ ਉਹਨਾਂ ਦੇ ਮੁਲਕ ਨੂੰ ਘਟੀਆ ਬਣਾ ਦੇਣਗੇ। ਘਾਟ ਤੇ ਹਰ ਰੋਜ਼ ਵੱਡੀ ਗਿਣਤੀ ਵਿਚ ਲੋਕ ਇਕੱਠੇ ਹੁੰਦੇ ਅਤੇ ਮੁਸਾਫਰਾਂ ਪ੍ਰਤੀ ਆਪਣੀ ਨਫਰਤ ਦਾ ਇਜ਼ਹਾਰ ਕਰਦੇ:
ਵਾਪਸ ਜਾਓ ਗੰਦੇ ਹਿੰਦੂਓ।
ਵਾਪਸ ਜਾਓ। ਵਾਪਸ ਜਾਓ।
ਤੁਹਾਨੂੰ ਅੰਦਰ ਆਉਣ ਨਹੀਂ ਦਿਆਂਗੇ।
ਦੇਸ਼ ਨੂੰ ਗੰਦਾ ਹੋਣ ਨਹੀਂ ਦਿਆਂਗੇ।
ਇਹ ਧਰਤੀ ਹੈ ਚਿੱਟਿਆਂ ਦੀ ਧਰਤੀ
ਸਾਡੇ ਬਜ਼ੁਰਗਾਂ ਨੇ ਜਿੱਤੀ
ਇਸ ਧਰਤੀ 'ਤੇ ਹੱਕ ਹੈ ਸਾਡਾ
ਅਸੀਂ ਇਸ ਦੀ ਰਾਖੀ ਕਰਾਂਗੇ
ਲਾਲ, ਪੀਲੇ, ਭੂਰੇ ਲੋਕਾਂ ਨੂੰ
ਕਦੇ ਨਹੀਂ ਜਰਾਂਗੇ, ਨਹੀਂ ਜਰਾਂਗੇ
ਸਾਡਾ ਨਾਹਰਾ ਹੈ
ਰੱਬ ਸਾਡੇ ਰਾਜੇ ਨੂੰ ਬਚਾਵੇ
ਕੈਨੇਡਾ ਨੂੰ ਸਦਾ ਲਈ ਚਿੱਟਾ ਬਣਾਵੇ
ਚਿੱਟਾ ਬਣਾਵੇ

ਸੂਤਰਧਾਰ: ਦੂਜੇ ਪਾਸੇ ਵੈਨਕੂਵਰ ਵਿਚ ਰਹਿ ਰਹੇ ਹਿੰਦੂਆਂ ਨੇ ਮੁਸਾਫਰਾਂ ਦੀ ਮਦਦ ਲਈ ਕੋਸ਼ਿਸ਼ਾਂ ਕਰਨੀਆਂ ਜਾਰੀ ਰੱਖੀਆਂ। ਪਰ ਇਨਾਂ ਕੋਸ਼ਿਸ਼ਾਂ ਦਾ ਕੋਈ ਵੀ ਨਤੀਜਾ ਨਾ ਨਿਕਲਦਾ ਦੇਖ ਉਹਨਾਂ 21 ਜੂਨ ਨੂੰ ਡੁਮੀਨੀਅਨ ਹਾਲ ਵਿਚ ਇਕ ਮੀਟਿੰਗ ਕੀਤੀ। ਇਸ ਮੀਟਿੰਗ ਦੀ ਪ੍ਰਧਾਨਗੀ ਹਸਨ ਰਹੀਮ ਨੇ ਕੀਤੀ ਅਤੇ ਇਸ ਵਿਚ ਹਿੰਦੂਆਂ ਤੋਂ ਬਿਨਾਂ ਗੋਰੇ ਵੀ ਸ਼ਾਮਲ ਹੋਏ। ਬੀ.ਸੀ. ਦੀ ਸੋਸ਼ਿਲਿਸਟ ਪਾਰਟੀ ਦੇ ਲੀਡਰ ਫਿਟਜਰਾਲਡ, ਮੁਸਾਫਿਰਾਂ ਦੇ ਵਕੀਲ ਮਿਸਟਰ ਬਰਡ ਤੇ ਸੋਹਣ ਲਾਲ ਨੇ ਲੋਕਾਂ ਨੂੰ ਸੰਬੋਧਨ ਕੀਤਾ।...

ਫਿਟਜਰਾਲਡ: ਜ਼ਰਾ ਇਸ ਬਾਰੇ ਧਿਆਨ ਨਾਲ ਸੋਚੋ। ਲੜਾਈ ਦੇ ਦੌਰਾਨ ਭਾਰਤੀ ਸਿਪਾਹੀਆਂ ਨਾਲੋਂ ਕੌਣ ਤਕੜਾ ਹੈ। ਜੇ ਅੱਜ ਅਫਰੀਕਾ ਵਿੱਚ ਲੜਾਈ ਲੱਗ ਜਾਵੇ ਤਾਂ ਸਾਡੇ ਚੌਧਰੀ ਕਹਿਣਗੇ, "ਆਪਣੇ ਇੰਡੀਅਨ ਸਿਪਾਹੀਆਂ

ਨੂੰ ਕਿਉਂ ਨਾ ਅਫਰੀਕਾ ਲੜਨ ਲਈ ਭੇਜਿਆ ਜਾਵੇ, ਉਹ ਇੰਨੇ ਵਧੀਆ ਸਿੱਖੇ ਹੋਏ ਲੜਾਕੇ ਹਨ ਅਤੇ ਕੀ ਉਹ ਆਪਣੇ ਭਰਾ ਨਹੀਂ?" ਹੁਣ ਕੁਝ ਹਿੰਦੂ ਆ ਕੇ ਸਾਡੇ ਦਰ 'ਤੇ ਦਸਤਕ ਦਿੰਦੇ ਹਨ ਤਾਂ ਸਾਡੇ ਚੌਧਰੀ ਲੋਕਾਂ ਦੇ ਨਾਂ 'ਤੇ ਉਹਨਾਂ ਨੂੰ ਰੋਕ ਰਹੇ ਹਨ ਅਤੇ ਭੁੱਖੇ ਮਾਰ ਰਹੇ ਹਨ।

ਬਰਡ: ਹਿੰਦੁਸਤਾਨੀ ਇਹ ਨਹੀਂ ਕਹਿੰਦੇ ਕਿ ਸਾਡਾ ਦੇਸ਼ ਉਹਨਾਂ ਨੂੰ ਰੋਕਣ ਲਈ ਕਾਨੂੰਨ ਨਹੀਂ ਬਣਾ ਸਕਦਾ। ਉਹ ਤਾਂ ਸਿਰਫ ਇਹ ਕਹਿੰਦੇ ਹਨ ਕਿ ਹੁਣ ਦੇ ਕੈਨੇਡਾ ਦੇ ਕਾਨੂੰਨ ਉਹਨਾਂ ਦੇ ਆਉਣ ਦੀ ਮਨਾਹੀ ਨਹੀਂ ਕਰਦੇ ਤੇ ਜੇ ਉਹਨਾਂ ਨੂੰ ਇਸ ਦੇਸ਼ ਦੀਆਂ ਅਦਾਲਤਾਂ ਵਿੱਚ ਜਾਣ ਦਿੱਤਾ ਜਾਵੇ ਤਾਂ ਕੋਈ ਵੀ ਕਾਨੂੰਨ ਅਜਿਹਾ ਨਹੀਂ ਮਿਲੇਗਾ ਜਿਹੜਾ ਉਹਨਾਂ ਨੂੰ ਆਉਣੋ ਰੋਕਦਾ ਹੋਵੇ।

ਇਮੀਗਰੇਸ਼ਨ ਦਾ ਮਹਿਕਮਾ ਸਾਡੇ ਸਾਰੇ ਅਦਾਰਿਆਂ ਤੋਂ ਵੱਧ ਤਾਨਾਸ਼ਾਹ ਅਤੇ ਗੈਰ-ਜਮਹੂਰੀ ਹੈ। ਉਹ ਸੱਭ ਕਾਨੂੰਨਾਂ ਅਤੇ ਕਾਇਦਿਆਂ ਨੂੰ ਤੋੜਦੇ ਹਨ। ਉਹਨਾਂ ਨੇ ਮੈਨੂੰ ਆਖਿਆ ਹੈ ਕਿ ਜੇ ਫੈਸਲਾ ਉਹਨਾਂ ਦੇ ਹੱਕ ਵਿਚ ਨਾ ਹੋਇਆ ਤਾਂ ਉਹ ਸੁਪਰੀਮ ਕੋਰਟ ਦੇ ਹੁਕਮਾਂ ਦੀ ਪਾਲਣਾ ਨਹੀਂ ਕਰਨਗੇ।

ਮੋਹਣ ਲਾਲ: ਇਮੀਗਰੇਸ਼ਨ ਅਧਿਕਾਰੀਆਂ ਵਲੋਂ ਵੈਨਕੂਵਰ ਦੀ ਬੰਦਰਗਾਹ ਦੇ ਬਾਹਰ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਨਾਲ ਕੀਤੀ ਜਾ ਰਹੀ ਬਦਸਲੂਕੀ ਵਿਰੁੱਧ ਰੋਸ ਪਰਗਟ ਕਰਦੇ ਹਾਂ। ਜੇ ਇਮੀਗਰੇਸ਼ਨ ਦੀਆਂ ਮੌਜੂਦਾ ਹਾਲਤਾਂ ਵਿੱਚ ਕੋਈ ਸੁਧਾਰ ਨਾ ਕੀਤੇ ਗਏ ਤਾਂ ਅਸੀਂ ਕਦੀ ਵੀ ਇਹ ਗੱਲ ਭੁੱਲਾਂਗੇ ਨਹੀਂ ਤੇ ਨਾ ਹੀ ਕਦੀ ਜਿੰਮੇਵਾਰ ਲੋਕਾਂ ਨੂੰ ਮੁਆਫ ਕਰਾਂਗੇ।

ਸੂਤਰਧਾਰ: ਇਸ ਮੀਟਿੰਗ ਤੋਂ ਦੂਸਰੇ ਦਿਨ ਨਸਲੀ ਗੋਰਿਆਂ ਨੇ ਵੀ ਉਸੇ ਹਾਲ ਵਿਚ ਮੀਟਿੰਗ ਕੀਤੀ। ਇਸ ਮੀਟਿੰਗ ਵਿਚ ਬੋਲਦਿਆਂ ਮੇਅਰ ਬਾਕਸਟਰ ਅਤੇ ਐਮ.ਪੀ. ਸਟੀਵਨਜ਼ ਨੇ ਕਿਹਾ:

ਬਾਕਸਟਰ: ਅੱਜ ਸਾਡੀ ਬੰਦਰਗਾਹ 'ਤੇ ਅਣਚਾਹੇ ਲੋਕਾਂ ਨਾਲ ਭਰਿਆ ਜਹਾਜ਼ ਖੜ੍ਹਾ ਹੈ। ਇਹ ਲੋਕ ਸਾਡੇ ਕਾਨੂੰਨ ਤੋੜ ਕੇ ਇਥੇ ਜਬਰਦਸਤੀ ਦਾਖਲ ਹੋਣਾ ਚਾਹੁੰਦੇ ਹਨ। ਮੈਂ ਤਾਂ ਇਹ ਚਾਹਾਂਗਾ ਕਿ ਦੋ ਚਾਰ ਟੱਗ ਬੋਟਾਂ ਨੂੰ ਹੁਕਮ ਦਿੱਤਾ ਜਾਵੇ ਕਿ ਉਹ ਕਾਮਾਗਾਟਾ ਮਾਰੂ ਨੂੰ ਸਣੇ ਉਸ ਵਿਚਲੇ ਬਦਮਾਸ਼ਾਂ ਦੇ ਖੁੱਲੇ ਸਮੁੰਦਰ ਵਿੱਚ ਧੱਕ ਦਿੱਤਾ ਜਾਵੇ।

ਸਟੀਵਨਜ਼: ਕੁਝ ਲੋਕ ਸਾਨੂੰ ਕਹਿੰਦੇ ਹਨ ਕਿ ਤੁਸੀਂ ਇਹ ਕੇਸ ਅਦਾਲਤ ਵਿੱਚ ਕਿਉਂ ਨਹੀਂ ਜਾਣ ਦਿੰਦੇ? ਸਾਡਾ ਜਵਾਬ ਹੈ ਕਿ ਅਸੀਂ ਅਦਾਲਤ ਵਿੱਚ ਜਾਣ ਲਈ ਤਿਆਰ ਹਾਂ ਬਸ਼ਰਤੇ ਕਿ ਇਥੇ ਕੋਈ ਨਿਰਪੱਖ ਅਦਾਲਤ ਹੋਵੇ।

ਮੈਂ ਇਹ ਗੱਲ ਦੋਬਾਰਾ ਦੁਹਰਾਉਣਾ ਚਾਹੁੰਦਾ ਹਾਂ ਕਿ ਕੈਨੇਡਾ ਦੇ ਲੋਕਾਂ ਦੇ ਰਹਿਣ ਸਹਿਣ ਦੇ ਤੌਰ ਤਰੀਕੇ ਇਸ ਗੱਲ ਦੀ ਇਜਾਜ਼ਤ ਨਹੀਂ ਦਿੰਦੇ ਕਿ ਏਸ਼ੀਆ ਤੋਂ ਬਹੁਤੀ ਗਿਣਤੀ ਵਿੱਚ ਲੋਕਾਂ ਨੂੰ ਇਥੇ ਆ ਲੈਣ ਦਿੱਤਾ ਜਾਵੇ। ਇਹ ਸਵਾਲ ਨਸਲੀ ਅਹੰਕਾਰ ਦਾ ਨਹੀਂ ਹੈ। ਜਿੱਥੋਂ ਤੱਕ ਮੇਰਾ ਸਬੰਧ ਹੈ, ਮੈਂ ਇਸ ਮਹਾਨ ਅਸੂਲ ਉਪਰ ਖੜ੍ਹਨ ਦਾ ਇੱਛਕ ਹਾਂ ਕਿ ਕੈਨੇਡਾ ਚਿੱਟੇ ਲੋਕਾਂ ਦਾ ਅਤੇ ਬੀ.ਸੀ. ਚਿੱਟੇ ਲੋਕਾਂ ਦੀ।

ਸੂਤਰਧਾਰ : ਸੋ ਕਾਮਾਗਾਟਾ ਮਾਰੂ ਦੇ ਵੈਨਕੂਵਰ ਪਹੁੰਚਣ ਵੇਲੇ ਇਸ ਕਿਸਮ ਦੇ ਹਾਲਾਤ ਸਨ। ਹੈਰੀ ਸਟੀਵਨਜ਼ ਤੇ ਇਮੀਗਰੇਸ਼ਨ ਸੁਪਰਡੈਂਟ ਮੈਲਕਮ ਰੀਡ ਜਹਾਜ਼ ਨੂੰ ਵਾਪਸ ਭੇਜਣ ਲਈ ਕਈ ਕਿਸਮ ਦੀਆਂ ਕੋਸ਼ਿਸ਼ਾਂ ਕਰਦੇ ਰਹੇ ਪਰ ਕਾਮਯਾਬ ਨਾ ਹੋਏ। ਆਪਣੀ ਨਾਕਾਮਯਾਬੀ ਤੋਂ ਖਿਝਕੇ ਉਨ੍ਹਾਂ ਮਾਰੂ ਨੂੰ ਜਬਰਦਸਤੀ ਬਾਹਰ ਕੱਢਣ ਦਾ ਫੈਸਲਾ ਲਿਆ। ਤੇ ਅੱਜ ਅਠਾਰਾਂ ਜੁਲਾਈ ਵਾਲੇ ਦਿਨ ਇਸ ਫੈਸਲੇ ਨੂੰ ਸਿਰੇ ਚਾੜਨ ਦੀਆਂ ਤਿਆਰੀਆਂ ਹੋ ਰਹੀਆਂ ਹਨ। ਪਰ ਆਪਣੇ ਆਪ ਨੂੰ ਦੋਸ਼ ਤੋਂ ਬਰੀ ਕਰਨ ਲਈ ਉਹ ਕੈਪਟਨ ਯਾਮਾਮੋਟੋ 'ਤੇ ਦਬਾਅ ਪਾ ਰਹੇ ਹਨ ਕਿ ਉਹ ਪੁਲੀਸ ਫੋਰਸ ਨੂੰ ਜਹਾਜ਼ 'ਤੇ ਆਉਣ ਦਾ ਸੱਦਾ ਦੇਵੇ। ਇਸ ਮਕਸਦ ਲਈ ਮੈਲਕਮ ਰੀਡ ਨੇ ਕੈਪਟਨ ਯਾਮਾਮੋਟੋ ਅਤੇ ਸ਼ਿਪਿੰਗ ਏਜੰਟ ਗਾਰਡਨਰ ਜਾਹਨਸਨ ਨੂੰ ਆਪਣੇ ਦਫਤਰ ਵਿਚ ਸੱਦਿਆ ਹੈ। ਆਓ ਦੇਖੀਏ ਮੀਟਿੰਗ ਵਿੱਚ ਕੀ ਹੋ ਰਿਹਾ ਹੈ।

( ਮੈਲਕਮ ਰੀਡ ਦੇ ਆਫਿਸ ਵਿਚ ਕੈਪਟਨ ਯਾਮਾਮੋਟੋ, ਜਾਹਨਸਨ, ਅਤੇ ਮੈਲਕਮ ਰੀਡ ਵਿਚਕਾਰ ਮੀਟਿੰਗ ਹੋ ਰਹੀ ਹੈ।)

ਰੀਡ : ਕੈਪਟਨ ਯਾਮਾਮੋਟੋ ਅਸੀਂ ਕੱਲ ਤੁਹਾਨੂੰ ਛੇ ਵਜੇ ਬੰਦਰਗਾਹ ਤੋਂ ਚਲੇ ਜਾਣ ਦਾ ਅਲਟੀਮੇਟਮ ਦਿੱਤਾ ਸੀ ਤੁਸੀਂ ਜਹਾਜ਼ ਕਿਉਂ ਨਹੀਂ ਤੋਰਿਆ?

ਕੈਪਟਨ: ਮੈਂ ਤੁਹਾਡੇ ਕੋਲੋਂ ਆਪਣੇ ਮੁਲਕ ਦੇ ਕਾਉਂਸਲੇਟ ਰਾਹੀਂ ਹੋਰ ਮੁਹਲਤ ਮੰਗੀ ਸੀ।

ਰੀਡ : ਇਹ ਗੱਲ ਅਸੀਂ ਪਹਿਲਾਂ ਹੀ ਸਾਫ ਕਰ ਚੁੱਕੇ ਹਾਂ ਕਿ ਤੁਹਾਨੂੰ ਹੋਰ ਮੁਹਲਤ ਨਹੀਂ ਮਿਲ ਸਕਦੀ। ਤੁਹਾਡਾ ਕੀ ਖਿਆਲ ਏ ਮਿਸਟਰ ਜਾਹਨਸਨ?

ਜਾਹਨਸਨ: ਜਦ ਡੀਪੋਰਟੇਸ਼ਨ ਦੇ ਆਰਡਰ ਤੁਹਾਨੂੰ ਮਿਲ ਚੁੱਕੇ ਹਨ। ਤੁਹਾਡੀ ਮੰਗ ਮੁਤਾਬਕ ਚਾਰ ਸੋ ਟਨ ਪਾਣੀ ਦੀ ਕਾਮਾਗਾਟਾ ਮਾਰੂ ਤੇ ਪਹੁੰਚਾਇਆ ਜਾ ਚੁੱਕਾ ਹੈ। ਬਾਕੀ ਸਮਾਨ ਜਹਾਜ਼ ਤੁਰੇ ਤੇ ਦੇਣ ਦਾ ਵਾਇਦਾ ਕੀਤਾ ਜਾ ਚੁੱਕਾ ਹੈ। ਤੁਸੀਂ ਹੁਣ ਕਿਸ ਗੱਲ ਦੀ ਮੁਹਲਤ ਮੰਗ ਰਹੇ ਹੋ?

ਕੈਪਟਨ: ਗੁਰਦਿੱਤ ਸਿੰਘ ਤੇ ਜਹਾਜ਼ ਦੀ ਪ੍ਰਬੰਧਕ ਕਮੇਟੀ ਕਹਿ ਰਹੀ ਕਿ ਜਿੰਨਾ ਚਿਰ ਖਾਣ ਪੀਣ ਦਾ ਸਾਰਾ ਸਮਾਨ ਜਹਾਜ਼ ਉਪਰ ਨਹੀਂ ਪਹੁੰਚ ਜਾਂਦਾ ਉਹ ਬੰਦਰਗਾਹ ਨਹੀਂ ਛੱਡਣਗੇ।

ਰੀਡ : ਕੈਪਟਨ ਯਾਮਾਮੋਟੋ ਸਮੁੰਦਰੀ ਸ਼ੇਰ ਨਾਂ ਦੇ ਜਹਾਜ਼ ਉਪਰ ਸਮਾਨ ਲੱਦਿਆ ਤੁਸੀਂ ਖੁੱਦ ਦੇਖਿਆ ਹੈ। ਅਸੀਂ ਸਿਰਫ ਇਹ ਚਾਹੁੰਦੇ ਹਾਂ ਕਿ ਹਿੰਦੂ ਕੈਨੇਡਾ ਦੇ ਪਾਣੀਆਂ ਦੀ ਹੱਦ ਤੋਂ ਤਿੰਨ ਮੀਲ ਬਾਹਰ ਚਲੇ ਜਾਣ, ਸਾਰਾ ਸਮਾਨ ਕਾਮਾਗਾਟਾ ਮਾਰੂ ਉਪਰ ਪਹੁੰਚਾ ਦਿੱਤਾ ਜਾਵੇਗਾ। ਸਮਝ ਨਹੀਂ ਆਉਂਦੀ ਹਿੰਦੂ ਹੋਰ ਕੀ ਚਾਹੁੰਦੇ ਹਨ?

ਕੈਪਟਨ : ਜਨਾਬ ਉਹਨਾਂ ਦੀਆਂ ਗੱਲਾਂ ਬਾਤਾਂ ਤੋਂ ਤਾਂ ਇਹ ਸਾਫ ਜਾਹਰ ਹੈ ਕਿ ਉਹ ਤੁਹਾਡੇ ਤੇ ਯਕੀਨ ਨਹੀਂ ਕਰਦੇ।

ਰੀਡ: ਹਿੰਦੂਆਂ ਦੀ ਇਹ ਮਜਾਲ। ਉਹ ਹਿਜ਼ ਮੈਜਿਸਟੀ ਦੀ ਕਿੰਗ ਦੇ ਨੁਮਾਇੰਦਿਆਂ ਨੂੰ ਝੂਠੇ ਕਹਿ ਰਹੇ ਹਨ।

ਜਾਹਨਸਨ : ਕੈਪਟਨ ਮੈਂ ਇਕ ਸ਼ਿਪਿੰਗ ਏਜੰਟ ਦੇ ਤੌਰ ਤੇ ਤੁਹਾਨੂੰ ਦੱਸ ਰਿਹਾ ਹਾਂ ਕਿ ਤੁਹਾਡੇ ਜਹਾਜ਼ ਦੇ ਮਾਲਕ ਚਾਹੁੰਦੇ ਹਨ ਕਿ ਜਹਾਜ਼ ਜਲਦੀ ਤੋਂ ਜਲਦੀ ਵਾਪਸ ਹਾਂਗ ਕਾਂਗ ਪਹੁੰਚ ਜਾਵੇ।

ਕੈਪਟਨ : ਪਰ ਮੈਂ ਗੁਰਦਿੱਤ ਸਿੰਘ ਦੀ ਆਗਿਆ ਤੋਂ ਬਿਨ੍ਹਾਂ ਜਹਾਜ਼ ਕਿਵੇਂ ਤੋਰ ਸਕਦਾ ਹਾਂ?

ਰੀਡ : ਗੁਰਦਿੱਤ ਸਿੰਘ ਕੌਣ ਹੁੰਦਾ ਹੈ ਇਸ ਬਾਰੇ ਕੋਈ ਫੈਸਲਾ ਕਰਨ ਵਾਲਾ? ਜਹਾਜ਼ ਦੇ ਅਸਲੀ ਕਿਰਾਏਦਾਰ ਤਾਂ ਟੈਂਪਲ ਕਮੇਟੀ ਦੇ ਭਾਗ ਸਿੰਘ ਤੇ ਹਸਨ ਰਹੀਮ ਹਨ।

ਕੈਪਟਨ: ਠੀਕ ਹੈ ਤੁਸੀਂ ਮੈਨੂੰ ਉਹਨਾਂ ਕੋਲੋਂ ਲਿਖਤੀ ਪ੍ਰਵਾਨਗੀ ਲਿਆ ਦੇਵੋਂ।

ਜਾਹਨਸਨ: ਜਹਾਜ਼ ਦੇ ਮਾਲਕਾਂ ਨੂੰ ਇਸ ਨਾਲ ਕੋਈ ਸਰੋਕਾਰ ਨਹੀਂ ਕਿ ਕਿਰਾਏਦਾਰ ਪ੍ਰਵਾਨਗੀ ਦਿੰਦੇ ਹਨ ਕਿ ਨਹੀਂ। ਖਾਸ ਕਰ ਟੈਂਪਲ ਕਮੇਟੀ ਵਾਲਿਆਂ ਵਲੋਂ ਜਿਹਨਾਂ ਉਪਰ ਕੋਈ ਵੀ ਯਕੀਨ ਨਹੀਂ ਕੀਤਾ ਜਾ ਸਕਦਾ। ਉਹਨਾਂ ਵਿਚੋਂ ਇਕ ਭਾਗ ਸਿੰਘ ਤਾਂ ਬਾਰਡਰ ਉਤੇ ਹਥਿਆਰ ਲਿਆਉਂਦਾ ਫੜਿਆ ਗਿਆ ਹੈ।

ਕੈਪਟਨ: ਜੋ ਵੀ ਹੈ ਮੇਰੇ ਲਈ ਉਹਨਾਂ ਦੀ ਆਗਿਆ ਬਿਨ੍ਹਾਂ ਜਾਣਾ ਕਿਵੇਂ ਸੰਭਵ ਹੈ?

ਰੀਡ : (ਗੁੱਸੇ ਵਿਚ) ਕੈਪਟਨ ਯਾਮਾਮੋਟੋ, ਸਾਨੂੰ ਤੇਰੀਆਂ ਗੱਲਾਂ ਤੋਂ ਜਾਪਦਾ ਹੈ ਜਿਵੇਂ ਤੂੰ ਵੀ ਉਹਨਾਂ ਨਾਲ ਮਿਲ ਕੇ ਹਿਜ਼ ਮੈਜਿਸਟੀ ਦੇ ਵਿਰੁੱਧ ਸਾਜ਼ਿਸ਼ ਕਰ ਰਿਹਾ ਏਂ। ਤੂੰ ਹਰ ਗੱਲ ਵਿਚ ਉਹਨਾਂ ਦਾ ਪੱਖ ਪੂਰਦਾ ਏਂ। ਸਾਨੂੰ ਇਸ ਗੱਲ ਦੀ ਵੀ ਸ਼ੱਕ ਹੈ ਕਿ ਤੁਹਾਡਾ ਜਪਾਨੀ ਕਾਉਂਸਲੇਟ ਮਿਸਟਰ ਹੋਰੀ ਵੀ ਇਸ ਸਾਜ਼ਿਸ਼ ਵਿਚ ਸ਼ਾਮਿਲ ਹੈ। ਤੈਨੂੰ ਇਸ ਦੇ ਨਤੀਜੇ ਬਾਰੇ ਵੀ ਸੋਚ ਲੈਣਾ ਚਾਹੀਦਾ ਹੈ। ਕੈਨੇਡਾ ਵਿਚ ਜਪਾਨੀਆਂ ਵਿਰੁੱਧ ਹਮੇਸ਼ਾਂ ਨਫਰਤ ਰਹੀ ਹੈ ਜੋ ਫਿਰ ਭੜਕ ਸਕਦੀ ਹੈ। ਜੇ ਅਜਿਹਾ ਹੋਇਆ ਤਾਂ ਇਸ ਦੀ ਜ਼ਿੰਮੇਵਾਰੀ ਤੁਹਾਡੇ ਸਿਰ ਹਵੇਗੀ।

... ਤੇ ਨਾਲ ਈ ਮੈਂ ਤੈਨੂੰ ਇਹ ਦੱਸ ਦਿਆਂ ਕਿ ਜੇ ਜਹਾਜ਼ ਨਾ ਤੁਰਿਆ ਤਾਂ ਤੁਹਾਨੂੰ ਇਕ ਇਕ ਮੁਸਾਫਰ ਮਗਰ ਪੰਜ ਪੰਜ ਸੌ ਡਾਲਰ ਜੁਰਮਾਨਾ ਕੀਤਾ ਜਾਵੇਗਾ।

ਕੈਪਟਨ: (ਥੋੜ੍ਹਾ ਡਰ ਕੇ) ਨਹੀਂ ਜਨਾਬ ਇਹੋ ਜਿਹੀ ਕੋਈ ਗੱਲ ਨਹੀਂ। ਮੇਰੀ ਉਹਨਾਂ ਨਾਲ ਕੋਈ ਹਮਦਰਦੀ ਨਹੀਂ ਹੈ। ਮੈਂ ਤਾਂ ਖ਼ੁੱਦ ਬੜੀ ਅਜੀਬ ਮੁਸ਼ਕਲ ਵਿਚ ਫਸਿਆ ਮਹਿਸੂਸ ਕਰਦਾ ਹਾਂ।

ਜਾਹਨਸਨ: ਜੇ ਇਹ ਗੱਲ ਹੈ ਤਾਂ ਫੇਰ ਤੁਸੀਂ ਜਹਾਜ਼ ਨੂੰ ਤੋਰਨ ਦੀ ਕੋਸ਼ਿਸ਼ ਕਿਉਂ ਨਹੀਂ ਕੀਤੀ?

ਕੈਪਟਨ: ਮੈਂ ਤਾਂ ਹਰ ਸੰਭਵ ਕੋਸ਼ਿਸ਼ ਕੀਤੀ ਹੈ। ਮੈਂ ਬੁਆਇਲਰਾਂ ਨੂੰ ਅੱਗ ਦੇਣ ਦੀ ਕੋਸ਼ਿਸ਼ ਕੀਤੀ ਪਰ ਉਹਨਾਂ ਨੇ ਮੈਨੂੰ ਅਜਿਹਾ ਕਰਨ ਨਹੀਂ ਦਿੱਤਾ।

ਜਾਹਨਸਨ: ਕੈਪਟਨ ਜਹਾਜ਼ ਨੂੰ ਕੰਟਰੋਲ ਕੌਣ ਕਰਦਾ ਹੈ ਤੁਸੀਂ ਜਾਂ ਹਿੰਦੂ?

ਰੀਡ: ਜੇ ਤੁਸੀਂ ਜਹਾਜ਼ ਨੂੰ ਕੰਟਰੋਲ ਨਹੀਂ ਕਰ ਸਕਦੇ ਤਾਂ ਤੁਹਾਨੂੰ ਪੁਲੀਸ ਦੀ ਮੱਦਦ ਲੈਣੀ ਚਾਹੀਦੀ ਹੈ। ਮੇਰਾ ਸੁਝਾਅ ਹੈ ਕਿ ਤੁਸੀ ਜਾ ਕੇ ਜਹਾਜ਼ ਨੂੰ ਤੋਰਨ ਦੀ ਕੋਸ਼ਿਸ਼ ਕਰੋ ਤੇ ਜੇ ਤੁਹਾਨੂੰ ਕਿਸੇ ਕਿਸਮ ਦੀ ਮੁਸ਼ਕਲ ਆਉਂਦੀ ਹੈ ਤਾਂ ਤੁਸੀਂ ਜਹਾਜ਼ ਤੋਂ ਲਾਲ ਝੰਡੀ ਰਾਹੀਂ ਸਾਨੂੰ ਖਬਰ ਕਰੋ। ਪੁਲੀਸ ਦੀ ਗਾਰਦ ਉਸੇ ਵੇਲੇ ਮੱਦਦ ਲਈ ਜਹਾਜ਼ ਤੇ ਪਹੁੰਚ ਜਾਵੇਗੀ।

(ਕੈਪਟਨ ਤੇ ਜਾਹਨਸਨ ਜਾਂਦੇ ਹਨ। ਰੀਡ ਫੋਨ ਘੁਮਾਉਂਦਾ ਹੈ। ਸਟੀਵਨਜ਼ ਦਾਖਲ ਹੁੰਦਾ ਹੈ। ਰੀਡ ਫੋਨ ਰੱਖ ਕੇ ਖੜ ਜਾਂਦਾ ਹੈ।)

ਰੀਡ: ਹੈਲੋ ਮਿਸਟਰ ਸਟੀਵਨਜ਼। ਮੈਂ ਤੁਹਾਨੂੰ ਹੀ ਫੋਨ ਕਰਨ ਲੱਗਾ ਸੀ।

ਸਟੀਵਨਜ਼: ਕੈਪਟਨ ਯਾਮਾਮੋਟੋ ਨਾਲ ਮੀਟਿੰਗ ਕਿਵੇਂ ਰਹੀ?

ਰੀਡ: ਸੱਭ ਕੁਛ ਆਪਣੀ ਪਲੈਨ ਮੁਤਾਬਕ ਚੱਲ ਰਿਹਾ ਹੈ।

ਸਟੀਵਨਜ਼: ਬਹੁਤ ਖੂਬ। ਮਿਸਟਰ ਰੀਡ ਮੈਂ ਤਾਂ ਪਹਿਲੇ ਦਿਨ ਤੋਂ ਹੀ ਇਹ ਕਹਿ ਰਿਹਾਂ ਸਾਂ ਕਿ ਕਾਮਾਗਾਟਾ ਮਾਰੂ ਨੂੰ ਇਥੋਂ ਕੱਢਣ ਲਈ ਜਿਹੜਾ ਵੀ ਤਰੀਕਾ ਵਰਤਣਾ ਪਵੇ ਵਰਤਿਆ ਜਾਵੇ।

ਰੀਡ: ਯੈਸ ਮਿਸਟਰ ਸਟੀਵਨਜ਼। ਹੁਣ ਤਾਂ ਹਿੰਦੂਆਂ ਨੇ ਕੋਰਟਾਂ ਵਿਚ ਵੀ ਜਾ ਕੇ ਦੇਖ ਲਿਆ ਹੈ। ਕੋਰਟ ਨੇ ਵੀ ਉਹਨਾਂ ਦੇ ਖਿਲਾਫ ਫੈਸਲਾ ਦੇ ਦਿੱਤਾ ਹੈ।

ਸਟੀਵਨਜ਼: ਹਾਂ ਇਹ ਤਾਂ ਬਹੁਤ ਚੰਗੀ ਖਬਰ ਸੀ। ਮੈਨੂੰ ਤਾਂ ਇਸ ਦਾ ਕਾਫੀ ਤੌਖਲਾ ਸੀ ਕਿ ਸਾਡੇ ਜੱਜਾਂ ਨੇ ਸਾਡੇ ਹੀ ਖਿਲਾਫ ਫੈਸਲਾ ਦੇ ਦੇਣਾ ਹੈ। ਮਿਸਟਰ ਰੀਡ ਸੱਚੀ ਗੱਲ ਤਾਂ ਇਹ ਹੈ ਕਿ ਮੈਨੂੰ ਇਹਨਾਂ ਜੱਜਾਂ ਉਪਰ ਰਤਾ ਭਰੋਸਾ ਨਹੀਂ। ਜਦੋਂ ਇਹਨਾਂ ਦਾ ਦਿਲ ਕਰਦਾ ਹੈ ਇਹ ਹਰਾਮੀ ਲਿਬਰਲਇਜ਼ਮ ਦੇ ਨਾਂ ਤੇ ਹਿੰਦੂਆਂ ਦੇ ਵੀ ਹਾਮੀ ਬਣ ਜਾਂਦੇ ਹਨ।

ਰੀਡ: ਮੈਂ ਤਾਂ ਆਪ ਕੋਰਟ ਕੋਲ ਕੇਸ ਲਿਜਾਣ ਦਾ ਪੂਰਾ ਵਿਰੋਧ ਕਰਦਾ ਸੀ। ਹਿੰਦੂਆਂ ਦਾ ਵਕੀਲ ਬਰਡ ਵੀ ਬੜਾ ਖਤਰਨਾਕ ਕਿਸਮ ਦਾ ਸੋਸ਼ਿਲਿਸਟ ਹੈ।

ਸਟੀਵਨਜ਼: ਉਹ ਸੱਭ ਕੁਛ ਹੋ ਚੁੱਕਾ। ਹੁਣ ਤਾਂ ਜਿੰਨੀ ਵੀ ਜਲਦੀ ਹੋ ਸਕੇ ਇਹਨਾਂ ਗੰਦੇ ਹਿੰਦੂਆਂ ਨੂੰ ਇਥੋਂ ਕੱਢਿਆ ਜਾਵੇ। ਇਸ ਸੰਬੰਧੀ ਕੀ ਪਰੋਗਰੈਸ ਹੈ?

ਰੀਡ: ਮਿਸਟਰ ਸਟੀਵਨਜ਼ ਅੱਜ ਹਰ ਹਾਲਤ ਵਿਚ ਜਹਾਜ਼ ਨੂੰ ਕੈਨੇਡਾ ਦੀ ਹੱਦ ਤੋਂ ਬਾਹਰ ਕੱਢਿਆ ਜਾਵੇਗਾ। ਸ਼ਾਮ ਨੂੰ ਨੌ ਵਜੇ ਅਸੀਂ ਪੁਲੀਸ ਫੋਰਸ ਨਾਲ ਸਮੁੰਦਰੀ ਸ਼ੇਰ ਨਾਂ ਦੇ 'ਟੱਗ ਬੋਟ' ਤੇ ਚੜ ਕੇ ਜਹਾਜ਼ ਵਿਚ ਦਾਖਲ ਹੋ ਕੇ ਉਹਨੂੰ ਜਬਰਦਸਤੀ ਤਿੰਨ ਮੀਲ ਦੀ ਹੱਦ ਤੋਂ ਬਾਹਰ ਲੈ ਜਾਵਾਂਗੇ। ਉਥੇ ਉਹਨਾਂ ਦੀ ਮੰਗ ਮੁਤਾਬਕ ਸਾਰਾ ਰਾਸ਼ਨ ਪਹੁੰਚਾ ਦਿੱਤਾ ਜਾਵੇਗਾ। ਉਸਤੋਂ ਬਾਅਦ ਸਮੁੰਦਰੀ ਸ਼ੇਰ ਕਾਮਾਗਾਟਾ ਮਾਰੂ ਦਾ ਬਾਰ੍ਹਾਂ ਘੰਟਿਆਂ ਤੱਕ ਪਿੱਛਾ ਕਰੇਗਾ।

ਸਟੀਵਨਜ਼: (ਖੁਸ਼ ਹੋ ਕੇ) ਐਕਸੀਲੈਂਟ। ਬਹੁਤ ਖੂਬ ਬਹੁਤ ਖੂਬ। ਇਹ ਕੰਮ ਚਾਰ ਹਫਤੇ ਪਹਿਲਾਂ ਹੀ ਹੋ ਜਾਣਾ ਚਾਹੀਦਾ ਸੀ।

ਰੀਡ: ਮਿਸਟਰ ਸਟੀਵਨਜ਼, ਮੈਨੂੰ ਤਾਂ ਅਜੇ ਵੀ ਡਰ ਹੈ ਕਿ ਔਟਾਵਾ ਵਾਲੇ ਕੋਈ ਰੋਕ ਨਾ ਪਾ ਦੇਣ।

ਸਟੀਵਨਜ਼: ਤੂੰ ਇਸ ਦੀ ਕੋਈ ਫਿਕਰ ਨਾ ਕਰ। ਉਹਨਾਂ ਨਾਲ ਮੈਂ ਨਿਪਟ ਲਵਾਂਗਾ। ਤੂੰ ਲੋਕਲ ਆਥੋਰਟੀਜ਼ ਨੂੰ ਖਬਰ ਕਰ ਦੇ।

ਰੀਡ: ਸ਼ੂਅਰ ਸਰ! ਮੈਂ ਪੁਲੀਸ ਚੀਫ ਮੈਕਲੈਨਿਨ ਨਾਲ ਇਕ ਵਾਰੀ ਪਹਿਲਾਂ ਹੀ ਗੱਲ ਕਰ ਚੁੱਕਾ ਹਾਂ।

ਸਟੀਵਨਜ਼: ਬਹੁਤ ਖੂਬ। ਮੇਅਰ ਬਾਕਸਟਰ ਨੂੰ ਵੀ ਖਬਰ ਕਰ ਦੇਣੀ।

ਰੀਡ: ਓ ਕੇ ਸਰ। ਮੈਂ ਮੇਅਰ ਨੂੰ ਹੁਣੇ ਹੀ ਇਸ ਬਾਰੇ ਮੈਮੋ ਭੇਜ ਦਿੰਦਾ ਹਾਂ।

ਸਟੀਵਨਜ਼: ਵੇਰੀ ਗੁੱਡ। ਜਦੋਂ ਸਾਰਾ ਪ੍ਰਬੰਧ ਹੋ ਜਾਵੇ ਤਾਂ ਮੈਨੂੰ ਖਬਰ ਕਰ ਦੇਣੀ। ਮੈਂ ਖੁੱਦ ਤੁਹਾਡੇ ਨਾਲ ਜਾਵਾਂਗਾ ਤੇ ਇਹਨਾਂ ਜਾਂਗਲੀ ਹਿੰਦੂਆਂ ਨੂੰ ਆਪਣੇ ਪਵਿਤਰ ਪਾਣੀਆਂ ਚੋਂ ਬਾਹਰ ਕੱਢ ਕੇ ਸਾਹ ਲਵਾਂਗਾ।

(ਇਮੀਗਰੇਸ਼ਨ ਆਫੀਸਰ ਦਾਖਲ ਹੁੰਦਾ ਹੈ।)

ਰੀਡ: ਯੈਸ ਮਿਸਟਰ ਕੈਂਪਬਲ?

ਕੈਂਪਬਲ: ਸਰ, ਕੇਪਟਨ ਯਾਮਾਮੋਟੋ ਵਲੋਂ ਚਿੱਠੀ ਹੈ। ਇਹ ਉਹਨੇ ਜਾਹਜ਼ 'ਤੇ ਵਾਪਸ ਜਾਣ ਤੋਂ ਪਹਿਲਾਂ ਹੀ ਲਿਖ ਭੇਜੀ ਹੈ।

(ਰੀਡ ਉਸ ਕੋਲੋਂ ਚਿੱਠੀ ਲੈਂਦਾ ਹੈ)

ਰੀਡ: ਥੈਂਕਯੂ ਮਿਸਟਰ ਕੈਂਪਬਲ।

(ਕੈਂਪਬਲ ਜਾਂਦਾ ਹੈ। ਰੀਡ ਚਿੱਠੀ ਖੋਲਦਾ ਹੈ)

ਸਟੀਵਨਜ਼: Well?

ਰੀਡ: (ਖੁਸ਼ ਹੋ ਕੇ) ਬਹੁਤ ਚੰਗੀ ਖਬਰ ਹੈ ਸਰ। ਕੇਪਟਨ ਯਾਮਾਮੋਟੋ ਨੇ ਪੁਲੀਸ ਦੀ ਮੱਦਦ ਮੰਗੀ ਹੈ।

ਸਟੀਵਨਜ਼: (ਰੀਡ ਨੂੰ ਥਾਪੀ ਦੇ ਕੇ) ਐਕਸੀਲੈਂਟ ਮਿਸਟਰ ਰੀਡ। ਸ਼ਾਨਦਾਰ ਕੰਮ ਕਰ ਰਿਹਾ ਏਂ ਤੂੰ।

ਰੀਡ: ਥੈਂਕਯੂ ਸਰ।

ਸਟੀਵਨਜ਼: ਮੈਂ ਹੁਣ ਜਾ ਰਿਹਾ ਹਾਂ। ਜਦੋਂ ਸਾਰੀ ਤਿਆਰੀ ਹੋ ਜਾਵੇ, ਮੈਨੂੰ ਖਬਰ ਕਰ ਦੇਣੀ।

ਰੀਡ: ਓ. ਕੇ ਸਰ।

(ਸਟੀਵਨਜ਼ ਦੇ ਜਾਣ ਬਾਅਦ ਰੀਡ ਪੁਲੀਸ ਚੀਫ ਮੈਕਲੈਨਿਨ ਨਾਲ ਫੋਨ ਤੇ ਗੱਲ ਕਰਦਾ ਹੈ)

ਰੀਡ : Yes yes Mr. McLennan, I got the letter from ship's captain...... ਆਹ ਮੇਰੇ ਸਾਹਮਣੇ ਪਈ ਹੈ। ਉਹਨੇ ਲਿਖਿਆ ਹੈ ਮੈਂ ਅੱਜ ਦੁਪਹਿਰ ਨੂੰ ਸ਼ਿਪ ਦੇ ਬੁਆਲਰਾਂ ਨੂੰ ਸਟਾਰਟ ਕਰਨ ਦੀ ਕੋਸ਼ਿਸ਼ ਕੀਤੀ ਸੀ। ਮੁਸਾਫਰਾਂ ਨੇ ਮੈਨੂੰ ਜਾਨ ਦੀ ਧਮਕੀ ਦਿੱਤੀ। ਇਸ ਲਈ ਮੈਂ ਵੈਨਕੂਵਰ ਸਿਟੀ ਦੀ ਪੁਲੀਸ ਨੂੰ ਬੇਨਤੀ ਕਰਦਾਂ ਹਾਂ ਕਿ ਉਹ ਦਖਲ ਅੰਦਾਜ਼ੀ ਕਰਕੇ ਸ਼ਿਪ ਦਾ ਕੰਟਰੋਲ ਮੁੜ ਆਪਣੇ ਹੱਥ ਵਿਚ ਲੈਣ ਲਈ ਮੇਰੀ ਮੱਦਦ ਕਰਨ। ਮੇਹਰਬਾਨੀ ਕਰਕੇ ਇਸ ਵੱਲ ਫੌਰਨ ਧਿਆਨ ਦਿੱਤਾ ਜਾਵੇ।

.......ਸੋ ਹੁਣ ਆਪਣੇ ਕੋਲ ਜਾਇਜ਼ ਬਹਾਨਾ ਹੈ ਸ਼ਿਪ ਉਪਰ ਪੁਲੀਸ ਫੋਰਸ ਨਾਲ ਦਾਖਲ ਹੋ ਕੇ ਹਿੰਦੂਆਂ ਨੂੰ ਸਬਕ ਸਿਖਾ ਸਕੀਏ।

.......ਤੂੰ ਜਿੰਨੀ ਵੀ ਛੇਤੀ ਹੋ ਸਕੇ ਆਪਣੀ ਪੂਰੀ ਫੋਰਸ ਕੱਠੀ ਕਰਕੇ ਸੀ ਲਾਇਨ ਤੇ ਪਹੁੰਚ ਜਾ।

.....ਹਾਂ ਹਾਂ ਮੈਂ ਤੇਰੀ ਗੱਲ ਸਮਝਦਾ ਹਾਂ ਕਿ ਸਨਿਚਰਵਾਰ ਹੋਣ ਕਰਕੇ ਬੰਦਿਆਂ ਨੂੰ ਕੱਠੇ ਕਰਨਾ ਸੁਖਾਲਾ ਨਹੀਂ। ਤੂੰ ਆਪਣੀ ਕੋਸ਼ਿਸ਼ ਕਰ। ਮੈਂ ਕੁਝ ਸਪੇਸ਼ਲ ਇਮੀਗਰੇਸ਼ਨ ਆਫੀਸਰ ਨਵੇਂ ਭਰਤੀ ਕਰ ਰਿਹਾ ਹਾਂ।...

... ਤੂੰ ਇਸ ਦੀ ਫਿਕਰ ਨਾ ਕਰ। ਮੈਨੂੰ ਪਤਾ ਸਪੇਸ਼ਲ ਫੋਰਸ ਕਿਵੇਂ ਇਕੱਠੀ ਕਰਨੀ ਹੈ। ਇਥੇ ਇਰੋ

ਜਿਹੇ ਲੋਕ ਵਥੇਰੇ ਹਨ ਜਿਹੜੇ ਕੁਝ ਡਾਲਰਾਂ ਬਦਲੇ ਜਾਂ ਨਸ਼ੇ ਦੀਆਂ ਕੁਝ ਘੁੱਟਾਂ ਬਦਲੇ ਇਸ ਕੰਮ ਲਈ ਭੱਜੇ ਆਉਣਗੇ। ਇਹ ਲੋਕ ਹਿੰਦੂਆਂ ਨੂੰ ਨਫਰਤ ਤਾਂ ਕਰਦੇ ਹੀ ਹਨ ਆਪਾਂ ਨੂੰ ਇਸ ਦਾ ਫਾਇਦਾ ਉਠਾਉਣਾ ਚਾਹੀਦਾ ਹੈ।

... ਹਾਂ ਹਾਂ ਮੈਂ ਉਸ ਦਾ ਵੀ ਪ੍ਰਬੰਧ ਕਰ ਲਿਆ ਹੈ। ਮਿਸਟਰ ਸਟੀਵਨਜ਼ ਤੇ ਰੌਬੀ ਰੀਡ ਉਹਨਾਂ ਦੀਆਂ ਅਰਜ਼ੀਆਂ ਮੰਜ਼ੂਰ ਕਰਨਗੇ ਤੇ ਸੈਵਨਟੀ ਸੈਕਿੰਡ ਸੀ ਫੋਰਥ ਹਾਈਲੈਂਡਰਸ ਦੇ ਕਮਾਂਡਿੰਗ ਆਫੀਸਰ ਲੈਫਟੀਨੈਂਟ ਕਰਨਲ ਆਰ ਜੀ ਐਡਵਰਡਜ਼ ਲੇਕੀ ਹਰ ਸਪੈਸ਼ਲ ਨੂੰ ਇਕ ਇਕ ਕਿਊਬਿਕ ਮੋਡ ਰੌਸ ਰਫਲ ਦੇਣਗੇ।

... Yes yes I agree with you. no body wants to do this. ਪਰ ਇਹ ਤਾਂ ਆਪਾਂ ਨੂੰ ਆਪਣੇ ਮੁਲਕ ਲਈ ਤੇ ਕਿੰਗ ਲਈ ਹਰ ਹਾਲਤ ਵਿਚ ਕਰਨਾ ਹੀ ਪਊ। ਇਹ ਹਰਾਮੀ ਹਿੰਦੂ ਹੋਰ ਕਿਸੇ ਤਰ੍ਹਾਂ ਵੀ ਸੂਤ ਨਹੀਂ ਆ ਰਹੇ। ਹੁਣੇ ਮੌਕਾ ਹੱਥ ਲੱਗਾ ਹੈ ਇਹਨਾਂ ਨੂੰ ਦਿਖਾਲਣ ਦਾ ਕਿ ਗੋਰਿਆ ਨਾਲ ਪੰਗਾ ਲੈਣ ਦਾ ਕੀ ਨਤੀਜਾ ਹੁੰਦਾ ਹੈ। So you go and perform your duty.man....

ਸੂਤਰਧਾਰ: ਹੁਣ ਸ਼ੁਰੂ ਹੁੰਦੀ ਹੈ ਸਮੁੰਦਰੀ ਸ਼ੇਰ ਨਾਲ ਲੜਾਈ ਦੀ ਫੌਜੀ ਤਿਆਰੀ। ਮਿਸਟਰ ਰੀਡ ਤੇ ਉਸਦੇ ਸਟਾਫ ਨੇ ਲੋਕਾਂ ਦੀ ਮਜਬੂਰੀ ਦਾ ਫਾਇਦਾ ਉਠਾਂਦਿਆਂ ਡਾਲਰਾਂ ਦਾ ਤੇ ਨਸ਼ੇ ਦਾ ਲਾਲਚ ਦੇ ਕੇ ਵੈਨਕੂਵਰ ਦੇ ਸਾਬਕਾ ਫੌਜੀ, ਬੇਰੁਜ਼ਗਾਰ, ਅਤੇ ਸੂਪ ਦੀਆਂ ਲਾਈਨਾਂ ਅੱਗੇ ਖੜੇ ਲੋਕ ਕੈਨੇਡੀਅਨ ਸਰਕਾਰ ਦੇ ਨੁਮਾਇੰਦੇ ਐਮ.ਪੀ. ਸਟੀਵਨਜ਼ ਅਤੇ ਉਚ ਫੌਜੀ ਅਧਿਕਾਰੀ ਲੈਫਟੀਨੈਂਟ ਕਰਨਲ ਐਡਵਰਡਸ ਲੇਕੀ ਅੱਗੇ ਪੇਸ਼ ਕਰ ਦਿੱਤੇ।

(ਸਟੇਜ ਉਪਰ ਮਿਸਟਰ ਸਟੀਵਨਜ਼ ਅਤੇ ਕਰਨਲ ਲੇਕੀ ਆਉਂਦੇ ਹਨ। ਉਹ ਰੋਅਬ ਵਿਚ ਕੁਰਸੀਆਂ ਉਪਰ ਬੈਠ ਜਾਂਦੇ ਹਨ। ਇਮੀਗਰਸ਼ਨ ਅਧਿਕਾਰੀ ਪਹਿਲੇ ਸਪੈਸ਼ਿਲ ਨੂੰ ਉਹਨਾਂ ਅੱਗੇ ਪੇਸ਼ ਕਰਦਾ ਹੈ।)

ਇਮੀਗਰੇਸ਼ਨ ਅਧਿਕਾਰੀ : ਹਾਜ਼ਰ ਹੈ ਮਿਸਟਰ ਬਰੂਸ ਹਟਨ ਸਪੈਸ਼ਲ ਫੋਰਸ ਦੇ ਪਹਿਲੇ ਰੰਗਰੂਟ। ਕੱਦ ਪੰਜ ਫੁੱਟ ਸਾਢੇ ਦਸ ਇੰਚ; ਭਾਰ ਡੇਢ ਸੌ ਪੌਂਡ; ਪਿਛਲੇ ਛੇ ਮਹੀਨੇ ਤੋਂ ਬੇਰੁਜ਼ਗਾਰ; ਰਹਾਇਸ਼ ਸ਼ਹਿਰ ਦੀਆਂ ਪਾਰਕਾਂ; ਸ਼ੌਕ ਜਦ ਵੀ ਮਿਲ ਜਾਵੇ ਰੱਜ ਕੇ ਪੀਣੀ।

(ਮਿਸਟਰ ਹਟਨ ਸ਼ਰਾਬੀ ਮੁਦਰਾ 'ਚ ਝੂਲਦਾ ਦਾਖਲ ਹੁੰਦਾ ਹੈ ਅਤੇ ਆ ਕੇ ਸਲੂਟ ਮਾਰਦਾ ਹੈ)

ਸਟੀਵਨਜ਼ : (ਇਮੀਗਰੇਸ਼ਨ ਅਧਿਕਾਰੀ ਨੂੰ ਜਾਣ ਦਾ ਇਸ਼ਾਰਾ ਕਰਦਾ ਹੈ) ਥੈਂਕ ਯੂ ਮਿਸਟਰ ਕੈਂਪਬਲ। (ਉਹ ਬਾਹਰ ਜਾਂਦਾ ਹੈ)

(ਹਟਨ ਨੂੰ) ਵੈਲਕਮ ਮਿਸਟਰ ਹਟਨ। ਬੈਠੋ। ਮੈਂ ਤੈਨੂੰ ਹਿਜ਼ ਮੈਜਿਸਟੀ ਦੀ ਕਿੰਗ ਵਲੋਂ ਜੀ ਆਇਆਂ ਨੂੰ ਆਖਦਾ ਹਾਂ। ਤੂੰ ਜੋ ਆਪਣੀ ਕੌਮ ਲਈ ਕਰਨ ਜਾ ਰਿਹਾ ਏਂ ਇਹਦੇ ਲਈ ਤੇਰਾ ਨਾਂ ਇਤਿਹਾਸ ਵਿਚ ਲਿਖਿਆ ਜਾਵੇਗਾ।

ਮਿਸਟਰ ਹਟਨ: ਜਨਾਬ ਪੈਸੇ ਕਿੰਨੇ ਮਿਲਣਗੇ?

ਸਟੀਵਨਜ਼: ਜਿਗਰਾ ਰੱਖੋ ਮਿਸਟਰ ਹਟਨ ਪੈਸਿਆਂ ਦੀ ਵੀ ਹੁਣੇ ਗੱਲ ਕਰਦੇ ਹਾਂ। ਪਹਿਲਾਂ ਇਹ ਦੱਸੋ ਕਿ ਤੁਸੀਂ ਕਾਮਾਗਾਟਾ ਮਾਰੂ ਬਾਰੇ ਕੀ ਜਾਣਦੇ ਹੋ?

ਹਟਨ: 'ਡਰਟੀ' ਹਿੰਦੂਆਂ ਨਾਲ ਭਰਿਆ ਹੋਇਆ 'ਅਗਲੀ' ਜਹਾਜ਼।

ਸਟੀਵਨਜ਼: That's very good, now, ਇਹ ਦੱਸੋ ਕਿ ਤੁਹਾਡੇ ਖਿਆਲ ਵਿਚ ਹਿੰਦੂਆਂ ਨੂੰ ਇਥੇ ਉਤਰਨ ਦੇਣਾ ਚਾਹੀਦਾ ਹੈ ਕਿ ਨਹੀਂ?

ਹਟਨ: (ਜ਼ੋਰ ਨਾਲ ਕਹਿੰਦਾ ਹੈ ਤੇ ਇਕ ਪਾਸੇ ਨੂੰ ਲੁਟਕਦਾ ਹੈ) ਨੇਵਰ।

ਸਟੀਵਨਜ਼: ਬਹੁਤ ਖੂਬ। ਸਾਨੂੰ ਤੇਰੇ ਵਰਗੇ ਲੋਕਾਂ ਦੀ ਹੀ ਜਰੂਰਤ ਹੈ। ਤੂੰ ਇਸ ਮੁਲਕ ਦਾ ਹੀਰਾ ਏਂ। ਸਾਡੀ ਸ਼ਾਨ, ਸਾਡਾ ਮਾਣ ਏਂ।
(ਕਰਨਲ ਨੂੰ ਮੁਖਾਤਵ ਹੁੰਦਾ ਹੈ) ਮੇਰੇ ਖਿਆਲ ਵਿਚ ਮਿਸਟਰ ਹਟਨ ਗੁੱਡ ਕੈਂਡੀਡੇਟ ਏ। ਉਸਦੇ ਜਵਾਬਾਂ ਤੋਂ ਮੈਂ ਪੂਰਾ ਸੰਤੁਸ਼ਟ ਹਾਂ। Do you have any questions Colonel Lecky?

ਕਰਨਲ: (ਹਟਨ ਦੇ ਦੁਆਲੇ ਘੁੰਮਦਾ ਹੈ ਤੇ ਉਹਦੇ ਕੋਲ ਜਾ ਕੇ ਪੂਰੇ ਜੋਰ ਨਾਲ ਕਹਿੰਦਾ ਹੈ) ਕੰਪਨੀ ਸਾਵਧਾਨ ਹੋਇਗਾ, ਕੰਪਨੀ ਸਾਵਧਾਨ।

ਹਟਨ: (ਤ੍ਰਬਕ ਜਾਂਦਾ ਹੈ। ਖੜਾ ਹੋ ਕੇ ਸਲੂਟ ਮਾਰਨ ਦੀ ਕੋਸ਼ਿਸ਼ ਕਰਦਾ ਹੈ) Yes Sir.

ਕਰਨਲ: ਨਾਓ ਸੋਲਜੀਅਰ। ਕੀ ਤੂੰ ਕਦੀ ਰਾਈਫਲ ਚਲਾਈ ਹੈ?

ਹਟਨ: ਹਾਂ ਜਨਾਬ ਤਿੱਤਰ ਮਾਰਨ ਲਈ।

ਸਟੀਵਨਜ਼: ਬਹੁਤ ਖੂਬ ਬਹੁਤ ਖੂਬ । ਪੂਰਾ ਟਰੇਂਡ ਬੰਦਾ ਏ।

ਕਰਨਲ: (ਸਟੀਵਨਜ਼ ਵੱਲ ਨੂੰ ਸਾਵਧਾਨ ਹੋ ਕੇ) ਮਿਸਟਰ ਸਟੀਵਨਜ਼ ਮਾਈਂਡ ਯੂਅਰ ਓਨ ਬਿਜ਼ਨਸ। ਤੂੰ ਸਿਵਲ ਦਾ ਅਧਿਕਾਰੀ ਏਂ ਤੇਰਾ ਫੌਜੀ ਕਾਰਵਾਈ ਵਿਚ ਦਖਲ ਅੰਦਾਜੀ ਕਰਨ ਦਾ ਕੋਈ ਹੱਕ ਨਹੀਂ ਹੈ।

ਸਟੀਵਨਜ਼: ਵੇਰੀ ਸੋਰੀ ਕਰਨਲ...

ਕਰਨਲ: (ਉਹਨੂੰ ਕੱਟ ਕੇ) ਠੀਕ ਹੈ, ਠੀਕ ਹੈ। (ਹਟਨ ਥੋੜਾ ਢਿੱਲਾ ਹੋ ਕੇ ਖੜ੍ਹਦਾ ਹੈ ਅਤੇ ਹੱਸਦਾ ਲੱਗਦਾ ਹੈ। ਕਰਨਲ ਉਹਨੂੰ ਮੁਖਾਤਬ ਹੋ ਕੇ) ਸੋਲਜੀਅਰ ਸਾਮਨੇ ਦੇਖੋ। ਪੇਟ ਅੰਦਰ ਛਾਤੀ ਬਾਹਰ। ਹੱਸੋ ਮੱਤ।
(ਹਟਨ ਫੇਰ ਸਾਵਧਾਨ ਹੁੰਦਾ ਹੈ)
ਸੋਲਜੀਅਰ ਕੀ ਤੈਨੂੰ ਪਤਾ ਏ ਤੇਰਾ ਮਿਸ਼ਨ ਕੀ ਹੈ?

ਹਟਨ : ਹਾਂ ਜਨਾਬ। ਮਿਸਟਰ ਰੀਡ ਨੇ ਦੱਸਿਆ ਸੀ ਕਿ ਹਿੰਦੂ ਸ਼ਿਪ ਤੇ ਜਾ ਕੇ ਉਹਨਾਂ ਨੂੰ ਸਬਕ ਸਿਖਾਉਣਾ ਹੈ।

ਕਰਨਲ: ਠੀਕ ਹੈ। ਸੋਲਜੀਅਰ ਕੀ ਤੂੰ ਕਿੰਗ ਦੀ ਖਿਦਮਤ ਵਿਚ ਮਰਨ ਲਈ ਤਿਆਰ ਏਂ?

ਹਟਨ: ( ਹੈਰਾਨ ਹੋ ਕੇ) ਮਰਨ ਲਈ? (ਸ੍ਰੋਤਿਆਂ ਵੱਲ ਨੂੰ) ਲਓ ਸੁਣ ਲਓ। ਪੈਸਿਆਂ ਦੀ ਗੱਲ ਕੋਈ ਕੀਤੀ ਨਹੀਂ, ਰੀਡ ਕਹਿੰਦਾ ਸੀ ਦਾਰੂ ਪਲਾਉਣਗੇ, ਉਹਦੀ ਕੋਈ ਗੱਲ ਈ ਨਹੀਂ ਤਾਂ ਇਹ ਮਰਨ ਲਈ ਤੋਰਨਾ ਚਾਹੁੰਦੇ ਆ। (ਬਾਹਰ ਨੂੰ ਜਾਂਦਾ ਹੋਇਆ) ਆਪਾਂ ਤਾਂ ਚੱਲੇ ਆਂ ਜਨਾਬ।

ਸਟੀਵਨਜ਼: (ਦੌੜ ਕੇ ਉਹਨੂੰ ਰੋਕਦਾ ਹੈ) ਮਿਸਟਰ ਹਟਨ ਰੁਕੋ। ਮਰਨ ਵਾਲੀ ਇਹਦੇ 'ਚ ਕੋਈ ਗੱਲ ਨਹੀਂ ਇਹ ਤਾਂ ਕਾਨੂੰਨੀ ਕਾਰਵਾਈ ਹੈ। ਹਿੰਦੂ ਤਾਂ ਸ਼ਿਪ ਤੇ ਪਹਿਲਾਂ ਹੀ ਭੁੱਖ ਨਾਲ ਨਿਢਾਲ ਪਏ ਨੇ ਉਹਨਾਂ ਨੂੰ ਤਾਂ ਆਪਾਂ ਇਕ ਮਿੰਟ ਵਿਚ ਕਾਬੂ ਕਰ ਲਵਾਂਗੇ।

(ਕਰਨਲ ਨੂੰ) ਕਰਨਲ ਲੇਕੀ ਇਹ ਆਪਣੇ ਕੰਮ ਦਾ ਬੰਦਾ ਹੈ।

ਕਰਨਲ: ਠੀਕ ਹੈ ਠੀਕ ਹੈ।

(ਕਰਨਲ ਕੁਰਸੀ ਕੋਲੋਂ ਬੰਦੂਕ ਚੁੱਕਣ ਜਾਂਦਾ ਹੈ)

(ਸਟੀਵਨਜ਼ ਇਮੀਗਰੇਸ਼ਨ ਅਧਿਕਾਰੀ ਨੂੰ ਬੁਲਾਉਂਦਾ ਹੈ)

ਸਟੀਵਨਜ਼: ਮਿਸਟਰ ਕੈਂਪਬਲ।
(ਕੈਂਪਬਲ ਇਕ ਟ੍ਰੇ ਵਿਚ ਇਮੀਗਰੇਸ਼ਨ ਵਿਭਾਗ ਦੀ ਟੋਪੀ ਅਤੇ ਸਪੈਸ਼ਲ ਫੋਰਸ ਦਾ ਬਿੱਲਾ ਲੈ ਕੇ ਆਉਂਦਾ ਹੈ। ਕਰਨਲ ਹਟਨ ਨੂੰ ਦੋਨਾਂ ਹੱਥਾਂ ਉਪਰ ਰੱਖ ਕੇ ਬੰਦੂਕ ਫੜਾਉਂਦਾ ਹੈ। ਹਟਨ ਬੰਦੂਕ ਫੜ ਕੇ ਥੱਲੇ ਰੱਖ ਦਿੰਦਾ ਹੈ। ਕਰਨਲ ਚੁੱਕ ਕੇ ਗੁੱਸੇ 'ਚ ਉਹਨੂੰ ਫੌਜੀ ਤਰੀਕੇ ਨਾਲ ਫੜਨੀ ਸਿਖਾਉਂਦਾ

ਹੈ। ਆਪ ਸਾਵਧਾਨ ਹੋ ਕੇ ਖੜ ਜਾਂਦਾ ਹੈ)

(ਸਟੀਵਨਜ਼ ਟ੍ਰੇ ਵਿਚੋਂ ਬਿੱਲਾ ਚੁੱਕ ਕੇ ਹਟਨ ਦੀ ਬਾਂਹ 'ਤੇ ਬੰਨਦਾ ਹੈ। ਫੇਰ ਟੋਪੀ ਚੁੱਕ ਕੇ ਉਸਦੇ ਸਿਰ 'ਤੇ ਰੱਖਦਾ ਹੈ। ਫੇਰ ਉਹ ਚਾਰੇ ਜਣੇ ਲਾਈਨ ਵਿਚ ਪਰੇਡ ਕਰਨ ਦੀ ਮੁਦਰਾ ਕਰਦੇ ਹੋਏ ਸਟੇਜ 'ਤੇ ਸ੍ਰੋਤਿਆਂ ਵੱਲ ਨੂੰ ਤਿੰਨ ਕਦਮ ਪੁੱਟਦੇ ਹਨ। ਕਰਨਲ ਲਾਈਨ ਚੋਂ ਨਿਕਲ ਕੇ ਹਟਨ ਵੱਲ ਹੱਥ ਕਰਕੇ ਸ੍ਰੋਤਿਆਂ ਨੂੰ ਕਹਿੰਦਾ ਹੈ।

ਕਰਨਲ: ਮਿਸਟਰ ਬਰੂਸ ਡੇਨੀਅਲ ਹਟਨ। ਕੈਨੇਡੀਅਨ ਇਮੀਗਰੇਸ਼ਨ ਵਿਭਾਗ ਦੇ ਨਵੇਂ ਥਾਪੇ ਸਪੈਸ਼ਲ ਆਫੀਸਰ।

(ਕਰਨਲ ਹਟਨ ਨੂੰ ਸਾਵਧਾਨ ਹੋਣ ਦਾ ਆਰਡਰ ਦਿੰਦਾ ਹੈ)

ਆਫੀਸਰ ਹਟਨ ਸਾਵਧਾਨ।

(ਹਟਨ ਸਾਵਧਾਨ ਹੋ ਕੇ ਖੜ ਜਾਂਦਾ ਹੈ। ਸਟੀਵਨਜ਼ ਪਹਿਲਾਂ ਦੀ ਤਰ੍ਹਾਂ ਹੀ ਬੈਠਾ ਹੈ। ਕਰਨਲ ਉਸਨੂੰ ਵੀ ਸਾਵਧਾਨ ਹੋਣ ਦਾ ਹੁਕਮ ਦਿੰਦਾ ਹੈ।)

ਕਰਨਲ: ਯੂ ਟੂ ਮਿਸਟਰ ਸਟੀਵਨਜ਼। (ਸਟੀਵਨਜ਼ ਵੀ ਉਠ ਕੇ ਖੜ ਜਾਂਦਾ ਹੈ) ਨਾਓ ਕੰਪਨੀ ਮਾਰਚ ਕਰੇਗਾ। ਕੰਪਨੀ ਮਾਰਚ।

(ਤਿੰਨੇ ਜਣੇ ਮਾਰਚ ਕਰਦੇ ਬਾਹਰ ਜਾਂਦੇ ਹਨ।)

ਸੂਤਰਧਾਰ : ਮਿਸਟਰ ਡੇਨੀਅਲ ਹਟਨ ਦੀ ਤਰ੍ਹਾਂ ਉਸ ਇਕ ਰਾਤ ਲਈ ਚੋਤੀ ਹੋਰ ਸਪੈਸ਼ਲ ਭਰਤੀ ਕੀਤੇ ਗਏ। (ਹਾਪਕਿਨਸਨ ਦਾਖਲ ਹੁੰਦਾ ਹੈ) ਇਮੀਗਰੇਸ਼ਨ ਮਹਿਕਮੇ ਦਾ ਇਕ ਹੋਰ ਅਧਿਕਾਰੀ ਅਤੇ ਹਿੰਦੋਸਤਾਨ ਤੋਂ ਆਇਆ ਹਿਜ਼ ਮੈਜਿਸਟੀ ਦੀ ਕਿੰਗ ਦਾ ਖੈਰ ਖੁਆਹ ਮਿਸਟਰ ਹਾਪਕਿਨਸਨ। ਇਹ ਹੁਣ ਅਗਲੀ ਕਾਰਵਾਈ ਉਲੀਕਣ ਲਈ ਰੀਡ ਨੂੰ ਮਿਲਣ ਜਾ ਰਿਹਾ ਹੈ।

(ਰੀਡ ਦਾ ਦਫਤਰ)

ਰੀਡ: ਕਮ ਇਨ ਮਿਸਟਰ ਹਾਪਕਿਨਸਨ। ਕੀ ਖਬਰ ਲਿਆਏ ਹੋ? ਟੈਂਪਲ ਦੇ ਹਿੰਦੂਆਂ ਨੂੰ ਆਪਣੀ ਜਹਾਜ਼ ਤੇ ਕਬਜਾ ਕਰਨ ਦੀ ਸਕੀਮ ਦਾ ਪਤਾ ਤਾਂ ਨਹੀਂ?

ਹਾਪਕਿਨਸਨ: ਨਹੀਂ ਜਨਾਬ ਕਿਸੇ ਵੀ ਹਿੰਦੂ ਨੂੰ ਕੁਛ ਪਤਾ ਨਹੀਂ ਹੈ। ਮਾਈ ਬੁਆਏ ਬੇਲਾ ਸਿੰਘ ਨੇ ਮੈਨੂੰ ਸਾਰੀ ਖਬਰ ਲਿਆ ਦਿੱਤੀ ਹੈ।

ਰੀਡ: ਪਰ ਕੀ ਬੇਲੇ ਦੀ ਗੱਲ ਤੇ ਇਤਬਾਰ ਕੀਤਾ ਜਾ ਸਕਦਾ ਏ? ਪਿਛਲੀ ਵਾਰੀ ਜਦੋਂ ਰਾਤ ਨੂੰ ਹਿੰਦੂਆਂ ਨੇ ਜਹਾਜ਼ 'ਤੇ ਰਾਸ਼ਨ ਪਹੁੰਚਾਣ ਦੀ ਕੋਸ਼ਿਸ਼ ਕੀਤੀ ਸੀ ਤਾਂ ਤੇਰੇ ਬੇਲੇ ਨੂੰ ਉਹਦੇ ਬਾਰੇ ਕੁਝ ਵੀ ਪਤਾ ਨਹੀਂ ਸੀ।

ਹਾਪਕਿਨਸਨ: ਜਨਾਬ ਕਈ ਵਾਰੀ ਹਿੰਦੂਆਂ ਵਿਚਲੇ ਗਦਰੀ ਲੋਕ ਉਸ ਨੂੰ ਚਕਮਾ ਦੇ ਜਾਂਦੇ ਹਨ ਪਰ ਆਮ ਗੱਲਾਂ ਦੀ ਤਾਂ ਉਹਨੂੰ ਹਰ ਖਬਰ ਰਹਿੰਦੀ ਹੈ।

ਰੀਡ: ਵੈਲ ਨੈਵਰ ਮਾਈਂਡ ਦੈਟ ਨਾਓ। ਮੈਨੂੰ ਇਹ ਦੱਸ ਕਿ ਜਦੋਂ ਆਪਾਂ ਹਿੰਦੂਆਂ ਨੂੰ ਪੁਲੀਸ ਫੋਰਸ ਨਾਲ ਕਾਬੂ ਕਰਨ ਦੀ ਕੋਸ਼ਿਸ਼ ਕਰਾਂਗੇ ਤਾਂ ਤੇਰੇ ਖਿਆਲ ਵਿਚ ਉਹਨਾਂ ਦਾ ਕੀ ਰੀਐਕਸ਼ਨ ਹੋਵੇਗਾ?

ਹਾਪਕਿਨਸਨ: ਜਨਾਬ ਉਹਨਾਂ ਦਾ ਖਾਣੇ ਤੋਂ ਬਿਨ੍ਹਾਂ ਬੁਰਾ ਹਾਲ ਹੈ। ਉਹਨਾਂ ਨੂੰ ਰਾਸ਼ਨ ਪਾਣੀ ਪਹੁੰਚਾਣ ਵਿਚ ਪਾਈਆਂ ਤੁਹਾਡੀਆਂ ਰੁਕਾਵਟਾਂ ਬਹੁਤ ਕਾਮਯਾਬ ਰਹੀਆਂ ਹਨ। ਮੇਰੇ ਖਿਆਲ ਵਿਚ ਉਹ ਇਕ ਦਮ ਘਬਰਾ ਜਾਣਗੇ।

ਰੀਡ: ਤੇਰੀ ਸੂਹ ਮੁਤਾਬਕ ਉਹਨਾਂ ਕੋਲ ਅਸਲਾ ਵਗੈਰਾ ਕਿੰਨਾ ਕੁ ਹੈ?

ਹਾਪਕਿਨਸਨ: ਮੇਰੇ ਖਿਆਲ ਵਿਚ ਇਕ ਦੋ ਪਸਤੌਲਾਂ ਤੋਂ ਬਿਨ੍ਹਾਂ ਉਹਨਾਂ ਕੋਲ ਕੁਛ ਨਹੀਂ। ਉਹਨਾਂ ਨੂੰ ਅਸਲਾ ਪਹੁੰਚਾਣ ਦੀ ਗਦਰੀਆਂ ਦੀ ਚਾਲ ਆਪਾਂ ਬੁਰੀ ਤਰ੍ਹਾਂ ਫੇਲ੍ਹ ਕਰ ਦਿੱਤੀ ਹੈ। ਭਾਗ ਸਿੰਘ, ਮੇਵਾ ਸਿੰਘ ਤੇ ਉਹਨਾਂ ਦੇ ਸਾਥੀ ਇਸ ਸਬੰਧ ਵਿਚ ਕਾਬੂ ਕੀਤੇ ਜਾ ਚੁੱਕੇ ਹਨ। ਪਰ ਮੇਰੇ...

ਰੀਡ : (ਉਹਦੀ ਗੱਲ ਕੱਟ ਕੇ) ਪਰ ਕੀ ਮਿਸਟਰ ਹਾਪਕਿਨਸਨ। ਕੀ ਤੈਨੂੰ ਆਪਣੀ ਕਾਮਯਾਬੀ ਤੇ ਕੋਈ ਸ਼ੱਕ ਹੈ ?

ਹਾਪਕਿਨਸਨ: ਸ਼ੱਕ ਦੀ ਗੱਲ ਨਹੀਂ ਹੈ ਜਨਾਬ। ਹਿੰਦੂਆਂ ਚੋਂ ਬਹੁਤੇ ਲੋਕ ਪੁਰਾਣੇ ਫੌਜੀ ਹਨ। ਉਹ ਲੜਾਈ ਦੇ ਦਾਅ ਪੇਚ ਜਾਣਦੇ ਹਨ। ਮੈਨੂੰ ਤੌਖਲਾ ਹੈ ਕਿ ਰਾਤ ਦੇ ਹਨੇਰੇ ਵਿਚ ਗੱਲ ਦੰਗੇ ਫਸਾਦ ਤੱਕ ਨਾ ਪਹੁੰਚ ਜਾਵੇ। ਇਸ ਕਿਸਮ ਦੀ ਖਬਰ ਇੰਡੀਆ ਵਿਚ ਤੇ ਖਾਸ ਕਰ ਪੰਜਾਬ ਵਿਚ ਲੋਕਾਂ ਵਿਚ ਭੜਕਾਹਟ ਪੈਦਾ ਕਰ ਸਕਦੀ ਹੈ।

ਰੀਡ : ਆਪਾਂ ਉਹਨਾਂ ਨੂੰ ਸੰਭਲਣ ਦਾ ਮੌਕਾ ਹੀ ਨਹੀਂ ਦੇਵਾਂਗੇ। ਜਦੋਂ ਤੱਕ ਉਹਨਾਂ ਨੂੰ ਸੂਰਤ ਆਵੇਗੀ ਆਪਾਂ ਉਹਨਾਂ ਤੇ ਕਾਬੂ ਪਾ ਚੁੱਕੇ ਹੋਵਾਂਗੇ।

ਹਾਪਕਿਨਸਨ: ਪਰ ਜਨਾਬ...

ਰੀਡ: ਮਿਸਟਰ ਹਾਪਕਿਨਸਨ ਹੁਣ ਦੋਚਿੱਤੀ 'ਚ ਪੈਣ ਦਾ ਸਮਾਂ ਨਹੀਂ ਹੈ। ਤੁਸੀਂ ਆਪਣਾ ਧਿਆਨ ਅੱਜ ਦੇ ਮਿਸ਼ਨ ਵੱਲ ਰੱਖੋ।

ਹਿੰਦੂਆਂ ਵਲੋਂ ਕਿਸੇ ਵੀ ਨਵੀਂ ਖਬਰ ਦਾ ਪਤਾ ਲੱਗੇ ਤਾਂ ਫੌਰਨ ਆ ਕੇ ਮੈਨੂੰ ਇਤਲਾਹ ਦੇਣੀ। ਅਜ ਰਾਤ ਨੂੰ ਹਿੰਦੂ ਹਰ ਹਾਲਤ ਵਿਚ ਬੰਦਰਗਾਹ ਚੋਂ ਬਾਹਰ ਕੱਢ ਦਿੱਤੇ ਜਾਣਗੇ। ਪੁਲੀਸ ਚੀਫ ਨੂੰ ਫੋਰਸ ਇਕੱਠੀ ਕਰਨ ਵਿਚ ਕੁਝ ਮੁਸ਼ਕਲ ਪੇਸ਼ ਆ ਰਹੀ ਹੈ। ਮੌਕਾ ਮਿਲੇ ਤਾਂ ਉਹਦੀ ਮੱਦਦ ਕਰਨੀ ਤੇ ਨਾਲੇ ਆਪਣੇ ਕੁਝ ਦੋਸਤਾਂ ਨੂੰ ਵੀ ਨਾਲ ਲੈ ਆਉਣਾ।

ਹਾਪਕਿਨਸਨ: ਬਹੁਤ ਅੱਛਾ ਜਨਾਬ। ਮੈਂ ਹੁਣੇ ਪੁਲੀਸ ਚੀਫ ਨੂੰ ਮਿਲਦਾ ਹਾਂ।

ਰੀਡ : ਯੈਸ। ਮੈਂ ਵੀ ਚਲਦਾ ਹਾਂ। ਮੈਂ ਸੀ ਲਾਇਨ ਤੇ ਜਾਣ ਤੋਂ ਪਹਿਲਾਂ ਕੁਝ ਦੇਰ ਘਰ ਜਾਣਾ ਚਾਹੁੰਦਾ ਹਾਂ। ਮਿਸਿਜ਼ ਸ਼ਕਾਇਤ ਕਰ ਰਹੀ ਹੈ ਕਿ ਜਿਸ ਦਿਨ ਦਾ ਕਾਮਾਗਾਟਾ ਮਾਰੂ ਆਇਆ ਹੈ ਮੈਂ ਘਰ ਲਈ ਬਹੁਤਾ ਵਕਤ ਨਹੀਂ ਕੱਢਦਾ।

ਹਾਪਿਕਸਨ: ਹਾਂ ਜਨਾਬ ਤੁਸੀਂ ਬਹੁਤ ਸਖਤ ਕੰਮ ਕੀਤਾ ਹੈ ਇਹਨਾਂ ਦਿਨਾਂ ਵਿਚ। ਆਸ ਹੈ ਇਹ ਝੰਝਟ ਅਜ ਖਤਮ ਹੋ ਜਾਵੇਗਾ।

ਰੀਡ: ਸ਼ੁਅਰ ਸ਼ੁਅਰ। ਅੱਜ ਦਾ ਦਿਨ ਹਿੰਦੂਆਂ ਦਾ ਏਥੇ ਆਖਰੀ ਦਿਨ ਹੋਵੇਗਾ।

ਹਾਪਕਿਨਸਨ: ਅੰਗਰੇਜ਼ੀ ਬਾਦਸ਼ਾਹਤ ਦੀ ਕਾਮਯਾਬੀ ਲਈ ਹਿੰਦੂਆਂ ਨੂੰ ਕਾਬੂ 'ਚ ਰੱਖਣਾ ਬਹੁਤ ਜਰੂਰੀ ਹੈ। ਇਸ ਵਿਚ ਪਾਏ ਤੁਹਾਡੇ ਯੋਗਦਾਨ ਲਈ ਇੰਡੀਅਨ ਸਰਕਾਰ ਬਹੁਤ ਖੁਸ਼ ਹੋਵੇਗੀ।

ਰੀਡ: ਮੈਨੂੰ ਖੁਸ਼ੀ ਹੈ ਕਿ ਆਪਣੇ ਹਿੱਤ ਸਾਂਝੇ ਹਨ।
(ਰੀਡ ਅਤੇ ਹਾਪਕਿਨਸਨ ਸਟੇਜ ਤੋਂ ਜਾਂਦੇ ਹਨ ਅਤੇ ਸੂਤਰਧਾਰ ਆਉਂਦਾ ਹੈ।)

ਸੂਤਰਧਾਰ: ਕਾਮਾਗਾਟਾਮਾਰੂ ਜਹਾਜ਼ ਉਪਰ ਹਮਲੇ ਦੀਆਂ ਤਿਆਰੀਆਂ ਮੁਕੰਮਲ ਹੋ ਗਈਆਂ ਹਨ। ਰਾਤ ਦੇ ਸਵਾ ਬਾਰਾਂ ਵਜ ਚੁੱਕੇ ਹਨ। ਸਮੁੰਦਰੀ ਸ਼ੇਰ ਤੇ ਸਵਾਰ ਹੋਣ ਲਈ ਪੁਲੀਸ ਚੀਫ ਮੈਕਲੈਨਿਨ ਆਪਣੇ 125 ਸਿਪਾਹੀਆਂ ਦੀ ਗਾਰਦ ਲੈ ਕੇ ਪਹੁੰਚ ਗਏ ਹਨ। ਇਮੀਗਰੇਸ਼ਨ ਦੇ ਮਹਿਕਮੇ ਦੇ ਦਸ ਆਫੀਸਰ ਅਤੇ ਨਵੀਂ ਭਰਤੀ ਕੀਤੀ ਸਪੈਸ਼ਲ ਫੋਰਸ ਦੇ ਪੈਂਤੀ ਜੁਆਨ ਵੀ ਪਹੁੰਚ ਚੁੱਕੇ ਹਨ। ਇਹਨਾਂ ਆਫੀਸਰਾਂ ਕੋਲ ਪਸਤੌਲ ਤੇ ਸਪੈਸ਼ਲਾਂ ਕੋਲ ਬਹੱਤਰਵੀਂ ਸੀ ਫੋਰਥ ਹਾਈਲੈਂਡਰਜ਼ ਰਜਮੈਂਟ ਵਲੋਂ ਦਿੱਤੀਆਂ ਕਿਊਬਿਕ ਮੇਡ ਰੌਸ ਰਫਲਾਂ ਹਨ। ਸਾਰੇ ਲੋਕ ਬਹੁਤ ਖੁਸ਼ੀ ਦੇ ਰੌਅ 'ਚ ਹਨ। ਇਸ ਤਰ੍ਹਾਂ ਜਾਪਦਾ ਹੈ ਕਿ ਉਹ ਕੋਈ

ਮੇਲਾ ਦੇਖਣ ਜਾ ਰਹੇ ਹੋਣ। ਹੁਣ ਸਿਰਫ ਐਚ ਐਚ ਸਟੀਵਨਜ਼ ਦੀ ਉਡੀਕ ਹੈ। ਲਓ ਉਹ ਵੀ ਪਹੁੰਚ ਗਏ ਹਨ।

(ਸਟੀਵਨਜ਼ ਆ ਕੇ ਆਲੇ ਦੁਆਲੇ ਦੇਖਦਾ ਹੈ। ਜੁੜੀ ਫੋਰਸ ਚੋਂ ਰੀਡ ਉਹਦੇ ਵੱਲ ਆਉਂਦਾ ਹੈ)

ਰੀਡ: ਬਿਲਕੁਲ ਵਕਤ ਸਿਰ ਆਏ ਹੋ ਜਨਾਬ।

ਸਟੀਵਨਜ਼: ਕੀ ਸੱਭ ਤਿਆਰੀ ਮੁਕੰਮਲ ਹੋ ਗਈ ਹੈ?

ਰੀਡ: ਹਾਂ ਜਨਾਬ।

ਸਟੀਵਨਜ਼: ਕੋਈ ਗਲਤ ਕਿਸਮ ਦੇ ਲੋਕ ਤਾਂ ਨਹੀਂ ਨਾਲ ਆ ਰਹੇ? ਮੈਂ ਤੁਹਾਨੂੰ ਹਿਦਾਇਤ ਕੀਤੀ ਸੀ ਕਿ ਅਖਬਾਰਾਂ ਵਾਲਿਆਂ ਤੋਂ ਸਾਵਧਾਨ ਰਹਿਣਾ।

ਰੀਡ : ਇਸ ਦਾ ਪੂਰਾ ਧਿਆਨ ਰੱਖਿਆ ਗਿਆ ਹੈ। ਸਿਰਫ ਉਹ ਹੀ ਰੀਪੋਰਟਰ ਹਨ ਜਿਹਨਾਂ ਉਪਰ ਪੂਰਾ ਯਕੀਨ ਕੀਤਾ ਜਾ ਸਕਦਾ ਹੈ।

ਸਟੀਵਿਨਸ: ਬਹੁਤ ਖੂਬ ਬਹੁਤ ਖੂਬ। ਹਾਪਕਿਨਸਨ ਦੀ ਕੀ ਰੀਪੋਰਟ ਹੈ?

ਰੀਡ : ਉਹਦੇ ਮੁਤਾਬਕ ਟੈਂਪਲ ਕਮੇਟੀ ਦੇ ਹਿੰਦੂਆਂ ਨੂੰ ਅਜ ਦੀ ਇਸ ਪਲੈਨ ਬਾਰੇ ਕੋਈ ਪਤਾ ਨਹੀਂ ਹੈ। ਸ਼ਿਪ ਦੇ ਹਿੰਦੂ ਆਪਣੀ ਗੱਲ ਤੇ ਅੜੇ ਹੋਏ ਹਨ।

ਸਟੀਵਨਜ਼: ਅੱਛਾ ਤਾਂ ਉਹ ਭਲਮਾਣਸੀ ਨਾਲ ਨਹੀਂ ਜਾਣਗੇ। ਕੀ ਔਟਾਵਾ ਤੋਂ ਮਿਸਟਰ ਸਕਾਟ ਦਾ ਸੁਨੇਹਾ ਤੁਹਾਨੂੰ ਮਿਲ ਗਿਆ ਹੈ?

ਰੀਡ: ਹਾਂ ਜਨਾਬ। ਉਹ ਹੁਣ ਆਪਣੇ ਐਕਸ਼ਨ ਕਰਨ ਦੇ ਫੈਸਲੇ ਨਾਲ ਸਹਿਮਤ ਹਨ।

ਸਟੀਵਨਜ਼: ਬਹੁਤ ਖੂਬ ਬਹੁਤ ਖੂਬ। ਪੁਲੀਸ ਚੀਫ ਕਿੱਥੇ ਹੈ?

ਰੀਡ : ਚੱਲੋ ਉਧਰ ਹਨ। (ਉਧਰ ਨੂੰ ਜਾਂਦੇ ਹਨ)

(ਸਪੈਸ਼ਲ ਫੋਰਸ ਦੇ ਦੋ ਜੁਆਨ ਗੱਲਾਂ ਕਰਦੇ ਸਾਹਮਣੇ ਆਉਂਦੇ ਹਨ)

ਰਟਨ: ਤੈਨੂੰ ਕਿਥੋਂ ਲੱਭ ਲਿਆ ਇਹਨਾਂ ਨੇ?

ਦੂਜਾ: ਮੈਂ ਤਾਂ ਚਰਚ ਦੀ ਸੂਪ ਲਾਇਨ ਵਿਚ ਖੜਾ ਸੀ। ਉਥੇ ਇਮੀਗਰੇਸ਼ਨ ਦਾ ਇਕ ਬੰਦਾ ਵਲੰਟੀਅਰ ਟੋਲਦਾ ਫਿਰਦਾ ਸੀ। ਉਹ ਕਹਿੰਦਾ ਖਾਣਾ, ਡਰਿੰਕ ਤੇ ਨਾਲ ਪੈਸੇ ਵੀ ਮਿਲਣਗੇ। ਮੈਂ ਕਿਹਾ ਅੰਨੇ ਨੂੰ ਕੀ ਚਾਹੀਦਾ, ਦੋ ਅੱਖਾਂ?

ਰਟਨ: ਖਾਣ ਪੀਣ ਤੋਂ ਬਿਨ੍ਹਾਂ ਜਿਹੜਾ ਫਨ ਹੋਵੇਗਾ ਮੈ ਤਾਂ ਉਹ ਦੇਖਣਾ ਚਾਹੁਨਾਂ।

ਦੂਜਾ: ਹਾਂ। ਮੈਂ ਵੀ ਇਹੋ ਸੋਚਿਆ ਪਈ ਚਲੋ ਦੇਖਦੇ ਆਂ ਸ਼ਿਪ ਵਿਚਲੇ ਇਹ ਹਿੰਦੂ ਨੇੜਿਓਂ ਦੇਖਣ ਨੂੰ ਕਿਹੋ ਜਿਹੇ ਲਗਦੇ ਹਨ?

ਹਟਨ: ਚੂਹਿਆਂ ਵਾਂਗ ਪਿੰਜਰੇ 'ਚ ਬੰਦ ਕੀਤੇ ਹੋਏ ਮੁਸ਼ਕ ਮਾਰਦੇ ਹੋਣਗੇ।

ਦੂਜਾ: ਹਿੰਦੂ ਤਾਂ ਸੁਣਿਆਂ ਉਦਾਂ ਈ ਬਹੁਤ ਮੁਸ਼ਕ ਮਾਰਦੇ ਹਨ।

ਹਟਨ: ਗਾਂਈਆਂ ਦੇ ਪੁਜਾਰੀਆਂ ਤੋਂ ਹੋਰ ਕੀ ਭਾਲਦਾ ਏਂ?

(ਪੁਲੀਸ ਚੀਫ ਆ ਕੇ ਉਹਨਾਂ ਨੂੰ ਚਲਣ ਦਾ ਹੁਕਮ ਦਿੰਦਾ ਹੈ)

ਚੀਫ: ਲੈਟਸ ਗੋ ਬੁਆਏਜ਼।

ਹਟਨ: ( ਸਲੂਟ ਮਾਰ ਕੇ ) ਯੈਸ ਸਰ। ਅਸੀਂ ਤਾਂ ਪੂਰੇ ਤਿਆਰ ਹਾਂ। (ਚੀਫ ਦੇ ਪਿੱਛੇ ਪਿੱਛੇ ਮਾਰਚ ਕਰਦੇ ਹਨ)

ਸੂਤਰਧਾਰ: ਸਮੁੰਦਰੀ ਸ਼ੇਰ ਕਾਮਾਗਾਟਾ ਮਾਰੂ ਵੱਲ ਰਵਾਨਾ ਹੋ ਗਿਆ।

(ਇਮੀਗਰੇਸ਼ਨ ਅਧਿਕਾਰੀ ਤੇ ਪੁਲੀਸ ਫੋਰਸ ਇਸ ਤਰ੍ਹਾਂ ਐਕਟਿੰਗ ਕਰਦੇ ਹਨ ਜਿਵੇਂ ਉਹ ਜਹਾਜ਼ 'ਤੇ ਚੜ੍ਹ ਕੇ ਜਾ ਰਹੇ ਹੋਣ। ਉਹ ਜਿਧਰ ਨੂੰ ਜਾ ਰਹੇ ਹਨ ਸਟੇਜ ਦੇ ਉਸ ਪਾਸੇ ਇਕ ਉਚਾ ਪਲੇਟਫਾਰਮ ਹੈ ਜਿਸ 'ਤੇ ਕਾਮਾਗਾਟਾ ਮਾਰੂ ਦੇ ਮੁਸਾਫਰ ਖੜੇ ਹਨ)

ਸਮੁੰਦਰੀ ਸ਼ੇਰ ਕਾਮਾਗਾਟਾ ਦੇ ਕੋਲ ਪਹੁੰਚ ਗਿਆ। ਸਮੁੰਦਰੀ ਸ਼ੇਰ ਦਾ ਡੈੱਕ ਮਾਰੂ ਦੇ ਡੈੱਕ ਨਾਲੋਂ ਪੰਦਰਾਂ ਫੁੱਟ ਨੀਵਾਂ ਸੀ।

(ਪੁਲੀਸ ਵਾਲਿਆਂ ਕਾਮਾਗਾਟਾ ਮਾਰੂ 'ਤੇ ਰੱਸਾ ਸੁੱਟਿਆ। ਉਪਰੋਂ ਮਾਰੂ ਦੇ ਮੁਸਾਫਰਾਂ ਕੋਲਿਆਂ ਦਾ ਮੀਂਹ ਵਰ੍ਹਾ ਦਿੱਤਾ। ਸਮੁੰਦਰੀ ਸ਼ੇਰ ਦੇ ਡੈੱਕ 'ਤੇ ਹਫੜਾ ਦਫੜੀ ਮਚ ਗਈ। ਮੁਸਾਫਰਾਂ ਨੇ ਖੁਸ਼ੀ 'ਚ ਲਲਕਾਰੇ ਮਾਰੇ)

ਸਮੁੰਦਰੀ ਸ਼ੇਰ ਵਾਪਸ ਮੁੜ ਰਿਹਾ ਹੈ।

ਇਮੀਗਰੇਸ਼ਨ ਮਹਿਕਮੇ ਦੀ ਇਸ ਹਾਰ ਤੋਂ ਦੋ ਦਿਨ ਬਾਅਦ ਕੈਨੇਡੀਅਨ ਨੇਵੀ ਦਾ ਜਹਾਜ਼ ਰੇਨਬੋਅ ਵੈਨਕੂਵਰ ਆਇਆ। ਤੋਪਾਂ ਦੇ ਪਹਿਰੇ ਥੱਲੇ 23 ਜੁਲਾਈ 1914 ਨੂੰ ਕਾਮਾਗਾਟਾ ਮਾਰੂ ਨੂੰ ਵੈਨਕੂਵਰ ਛੱਡਣਾ ਪਿਆ।

ਸਮਾਪਤ


ਕਾਮਾਗਾਟਾ ਮਾਰੂ ਦੇ ਮੁਸਾਫਰਾਂ ਦੀ ਯਾਦ ਵਿੱਚ ਸਿਰ ਝੁਕਾਉਂਦੇ ਹਨ।

ਬੌਬ ਰਖਰਾ

GM

DON CARR CHEVROLET
OLDSMOBILE

15239 PACIFIC AVE. WHITE ROCK
Moving soon to Surrey Auto Mall
near 3000 blk. King George Hwy.

ਕਾਮਾਗਾਟਾ ਮਾਰੂ ਦੇ ਮੁਸਾਫਰਾਂ ਦੀ ਯਾਦ ਵਿੱਚ:

Jasbier K. Narwal B.A.(UBC) CAIB
Pritpal S.Narwal B.A. LLB

NARWAL INSURANCE SERVICES
MURRICK INSURANCE SERVICES

Autoplan. Fire.Life.

6415 Main St.(at 48th Ave.)
Vancouver, B.C.
Ph.325-4744



ਕਾਮਾਗਾਟਾ ਮਾਰੂ ਦੀ ਪੰਛੱਤਰਵੀਂ ਬਰਸੀ ਤੇ:
ਇਨਸਾਫ ਦੀ ਲੜਾਈ ਦੇ ਪ੍ਰਤੀਕ ਕਾਮਾਗਾਟਾ
ਮਾਰੂ ਦੇ ਮੁਸਾਫਰਾਂ ਦੀ ਯਾਦ ਵਿੱਚ:

ਐਸ. ਐਂਡ ਐਸ. ਇਨਸ਼ੋਰੈਂਸ

S & S INSURANCE

**6658 Main St. (Panjabi Market)**
**Vancouver, B. C.**
**Ph. 324 - 5711**



ਕਾਮਾਗਾਟਾ ਮਾਰੂ ਦੇ ਮੁਸਾਫ਼ਰਾਂ ਦੀ ਯਾਦ ਨੂੰ
ਸ਼ਰਧਾਂਜਲੀ ਅਰਪਣ ਕਰਦੇ ਹਨ।

## ਮੈਕਨਜੀ ਜਿਉਲਰਜ਼ ਲਿਮਟਿਡ

## MAKANJI JEWELLEERS LTD

(Largest 22kt Gold Jewellery Manufacturers & Retailers in North America)

VANCOUVER
6644 Main Street
Vancouver, B.C. V5X 3H3
PH.(604) 324-7646

TORONTO
1448 Gerrard St. East
Toronto Ontario M4L 1Z8
PH. (416) 469-0505

# ਉਤਰੀ ਅਮਰੀਕਾ ਵਿੱਚ
## 1908-1918 ਤੱਕ
# ਭਾਰਤੀ ਦੇਸ਼ਭਗਤਾਂ ਦੀ ਜਾਸੂਸੀ

## ਹਿਊ ਜਾਹਨਸਟਨ

(ਬੇਸ਼ਕ ਇਸ ਲੇਖ ਦਾ ਕਾਮਾਗਾਟਾ ਮਾਰੂ ਨਾਲ ਸਿੱਧਾ ਸਬੰਧ ਨਹੀਂ ਫਿਰ ਵੀ ਇਹ ਕਾਮਾਗਾਟਾ ਮਾਰੂ ਦੇ ਮੁੱਖ ਪਾਤਰਾਂ ਵਿੱਚੋਂ ਇਕ ਪਾਤਰ ਵਿਲੀਅਮ ਸੀ. ਹਾਪਕਿਨਸਨ ਦੇ ਕੰਮਾਂ ਉਪਰ ਡੂੰਘੀ ਝਾਤ ਪਾਉਂਦਾ ਹੈ। ਇਸਦੇ ਨਾਲ ਹੀ ਇਹ ਲੇਖ ਕੈਨੇਡਾ ਦੇ ਇਮੀਗਰੇਸ਼ਨ ਵਿਭਾਗ ਅਤੇ ਕਾਮਾਗਾਟਾ ਮਾਰੂ ਦੇ ਸਮੇਂ ਵਿੱਚ ਇਮੀਗਰੇਸ਼ਨ ਚੀਫ ਮੈਲਕਮ ਰੀਡ ਦੇ ਹਿੰਦੁਸਤਾਨ ਲਈ ਜਾਸੂਸੀ ਇਕੱਠੀ ਕਰਨ ਦੇ ਪੱਖ ਨੂੰ ਸਾਹਮਣੇ ਲਿਆਉਂਦਾ ਹੈ। ਆਸ ਹੈ ਇਹ ਜਾਣਕਾਰੀ ਕਾਮਾਗਾਟਾ ਮਾਰੂ ਦੀ ਘਟਨਾ ਨੂੰ ਹੋਰ ਚੰਗੀ ਤਰ੍ਹਾਂ ਸਮਝਣ ਵਿਚ ਸਹਾਈ ਹੋਵੇਗੀ।-ਸੰਪਾਦਕ)

ਨਾਰਥ ਅਮਰੀਕਾ ਵਿੱਚ ਹਿੰਦੁਸਤਾਨ ਤੋਂ ਪਹਿਲੇ ਅਵਾਸੀ, ਜਿਹਨਾ ਵਿੱਚੋਂ ਬਹੁਗਿਣਤੀ ਸਿੱਖ ਸਨ, 1903-1904 ਵਿੱਚ ਏਥੇ ਆਏ। ਬੇਸ਼ਕ ਕੈਨੇਡਾ ਨੇ 1908 ਵਿੱਚ ਅਤੇ ਅਮਰੀਕਾ ਨੇ 1910 ਵਿੱਚ ਉਹਨਾ ਦੇ ਅਵਾਸ ਉਪਰ ਰੋਕ ਲਾ ਦਿੱਤੀ,ਪਰ ਉਦੋਂ ਤੱਕ ਭਾਰਤੀਆਂ ਦੀ ਇਕ ਛੋਟੀ ਜਿਹੀ ਕਮਿਉਨਟੀ ਬੀ.ਸੀ. ਅਤੇ ਸ਼ਾਂਤ ਮਹਾਂ ਸਾਗਰ ਦੇ ਕੰਢੇ ਨਾਲ ਲੱਗਦੀਆਂ ਹੋਰ ਸਟੇਟਾਂ ਵਿੱਚ ਸਥਾਪਤ ਹੋ ਚੁੱਕੀ ਸੀ।ਇਸ ਕਮਿਉਨਟੀ ਵਿੱਚ ਪੰਜਾਬੀਆਂ ਤੋਂ ਬਿਨਾ ਬੰਗਾਲ ਅਤੇ ਹਿੰਦੁਸਤਾਨ ਦੇ ਦੂਜੇ ਹਿੱਸਿਆਂ ਤੋਂ ਆਏ ਵਿਦਿਆਰਥੀ ਅਤੇ ਵਪਾਰੀ ਤਬਕੇ ਦੇ ਲੋਕ ਵੀ ਸਨ।ਕਿਉਂਕਿ ਇਸ ਕਮਿਉਨਟੀ ਦੇ ਨੇਤਾਂਵਾਂ ਉਪਰ ਪੂਰੀ ਨਿਗ੍ਹਾ ਰੱਖੀ ਜਾਂਦੀ ਸੀ ਇਸ ਲਈ ਅੱਜ ਚਾਰ ਦੇਸ਼ਾਂ ਦੀਆਂ ਆਰਕਾਈਵਜ਼ ਵਿੱਚ ਇੰਨਾ ਮਸਾਲਾ ਮਿਲ ਜਾਂਦਾ ਹੈ ਕਿ ਇਹਨਾ ਨੇਤਾਂਵਾਂ ਦੀਆਂ ਸਰਗਰਮੀਆਂ ਦੀ ਰੂਪ ਰੇਖਾ ਆਸਾਨੀ ਨਾਲ ਹੀ ਉਲੀਕੀ ਜਾ ਸਕਦੀ ਹੈ। ਇਹਨਾ ਵਿੱਚ ਬਹੁਤੇ ਸਿਆਸੀ ਕਾਰਕੁੰਨ ਸਨ ਅਤੇ ਖੁਲ੍ਹੇ ਰੂਪ ਵਿੱਚ ਅੰਗਰੇਜ਼ ਸਰਕਾਰ ਦੀ ਆਲੋਚਨਾ ਕਰਦੇ ਅਤੇ ਬ੍ਰਿਟਿਸ਼ ਰਾਜ ਦੇ ਅੰਦਰ ਜਾਂ ਬਾਹਰ ਰਹਿ ਕੇ ਸਵੈਰਾਜ ਦੀ ਮੰਗ ਕਰਦੇ ਸਨ। ਜੇ ਅੰਗਰੇਜ ਸਰਕਾਰ ਦੇ ਸ਼ੱਕ ਅਤੇ ਬ੍ਰਿਟਿਸ਼ ਕੋਲੰਬੀਆ ਅਤੇ ਸ਼ਾਂਤ ਮਹਾਂ ਸਾਗਰ ਨਾਲ ਲੱਗਦੀਆਂ ਹੋਰ ਸਟੇਟਾਂ ਵਿੱਚ ਸਥਾਪਤ ਏਸ਼ੀਆਟਿਕ ਐਕਸਕਲੂਜ਼ਿਨ ਲੀਗ(Asiatic Exclusion League) ਦੀਆਂ ਭਾਵਨਾਵਾਂ ਨੂੰ ਧਿਆਨ ਵਿੱਚ ਰੱਖਿਆ ਜਾਵੇ ਤਾਂ ਇਨਾ ਨੇਤਾਂਵਾਂ ਉਪਰ ਹੋ ਰਹੀ ਜਾਸੂਸੀ ਦੀ ਗੱਲ ਇੰਨੀ ਹੈਰਾਨਕੁੰਨ ਨਹੀਂ ਜਾਪਦੀ। ਸਮੇਂ ਦੇ ਲੰਘਣ ਨਾਲ ਇਹ ਜਾਸੂਸੀ ਹੋਰ ਵੱਧਦੀ ਗਈ। 1913 ਵਿੱਚ ਸਾਨਫਰਾਂਸਿਸਕੋ ਵਿੱਚ ਰਹਿੰਦੇ ਭਾਰਤੀਆਂ ਨੇ ਗਦਰ ਪਾਰਟੀ ਦੀ ਨੀਂਹ ਰੱਖੀ। ਗਦਰ ਪਾਰਟੀ ਦੇ ਸਬੰਧ ਵੈਨਕੂਵਰ, ਵਿਕਟੋਰੀਆ, ਅਤੇ ਹੋਰ ਸ਼ਹਿਰਾਂ ਵਿੱਚ ਵੀ ਸਨ। ਪਹਿਲੀ ਸੰਸਾਰ ਜੰਗ ਦੇ ਪਹਿਲੇ ਮਹੀਨਿਆਂ ਦੇ ਦੌਰਾਨ ਗਦਰ ਪਾਰਟੀ ਨੇ ਪੰਜਾਬ ਵਿੱਚ ਜਾਕੇ ਗਦਰ ਕਰਨ ਦੀ ਕੋਸ਼ਿਸ਼ ਕੀਤੀ ਅਤੇ ਬਾਹਰ ਰਹਿ ਰਹੇ ਲੋਕਾਂ ਨੂੰ ਭਾਰਤ ਵਾਪਸ ਜਾਕੇ ਇਸ ਵਿੱਚ ਹਿੱਸਾ ਪਾਉਣ ਦੀ ਅਪੀਲ ਕੀਤੀ। ਉਨਾ ਦੀਆਂ ਕੋਸ਼ਿਸ਼ਾਂ ਚੰਗੀ ਤਰ੍ਹਾਂ ਜਥੇਬੰਦ ਨਾ ਹੋਣ ਕਾਰਨ ਉਹ ਪੰਜਾਬ ਦੇ ਲੋਕਾਂ ਕੋਲੋਂ ਏਨੀ ਮਦਦ ਨਾ ਹਾਸਲ ਕਰ ਸਕੇ। ਪਰ ਭਾਰਤ ਦੀ ਸਰਕਾਰ ਨੇ ਇਸਨੂੰ ਬਹੁਤ ਸਖਤੀ ਨਾਲ ਕੁਚਲਿਆ ਜਿਸ ਕਰਕੇ ਸਿੱਖਾਂ ਅਤੇ ਹੋਰ ਭਾਰਤੀਆਂ ਦੀ ਸੋਚ ਉਪਰ ਡੂੰਘਾ ਅਸਰ ਹੋਇਆ। ਇਸ ਨਾਲ ਜੰਗ ਤੋਂ ਬਾਅਦ ਪੰਜਾਬ ਵਿੱਚ ਗੜਬੜ ਨੂੰ ਕਾਫੀ ਬੱਲ ਮਿਲਿਆ।

ਵੈਨਕੂਵਰ ਦੇ ਇਮੀਗਰੇਸ਼ਨ ਅਧਿਕਾਰੀਆਂ ਨੇ ਨਾਰਥ ਅਮਰੀਕਾ ਵਿੱਚ ਰਹਿ ਰਹੇ ਭਾਰਤੀਆਂ ਦੀ ਜਾਸੂਸੀ ਕਰਨ ਵਿੱਚ ਇਕ ਅਹਿਮ ਰੋਲ ਨਿਭਾਇਆ।ਪੰਜਾਬੀ ਕਮਿਉਨਟੀ ਬਾਰੇ ਹੋਏ ਪਹਿਲੇ ਅਧਿਅਨਾ ਵਿੱਚ ਇਸ ਰੋਲ ਦਾ ਜਿਕਰ ਹੈ ਪਰ ਜਿਸ ਪੱਧਰ ਉਪਰ ਇਹ ਜਾਸੂਸੀ ਕੀਤੀ ਗਈ ਅਤੇ ਜਿਸ ਤਰ੍ਹਾਂ ਦੇ ਇਸਦੇ ਨਤੀਜੇ ਨਿਕਲੇ ਉਹਨਾ ਨੂੰ ਦੇਖਦਿਆਂ ਇਸ ਬਾਰੇ ਵਿਸਥਾਰ ਪੂਰਵਕ ਅਧਿਅਨ ਦੀ ਲੋੜ ਹੈ। ਜਿਸ ਤਰ੍ਹਾਂ ਕੈਨੇਡੀਅਨ ਅਤੇ ਭਾਰਤੀ ਸਰਕਾਰਾਂ ਕੈਨੇਡਾ ਵਿੱਚ ਹੁਣ ਦੇ ਕੌਮਪ੍ਰਸਤਾਂ(nationalist) ਦੀਆਂ ਗਤੀਵਿਧੀਆਂ ਨੂੰ ਦੇਖਦੀਆਂ ਹਨ ਉਸ ਨਾਲ ਇਸ ਵਿਸ਼ੇ ਦੀ ਸਮਕਾਲੀ ਸਥਿਤੀਆਂ ਨਾਲ ਸਾਂਝ ਬੱਝਦੀ ਹੈ।ਭੂਤ ਭਵਿੱਖ ਲਈ ਸਬਕ ਮੁਹੱਈਆ ਕਰਦਾ ਹੈ। ਇਸ ਸਦੀ ਦੇ ਸ਼ੁਰੂ ਵਿੱਚ ਆਉਣ ਵਾਲੇ ਭਾਰਤੀ ਅਵਾਸੀ ਵੀ ਅੱਜ ਦੇ ਅਵਾਸੀਆਂ ਵਾਂਗ ਆਰਥਿਕ ਕਾਰਨਾ ਕਰਕੇ ਇੱਥੇ ਆਏ ਸਨ। ਉਹ ਸਿਆਸਤ ਦੀ ਥਾਂ ਰੁਜਗਾਰ ਵਿੱਚ ਦਿਲਚਸਪੀ ਰਖਦੇ ਸਨ। ਲਾਲਾ ਹਰਦਿਆਲ ਨੇ ਇਕ ਵਾਰ ਇਹਨਾ ਬਾਰੇ ਕਿਹਾ ਸੀ ਕਿ ਇਹ ਲੋਕ ਡਰਾਕਲ ਹਨ। ਇਹਨਾ ਅਵਾਸੀਆਂ ਵਿੱਚੋਂ ਵੱਡੀ ਗਿਣਤੀ ਕਿਸੇ ਵੀ ਅਜਿਹੇ ਕਮਿਉਨਟੀ ਐਕਸ਼ਨ 'ਤੇ ਬੇਚੈਨੀ ਮਹਿਸੂਸ ਕਰਦੀ ਸੀ ਜੋ ਕੈਨੇਡੀਅਨ ਜਾਂ ਭਾਰਤੀ ਸਰਕਾਰ ਨੂੰ ਪਸੰਦ ਨਾ ਹੋਵੇ। ਫਿਰ ਵੀ ਸਮੇਂ ਅਤੇ ਘਟਨਾਵਾਂ ਨੇ ਉਹਨਾ ਵਿੱਚੋਂ ਬਹੁਤਿਆਂ ਨੂੰ ਦੇਸ਼ਭਗਤਾਂ ਦੇ ਹੱਕ ਵਿੱਚ ਕਰ ਦਿੱਤਾ। ਹੋ ਰਹੀ ਜਾਸੂਸੀ ਨੇ ਇਸ ਵਿੱਚ ਇਕ ਅਹਿਮ ਭੂਮਿਕਾ ਨਿਭਾਈ। ਜਾਸੂਸੀ ਕਰਨ ਵਾਲਿਆਂ ਅਤੇ ਜਿਨਾ ਦੀ ਜਾਸੂਸੀ ਕੀਤੀ ਜਾਂਦੀ ਸੀ, ਵਿੱਚਕਾਰ ਇਕ ਪ੍ਰਤੀਕਮਈ ਰਿਸ਼ਤਾ ਸੀ। ਦੋਵੇਂ ਧਿਰਾਂ ਸਮਝਦੀਆਂ ਸਨ ਕਿ ਉੱਤਰੀ ਅਮਰੀਕਾ ਵਿੱਚ ਸਿੱਖਾਂ ਦੀਆਂ ਸਰਗਰਮੀਆਂ ਹਿੰਦੁਸਤਾਨ ਵਿੱਚ ਅੰਗਰੇਜ਼ ਰਾਜ ਲਈ ਖਤਰਾ ਹਨ। ਦੋਵੇਂ ਧਿਰਾਂ ਇਕ ਦੂਜੇ ਲਈ ਤੁੱਖਣਾ ਦਾ ਕੰਮ ਕਰਦੀਆਂ ਸਨ। ਪੰਜਾਬੀ ਕਿਸਾਨਾ ਦੇ ਮਨਾ ਵਿੱਚ ਅੰਗਰੇਜ਼ ਪ੍ਰਤੀ ਕੋਈ ਮੋਹ ਨਹੀਂ ਸੀ। ਜਦੋਂ ਉਹਨਾ ਨੂੰ ਪਤਾ ਲੱਗਾ ਕਿ ਉਹਨਾ ਦੀ ਨਿਗਰਾਨੀ ਕੀਤੀ ਜਾ ਰਹੀ ਹੈ ਤਾਂ ਉਹਨਾ ਸਿਆਸੀ ਤੌਰ ਉਪਰ ਚੇਤੰਨ ਹੋਣ ਵੱਲ ਪਹਿਲਾ ਕਦਮ ਵਧਾਇਆ। ਇਕ ਢੰਗ ਨਾਲ ਜਾਸੂਸੀ ਨੇ ਹਿੰਦੁਸਤਾਨੀਆਂ ਨੂੰ ਸਿਆਸੀ ਸਰਗਰਮੀਆਂ ਵੱਲ ਪ੍ਰੇਰਿਤ ਕੀਤਾ ਅਤੇ ਉਹਨਾ ਦੀਆਂ ਸਿਆਸੀ ਸਰਗਰਮੀਆਂ ਨੇ ਜਾਸੂਸੀ ਵਿੱਚ ਹੋਰ ਵਾਧਾ ਕਰਨ ਦੀ ਪ੍ਰੋੜਤਾ ਕੀਤੀ। ਵੈਨਕੂਵਰ ਵਿੱਚ ਵਾਪਰੀਆਂ ਇਹਨਾ ਜਾਸੂਸੀ ਕਾਰਵਾਈਆਂ ਦੀ ਪੂਰਨ ਘੋਖ ਕਰ ਇਸ ਅਮਲ ਨੂੰ ਠੀਕ ਢੰਗ ਨਾਲ ਸਮਝਿਆ ਜਾ ਸਕਦਾ ਹੈ।

ਇਸ ਜਾਸੂਸੀ ਦਾ ਮੁੱਖ ਪਾਤਰ ਕਲਕੱਤੇ ਦਾ ਸਾਬਕਾ ਪੁਲੀਸ ਇਨਸਪੈਕਟਰ ਡਬਲਯੂ. ਸੀ. ਹਾਪਕਿਨਸਨ ਸੀ, ਜਿਹੜਾ 1908 ਵਿੱਚ ਵੈਨਕੂਵਰ ਆਇਆ। ਉਸਨੇ 1909 ਤੋਂ 1914(ਜਦੋਂ ਮੇਵਾ ਸਿੰਘ ਨੇ ਉਸਨੂੰ ਗੋਲੀ ਮਾਰ ਦਿੱਤੀ) ਤੱਕ ਕੈਨੇਡੀਅਨ ਇਮੀਗਰੇਸ਼ਨ ਵਿਭਾਗ ਵਿੱਚ ਕੰਮ ਕੀਤਾ। ਆਪਣੀ ਨੌਕਰੀ ਦੌਰਾਨ ਹਾਪਕਿਨਸਨ ਇਮੀਗਰੇਸ਼ਨ ਵਿਭਾਗ ਦਾ ਕੰਮ ਵੀ ਕਰਦਾ ਸੀ ਪਰ ਉਸਦੀ ਮੁੱਖ ਜਿੰਮੇਵਾਰੀ 'ਪੁਲੀਸ ਵਰਕ'(ਜਾਸੂਸੀ) ਸੀ। ਉਸਦੇ ਜਾਸੂਸੀ ਦੇ ਕੰਮ ਵਿੱਚ ਕੈਨੇਡੀਅਨ ਸਰਕਾਰ ਨਾਲੋਂ ਜਿਆਦਾ ਇੰਡੀਆ ਆਫਿਸ ਅਤੇ ਭਾਰਤੀ ਸਰਕਾਰ ਨੂੰ ਦਿਲਚਸਪੀ ਸੀ। ਆਰਕਾਈਵਜ ਦੇ ਰੀਕਾਰਡ ਮੁਤਾਬਕ ਜਾਸੂਸੀ ਦੇ ਕੰਮ ਨੂੰ ਸ਼ੁਰੂ ਕਰਨ ਦਾ ਸਿਹਰਾ ਹਾਪਕਿਨਸਨ ਦੇ ਸਿਰ ਹੀ ਬੱਝਦਾ ਹੈ। ਓਹਨੇ ਸ਼ਾਂਤ ਮਹਾਂ ਸਾਗਰ ਦੇ ਕੰਢੇ ਉਪਰ ਭਾਰਤੀ ਦੇਸ਼ਭਗਤਾਂ ਨੂੰ ਲੱਭਿਆ ਅਤੇ ਬਿਨ੍ਹਾਂ ਕਿਸੇ ਮੁਸ਼ਿਕਲ ਦੇ ਸਬੰਧਤ ਅਧਿਕਾਰੀਆਂ ਨੂੰ ਉਹਨਾਂ ਦੀਆਂ ਸਰਗਰਮੀਆਂ ਦੀ ਗੰਭੀਰਤਾ ਦਾ ਅਹਿਸਾਸ ਕਰਾਇਆ। ਅਤੇ ਉਹਨਾਂ ਦੀ ਜਾਂਚ ਕਰਨ ਲਈ ਸਪੈਸ਼ਲ ਕਮਿਸ਼ਨ ਅਤੇ ਨੌਕਰੀ ਹਾਸਲ ਕਰ ਲਈ।ਸ਼ੁਰੂ ਵਿੱਚ ਉਹ ਵੈਨਕੂਵਰ ਕਿਉਂ ਆਇਆ ਇਸ ਗੱਲ ਦਾ ਕੋਈ ਸਪੱਸ਼ਟ ਪਤਾ ਨਹੀਂ ਚਲਦਾ। ਸ਼ਾਇਦ ਭਾਰਤੀ ਸਰਕਾਰ ਨੇ ਉਸਨੂੰ ਸਿੱਖਾਂ ਬਾਰੇ ਜਾਣਕਾਰੀ ਹਾਸਲ ਕਰਨ ਲਈ ਹੀ ਭੇਜਿਆ ਹੋਵੇ। ਪਰ ਜਦੋਂ ਪਹਿਲਾਂ ਏਥੇ ਪਹੁੰਚਿਆ ਉਸਨੇ ਕੈਨੇਡੀਅਨ ਸਰਕਾਰ ਨੂੰ ਆਪਣੇ ਆਉਣ ਦਾ ਕੋਈ ਖਾਸ ਮਕਸਦ ਨਹੀਂ ਦੱਸਿਆ।

ਹਾਪਕਿਨਸਨ ਯੂਰਪੀਨ ਪਿਤਾ ਅਤੇ ਏਸ਼ੀਅਨ ਮਾਂ ਦੇ ਘਰ 1880 ਵਿੱਚ ਦਿੱਲੀ ਵਿੱਚ ਪੈਦਾ ਹੋਇਆ, ਭਾਵੇਂ ਉਹ ਹਮੇਸ਼ਾਂ ਇਹ ਦਾਅਵਾ ਕਰਦਾ ਸੀ ਕਿ ਉਹ ਇੰਗਲੈਂਡ ਵਿੱਚ ਪੈਦਾ ਹੋਇਆ ਅਤੇ ਉਸਦੇ ਮਾਂ ਬਾਪ ਦੋਵੇਂ ਅੰਗਰੇਜ ਸਨ। 1904-1907 ਤੱਕ ਚਾਰ ਸਾਲ ਉਸਨੇ ਕਲਕੱਤੇ ਵਿੱਚ ਪੁਲੀਸ ਇੰਸਪੈਕਟਰ ਦੇ ਤੌਰ ਤੇ ਨੌਕਰੀ ਕੀਤੀ।ਉਸ ਸਮੇਂ ਉਹ 24 ਸਾਲਾਂ ਦਾ ਸੀ ਅਤੇ ਉਸਦੀ ਤਨਖਾਹ 80 ਰੁਪਏ ਮਹੀਨਾ ਸੀ ਜਿਹੜੀ ਬਾਅਦ ਵਿੱਚ ਵੱਧਕੇ 125 ਰੁਪਏ ਹੋ ਗਈ।1908 ਦੀ ਬਸੰਤ ਵਿੱਚ ਬਿਨ੍ਹਾਂ ਕਿਸੇ ਸਪੱਸ਼ਟ ਵਜ੍ਹਾ ਦੇ ਉਹ ਵੈਨਕੂਵਰ ਪਹੁੰਚਿਆ। ਪਰ ਛੇਤੀਂ ਹੀ ਉਹ ਛਾਣਬੀਣ ਦੇ ਕੰਮ ਵਿੱਚ ਲੱਗ ਗਿਆ।ਉਸਦਾ ਇਹ ਕੰਮ ਪਹਿਲੀ ਵਾਰ ਉਦੋਂ ਸਾਹਮਣੇ ਆਇਆ ਜਦੋਂ ਉਸਨੇ ਵੈਨਕੂਵਰ ਦੇ ਦੇਸ਼ਭਗਤਾਂ ਦੀਆਂ ਸਰਗਰਮੀਆਂ ਬਾਰੇ ਇਕ ਕਹਾਣੀ'ਲੰਡਨ ਟਾਇਮਜ਼' ਦੇ ਇਕ ਰੀਪੋਰਟਰ ਨੂੰ ਦੱਸੀ। ਇਸ ਕਹਾਣੀ ਉਪਰ ਆਧਾਰਿਤ ਇਕ ਲੇਖ 'ਲੰਡਨ ਟਾਇਮਜ਼' ਦੇ 22 ਮਈ 1908 ਦੇ ਅੰਕ ਵਿੱਚ ਛਪਿਆ। ਇਸ ਵਿੱਚ ਲਿਖਿਆ ਸੀ ਕਿ ਹਿੰਦੁਸਤਾਨ ਵਿੱਚ ਇਨਕਲਾਬੀ ਅੰਦੋਲਨ ਦੀ ਮਦੱਦ ਲਈ ਵੈਨਕੂਵਰ ਅਤੇ ਸਿਆਟਲ ਵਿੱਚ ਰਹਿੰਦੇ ਭਾਰਤੀ ਪੈਸੇ ਇਕੱਠੇ ਕਰ ਰਹੇ ਹਨ, ਸਾਹਿਤ ਛਾਪ ਰਹੇ ਹਨ, ਅਤੇ ਬੰਬ ਬਣਾਉਣ ਦੀ ਸਿੱਖਿਆ ਦੇ ਰਹੇ ਹਨ। ਉਸ ਸਮੇਂ ਦੇ ਡਿਪਟੀ ਲੇਬਰ ਮਨਿਸਟਰ ਮੈਕੈਨਿਜ਼ੀ ਕਿੰਗ ਨੇ ਮਈ ਦੇ ਅਖੀਰ ਜਾਂ ਜੂਨ ਦੇ ਸ਼ੁਰੂ ਵਿੱਚ ਉਸ ਨਾਲ ਮੁਲਾਕਾਤ ਕੀਤੀ। ਕਿੰਗ ਉਸ ਸਮੇਂ 'ਓਰੀਐਂਟਲ' ਲੋਕਾਂ ਦੀ ਇਮੀਗਰੇਸ਼ਨ ਸਬੰਧੀ ਰੋਇਲ ਕਮਿਸ਼ਨ ਦੀ ਅਗਵਾਈ ਕਰ ਰਿਹਾ ਸੀ। ਉਹ ਹਾਪਕਿਨਸਨ ਤੋਂ ਬਹੁਤ ਪ੍ਰਭਾਵਤ ਹੋਇਆ ਅਤੇ ਉਸਨੇ ਹਾਪਕਿਨਸਨ ਵੱਲੋਂ ਦਿੱਤੀ ਜਾਣਕਾਰੀ ਦੇ ਆਧਾਰ ਉੱਤੇ 9 ਸਫਿਆਂ ਦੀ ਇਕ ਗੁਪਤ ਰਿਪੋਰਟ ਤਿਆਰ ਕੀਤੀ। ਉਸਨੇ ਕਿਹਾ ਕਿ ਇਹ ਜਾਣਕਾਰੀ ਕੈਨੇਡਾ ਵਿੱਚ ਭਾਰਤੀਆਂ ਦੀ ਇਮੀਗਰੇਸ਼ਨ ਰੋਕਣ ਲਈ ਕਾਫੀ ਸਮੱਗਰੀ ਪ੍ਰਦਾਨ ਕਰਦੀ ਹੈ। ਅਗਲੇ ਕੁੱਝ ਮਹੀਨਿਆਂ ਦੌਰਾਨ ਵੈਨਕੂਵਰ ਦੇ ਇਮੀਗਰੇਸ਼ਨ ਦਫਤਰ ਵਿੱਚ ਹਾਪਕਿਨਸਨ ਦਾ ਆਮ ਆਉਣਾ ਜਾਣਾ ਰਿਹਾ ਭਾਵੇਂ ਕਿ ਉਹ ਉੱਥੇ ਕੰਮ ਨਹੀਂ ਕਰਦਾ ਸੀ। ਉਸਦੇ ਆਪਣੇ ਕਹਿਣ ਮੁਤਾਬਕ ਉਹ ਕਲਕੱਤਾ ਪੁਲੀਸ ਦੀ ਨੌਕਰੀ ਤੋਂ ਛੁੱਟੀਆਂ 'ਤੇ ਸੀ। ਪਰ ਉਸਦੀਆਂ ਸਰਗਰਮੀਆਂ ਦੱਸਦੀਆਂ ਸਨ ਕਿ ਉਹ ਏਥੇ ਚੰਗੀ ਨੌਕਰੀ ਲਈ ਕੋਸ਼ਿਸ਼ ਕਰ ਰਿਹਾ ਸੀ ਅਤੇ ਕੈਨੇਡੀਅਨ ਅਧਿਕਾਰੀ ਉਸਨੂੰ ਕਾਫੀ ਕੰਮ ਦੇ ਰਹੇ ਸਨ। ਜੁਲਾਈ ਦੇ ਅਖੀਰ ਵਿੱਚ ਇਨਟੀਰੀਅਰ ਮਨਿਸਟਰ ਦੇ ਪ੍ਰਾਈਵੇਟ ਸੈਕਟਰੀ ਜੇ.ਬੀ. ਹਾਰਕਿਨ ਨੇ ਔਟਵਾ ਵਿੱਚ ਇਮੀਗਰੇਸ਼ਨ ਦੇ ਸੁਪਰਡੈਂਟ ਡਬਲਿਯੂ.ਡੀ. ਸਕਾਟ ਨੂੰ ਇਕ ਖੱਤ ਲਿਖਿਆ," ਮੈਂ ਹਾਪਕਿਨਸਨ ਨੂੰ ਹਿੰਦੂਆਂ ਵਿੱਚਕਾਰ ਇਕ ਦਿਨ ਗੁਜਾਰਨ ਲਈ ਭੇਜਿਆ....."। ਹੈਰਾਨੀ ਦੀ ਗੱਲ ਇਹ ਹੈ ਕਿ ਹਾਪਕਿਨਸਨ ਬਾਰੇ ਹੋਰ ਕੋਈ ਜਾਣਕਾਰੀ ਨਹੀਂ ਕਰਵਾਈ ਗਈ। ਸੁਪਰਡੈਂਟ ਸਕਾਟ ਨੂੰ ਪਤਾ ਸੀ ਕਿ ਹਾਪਕਿਨਸਨ ਕੌਣ ਸੀ।

ਅਕਤੂਬਰ ਨਵੰਬਰ 1908 ਵਿੱਚ ਹਾਪਕਿਨਸਨ ਨੇ ਬ੍ਰਿਟਿਸ਼ ਹਾਂਡੂਰਸ ਵਿੱਚ ਭਾਰਤੀ ਮਜ਼ਦੂਰਾਂ ਦੀਆਂ ਹਾਲਤਾਂ ਦੀ ਪੜਤਾਲ ਕਰਨ ਲਈ ਬਣਾਏ ਸਪੈਸ਼ਲ ਡੈਲੀਗੇਸ਼ਨ ਵਿੱਚ ਮਿਸਟਰ ਹਾਰਕਿਨ ਲਈ ਸੈਕਟਰੀ ਅਤੇ ਦੁਭਾਸ਼ੀਏ ਦੇ ਤੌਰ ਤੇ ਕੰਮ ਕੀਤਾ। ਇਸ ਡੈਲੀਗੇਸ਼ਨ ਵਿੱਚ ਮਿਸਟਰ ਹਾਰਕਿਨ ਅਤੇ ਹਾਪਕਿਨਸਨ ਤੋਂ ਬਿਨਾ ਭਾਰਤੀ ਕਮਿਉਨਟੀ ਵਿੱਚੋਂ ਨਾਜਰ ਸਿੰਘ ਅਤੇ ਸ਼ਾਮ ਸਿੰਘ ਵੀ ਸਨ। ਡੈਲੀਗੇਸ਼ਨ ਦੇ ਸਾਰੇ ਖਰਚੇ ਇਨਟੀਰੀਅਰ ਦੇ ਮਹਿਕਮੇ ਵੱਲੋਂ ਕੀਤੇ ਗਏ ਸਨ। ਇਸ ਡੈਲੀਗੇਸ਼ਨ ਦਾ ਉਦੇਸ਼ ਵੈਨਕੂਵਰ ਦੇ ਵਾਧੂ ਭਾਰਤੀਆਂ ਦੀ ਪਰੇਸ਼ਾਨੀ ਤੋਂ ਬਚਣ ਲਈ ਭਾਰਤੀਆਂ ਨੂੰ ਵੈਸਟ ਇੰਡੀਜ਼ ਜਾਂ ਹਾਂਡੂਰਸ ਭੇਜਣਾ ਸੀ। ਨਾਜ਼ਰ ਸਿੰਘ ਅਤੇ ਸ਼ਾਮ ਸਿੰਘ ਨੂੰ ਇਸ ਲਈ ਲਿਜਾਇਆ ਗਿਆ ਸੀ ਕਿ ਉਹ ਭਾਰਤੀਆਂ ਵਲੋਂ ਜਾਕੇ ਉਥੋਂ ਦੀਆਂ ਹਾਲਤਾਂ ਦੇਖ ਲੈਣ। ਉਹਨਾਂ ਉਥੋਂ ਆ ਕੇ ਨਾਹ ਪੱਖੀ ਰੀਪੋਰਟ ਦਿੱਤੀ ਅਤੇ ਹਾਪਕਿਨਸਨ ਉੱਤੇ ਉਹਨਾਂ ਨੂੰ ਵੱਢੀ ਦੇਣ ਦਾ ਦੋਸ਼ ਲਾਇਆ।(ਇਸ ਬਾਰੇ ਡਾ. ਜਾਹਨਸਨ ਨੇ ਆਪਣੇ ਮੂਲ ਲੇਖ ਵਿੱਚ ਇਕ ਲੰਬਾ ਨੋਟ ਦਿੱਤਾ ਹੈ ਜਿਸਦਾ ਸਾਰੰਸ਼ ਇਹ ਨਿਕਲਦਾ ਹੈ ਕਿ ਇਸ ਇਲਜਾਮ ਬਾਰੇ ਕੋਈ ਸਬੂਤ ਨਹੀਂ ਮਿਲਦਾ।- ਅਨੁਵਾਦਕ) ਹਾਂਡੂਰਸ ਜਾਣ ਦੀ ਤਜਵੀਜ ਵੈਨਕੂਵਰ ਗੁਰਦੁਆਰੇ ਵਿੱਚ ਹੋਈ ਇਕ ਗੁੱਸੇ ਭਰੀ ਮੀਟਿੰਗ ਵਿੱਚ ਰੱਦ ਕਰ ਦਿੱਤੀ ਗਈ। ਇਸ ਨਾਲ ਹਾਪਕਿਨਸਨ ਦੀ ਪ੍ਰਮਾਣਤਾ ਉਪਰ ਕੋਈ ਭੈੜਾ ਅਸਰ ਨਹੀਂ ਪਿਆ ਸਗੋਂ ਇਸ ਨਾਲ ਉਸਨੂੰ ਮਹੱਤਤਾ ਹੀ ਮਿਲੀ। ਇਸ ਕਰਕੇ ਉਸਨੂੰ ਇਨਟੀਰੀਅਰ ਦੇ ਡਿਪਟੀ ਮਨਿਸਟਰ ਅਤੇ ਪਰਾਈਮ ਮਨਿਸਟਰ ਨਾਲ ਖੱਤ ਪੱਤਰ ਕਰਨ ਦਾ ਮੌਕਾ ਮਿਲਿਆ ਅਤੇ ਪੱਕੀ ਨੌਕਰੀ ਲਈ ਸਿਫਾਰਿਸ਼ ਪ੍ਰਾਪਤ ਹੋਈ। ਜਦੋਂ ਪਹਿਲੀ ਵਾਰ ਵੈਨਕੂਵਰ ਤੋਂ (ਹਾਂਡੂਰਸ ਲਈ) ਕੁਲੀ ਮਜ਼ਦੂਰ ਭਰਤੀ ਕਰਨ ਦੀ ਗੱਲ ਚੱਲੀ ਉਸ ਸਮੇਂ ਬ੍ਰਿਟਿਸ਼ ਹਾਂਡੂਰਸ ਦਾ ਗਵਰਨਰ ਜਨਰਲ ਕਰਨਲ ਈ.ਜੇ. ਸਵਾਇਨੀ ਲੰਡਨ ਵਿੱਚ ਸੀ। ਉਸਨੇ ਤਜਵੀਜ਼ ਰੱਖੀ ਕਿ ਜੇ ਕੈਨੇਡੀਅਨ ਸਰਕਾਰ ਉਸਦਾ ਕਿਰਾਇਆ ਰੱਖੇ ਤਾਂ ਉਹ

ਵੈਨਕੂਵਰ ਦੇ ਰਸਤੇ ਲੰਡਨ ਤੋਂ ਬਿਲੀਜ(ਹਾਂਡੂਰਸ) ਜਾ ਸਕਦਾ ਹੈ। ਕੈਨੇਡੀਅਨ ਸਰਕਾਰ ਨੇ ਉਸਦੀ ਤਜਵੀਜ ਮੰਨ ਲਈ। ਉਹ ਦਸੰਬਰ(1908) ਵਿੱਚ ਔਟਵਾ ਅਤੇ ਮਾਂਟਰੀਅਲ ਆਇਆ। ਉਹਨੇ ਆਪਣੇ ਮਿਸ਼ਨ ਬਾਰੇ ਪਹਿਲਾਂ ਗਵਰਨਰ ਜਨਰਲ ਅਰਲ ਗਰੇਅ(ਚੌਥੇ) ਅਤੇ ਫਿਰ ਪ੍ਰਧਾਨ ਮੰਤਰੀ ਸਰ ਵਿਲਫਰਡ ਲਾਰੀਅਰ ਅਤੇ ਉਹਦੇ ਮੰਤਰੀ ਮੰਡਲ ਨਾਲ ਗੱਲਬਾਤ ਕੀਤੀ।ਭਾਰਤ ਨਾਲ ਪੁਰਾਣੇ ਸਬੰਧਾਂ ਕਰਕੇ ਸਵਾਇਨੀ ਨੂੰ ਵੈਨਕੂਵਰ ਦੇ ਭਾਰਤੀਆਂ ਦੀ ਸਿਆਸੀ ਅਤੇ ਕੰਮਕਾਰ ਦੀ ਹਾਲਤ ਦੇਖਣ ਲਈ ਕਿਹਾ ਗਿਆ। ਸਾਲ ਦੇ ਅੰਤ ਉੱਤੇ ਕੈਨੇਡਾ ਤੋਂ ਜਾਣ ਤੋਂ ਪਹਿਲਾਂ ਕਰਨਲ ਈ.ਜੇ. ਸਵਾਇਨੀ ਨੇ ਕੈਨੇਡੀਅਨ ਸਰਕਾਰ ਅੱਗੇ ਜ਼ਬਾਨੀ ਅਤੇ ਲਿਖਤੀ ਰੀਪੋਰਟ ਪੇਸ਼ ਕੀਤੀ। ਆਪਣੀ ਗੁਪਤ ਰੀਪੋਰਟ ਵਿੱਚ ਸਵਾਇਨੀ ਨੇ ਸਿਫਾਰਿਸ਼ ਕੀਤੀ ਕਿ ਭਾਰਤੀ ਕਾਰਕੁੰਨਾਂ ਦੀਆਂ ਸਰਗਰਮੀਆਂ ਉਪਰ ਨਿਗ੍ਹਾ ਰੱਖਣ ਲਈ ਹਾਪਕਿਨਸਨ ਨੂੰ ਡੁਮੀਨਿਅਨ ਦੇ ਪੁਲੀਸ ਇਨਸਪੈਕਟਰ ਦੇ ਤੌਰ ਉੱਤੇ ਨਿਯੁਕਤ ਕੀਤਾ ਜਾਵੇ।

ਸਵਾਇਨੀ ਅਨੁਸਾਰ ਹਾਪਕਿਨਸਨ ਕਿਸੇ ਵੇਲੇ ਵੀ ਭਾਰਤ ਵਾਪਿਸ ਜਾ ਸਕਦਾ ਸੀ। ਪਰ ਇਸ ਤੋਂ ਪਹਿਲਾਂ ਉਸਨੂੰ ਵੈਨਕੂਵਰ ਵਿੱਚ ਇਮੀਗਰੇਸ਼ਨ ਮਹਿਕਮੇ ਵਿੱਚ ਇਨਸਪੈਕਟਰ ਰੱਖ ਲਿਆ ਗਿਆ ਅਖਾਉਤੀ 'ਹਿੰਦੂ ਵਰਕ' ਉਸਦੇ ਜਿੰਮੇ ਦੇ ਦਿੱਤਾ ਗਿਆ। ਉਸਦੀ ਨੌਕਰੀ ਦੀ ਪੇਸ਼ਕਸ਼ ਇਨਟੀਰੀਅਰ ਮਨਿਸਟਰੀ ਦੇ ਡਿਪਟੀ ਮਨਿਸਟਰ ਵੱਲੋਂ ਕੀਤੀ ਗਈ ਪਰ ਇਸ ਪਿੱਛੇ ਅਸਲ ਹੱਥ ਗਵਰਨਰ ਜਨਰਲ ਅਰਲ ਗਰੇਅ ਦਾ ਸੀ।

8 ਫਰਵਰੀ 1909 ਨੂੰ ਹਾਪਕਿਨਸਨ ਵੈਨਕੂਵਰ ਵਿੱਚ ਆਪਣੀ ਨੌਕਰੀ ਉਪਰ ਹਾਜਰ ਹੋਇਆ। ਉਸਦੀ ਤਨਖਾਹ 100 ਡਾਲਰ ਪ੍ਰਤੀ ਮਹੀਨਾ ਬਣਦੀ ਸੀ। ਇਹ ਤਨਖਾਹ ਕਲਕੱਤੇ ਵਿੱਚ ਉਸਨੂੰ ਮਿਲਦੀ ਤਨਖਾਹ ਨਾਲੋਂ ਦਾਈ ਗੁਣਾ ਸੀ। ਉਸਦਾ ਕੰਮ ਭਾਰਤੀ ਕਮਿਊਨਟੀ ਉਪਰ ਨਿਗ੍ਹਾ ਰੱਖਣਾ ਅਤੇ ਮਹਿਕਮੇ ਨੂੰ ਇਸ ਬਾਰੇ ਬਕਾਇਦਗੀ ਨਾਲ ਰੀਪੋਰਟ ਕਰਨਾ ਸੀ। ਜਦੋਂ ਉਹ ਆਪਣੇ ਇਸ ਕੰਮ ਤੋਂ ਵਿਹਲਾ ਹੋਵੇ ਜਾਂ ਇਮੀਗਰੇਸ਼ਨ ਵਿਭਾਗ ਵਿੱਚ ਕੰਮ ਜਿਆਦਾ ਹੋਵੇ ਤਾਂ ਉਸਦੀ ਡਿਊਟੀ ਇਮੀਗਰੇਸ਼ਨ ਦੇ ਨਿੱਤਕਰਮੀ ਕੰਮ ਵਿੱਚ ਵੀ ਲਾਈ ਜਾ ਸਕਦੀ ਸੀ। ਉਸਨੂੰ ਅਤੇ ਇਮੀਗਰੇਸ਼ਨ ਦੇ ਏਜੰਟ ਜੇ.ਐਚ.ਮੈਕਗਿੱਲ ਨੂੰ ਇਹ ਹਦਾਇਤਾਂ ਸਨ।ਪਰ ਬਹੁਤਾ ਸਮਾਂ ਹਾਪਕਿਨਸਨ ਆਜ਼ਾਦਾਨਾ ਤੌਰ ਤੇ ਹੀ ਕੰਮ ਕਰਦਾ। ਉਸਨੇ ਆਪਣਾ ਧਿਆਨ ਵੈਨਕੂਵਰ ਦੀ ਭਾਰਤੀ ਕਮਿਊਨਟੀ ਦੇ ਨੇਤਾਂਵਾਂ ਉਪਰ ਕੇਂਦਰਿਤ ਕਰ ਦਿੱਤਾ। ਉਹ ਉਹਨਾ ਵੱਲੋਂ ਛਾਪਿਆ ਜਾਂਦਾ ਸਾਹਿਤ ਇਕੱਠਾ ਕਰਨ, ਪਬਲਿਕ ਵਿੱਚ ਕੀਤੀਆਂ ਗੱਲਾਂਬਾਤਾਂ ਦਾ ਰੀਕਾਰਡ ਰੱਖਣ, ਉਹਨਾ ਦੀ ਡਾਕ ਦੀ ਤਾੜ ਰੱਖਣ ਅਤੇ ਕਦੇ ਕਦੇ ਡਾਕ ਰੋਕਣ ਅਤੇ ਉਹਨਾ ਦੇ ਆਉਣ ਜਾਣ ਦਾ ਪੂਰਾ ਭੇਤ ਰੱਖਣ ਲੱਗਾ। ਨਿਊਯਾਰਕ ਨੂੰ ਭੇਜੇ 20 ਡਾਲਰਾਂ ਦੇ ਮਨੀਆਰਡਰ ਵਰਗੀ ਆਮ ਜਿਹੀ ਗੱਲ ਹਾਪਕਿਨਸਨ ਲਈ ਬਹੁਤ ਵੱਡੀ ਗੱਲ ਸੀ। ਹਾਪਕਿਨਸਨ ਜਿੰਨੀ ਸਮੱਗਰੀ ਇਕੱਠੀ ਕਰ ਸਕਦਾ ਕਰਦਾ ਅਤੇ ਉਸਦੀ ਰੀਪੋਰਟ ਡਿਪਟੀ ਮਨਿਸਟਰ ਨੂੰ ਭੇਜਦਾ। ਡਿਪਟੀ ਮਨਿਸਟਰ ਅਗਾਂਹ ਇਕ ਕਾਪੀ ਗਵਰਨਰ ਜਨਰਲ ਨੂੰ ਭੇਜ ਦਿੰਦਾ। ਅਰਲ ਗਰੇਅ ਇਹ ਰੀਪੋਰਟਾਂ ਬੜੀ ਦਿਲਚਸਪੀ ਨਾਲ ਪੜ੍ਹਦਾ। 1909 ਵਿੱਚ ਯੂਕਾਨ ਨੂੰ ਜਾਂਦਾ ਹੋਇਆ ਅਰਲ ਗਰੇਅ ਜਦੋਂ ਵੈਨਕੂਵਰ ਰੁੱਕਿਆ ਤਾਂ ਉਸ ਹਾਪਕਿਨਸਨ ਨਾਲ ਡੇਢ ਘੰਟੇ ਦੀ ਮੁਲਾਕਾਤ ਕੀਤੀ। ਉਸਨੇ ਇਹ ਇੱਛਾ ਜਾਹਿਰ ਕੀਤੀ ਕਿ ਜਿੰਨਾ ਸਮਾਂ ਉਹ ਉੱਤਰ ਵੱਲ ਹੈ, ਉਨਾ ਚਿਰ ਹਾਪਕਿਨਸਨ 'ਸਕੈਗਵੇ' ਰਾਹੀਂ ਉਸਨੂੰ ਰੀਪੋਰਟਾਂ ਭੇਜਦਾ ਰਹੇ। ਬਾਅਦ ਵਿੱਚ ਛੇਤੀਂ ਹੀ ਉਸਨੇ ਹਾਪਕਿਨਸਨ ਤੋਂ ਇਕ ਰੀਪੋਰਟ ਦੀਆਂ ਤਿੰਨ ਤਿੰਨ ਕਾਪੀਆਂ ਭੇਜਣ ਦੀ ਮੰਗ ਕੀਤੀ। ਇਕ ਆਪਣੇ ਲਈ, ਇਕ ਹੋਮ ਸਰਕਾਰ ਲਈ ਅਤੇ ਇਕ ਔਟਵਾ ਵਿੱਚ ਸਥਿੱਤ ਮਿਲਟਰੀ ਇਨਟੈਲੀਜੈਂਸ ਦੇ ਡਾਇਰੈਕਟਰ ਲਈ। ਭਾਰਤ ਵਿੱਚ ਕਰਿਮਨਲ ਇਨਟੈਲੀਜੈਂਸ ਵਿਭਾਗ ਦੀਆਂ ਫਾਈਲਾਂ ਵਿੱਚ ਇਹ ਸਮੱਗਰੀ ਦੋ ਰਸਤਿਆਂ ਰਾਹੀਂ ਪੁੱਜਦੀ। ਗਵਰਨਰ ਜਨਰਲ ਇਹ ਰੀਪੋਰਟਾਂ ਲੰਡਨ ਸਥਿੱਤ ਕਲੋਨੀਅਲ ਆਫਿਸ ਅਤੇ ਇੰਡੀਆ ਆਫਿਸ ਰਾਹੀਂ ਬਾਕਾਇਦਗੀ ਨਾਲ ਵਾਇਸਰਾਏ ਨੂੰ ਭੇਜਦਾ। ਕਦੇ ਕਦੇ ਇਹ ਰੀਪੋਰਟਾਂ ਔਟਵਾ ਦੇ ਮਿਲਟਰੀ ਇਨਟੈਲੀਜੈਂਸ ਦਫਤਰ ਰਾਹੀਂ ਸ਼ਿਮਲੇ ਵਿੱਚ ਇਨਟੈਲੀਜੈਂਸ ਮਹਿਕਮੇ ਦੇ ਦਫਤਰ ਨੂੰ ਵੀ ਭੇਜੀਆਂ ਜਾਂਦੀਆਂ।

ਜੇ ਲੋੜ ਪਵੇ ਤਾਂ ਹਾਪਕਿਨਸਨ ਗਵਰਨਰ ਜਨਰਲ ਦੇ ਦਫਤਰ ਦੇ ਵਸੀਲੇ ਵਰਤ ਸਕਦਾ ਸੀ। ਉਸ ਵੱਲੋਂ ਕੀਤੀ ਜਾਂਦੀ ਬੇਨਤੀ ਉਪਰ ਗਵਰਨਰ ਜਨਰਲ ਦੇ ਦਫਤਰ ਵੱਲੋਂ ਗਰਮਜੋਸ਼ੀ ਅਤੇ ਫੁਰਤੀ ਨਾਲ ਅਮਲ ਕੀਤਾ ਜਾਂਦਾ ਸੀ। ਹਸਨ ਰਹੀਮ, ਜੋ ਬਾਅਦ ਵਿੱਚ ਵੈਨਕੂਵਰ ਵਿੱਚ ਭਾਰਤੀ ਕਮਿਊਨਟੀ ਦੇ ਲੀਡਰ ਵੱਜੋਂ ਉੱਭਰਿਆ, ਹਨਾਲੂਲੂ ਅਤੇ ਜਾਪਾਨ ਰਾਹੀਂ ਹੁੰਦਾ ਹੋਇਆ 1910 ਵਿੱਚ ਕੈਨੇਡਾ ਪਹੁੰਚਿਆ। ਕੈਨੇਡਾ ਆਉਣ ਤੋਂ ਪਹਿਲਾਂ ਰਹੀਮ ਜਾਪਾਨ ਵਿੱਚ ਬਰਮਾ ਐਂਡ ਕੰਪਨੀ ਨਾ ਦੀ ਫਰਮ ਵਿੱਚ ਮੈਨੇਜਰ ਸੀ। ਹਾਪਕਿਨਸਨ ਦੀ ਬੇਨਤੀ ਤੇ ਗਵਰਨਰ ਜਨਰਲ ਨੇ ਜਾਪਾਨ ਵਿੱਚ ਇੰਗਲੈਂਡ ਦੇ ਰਾਜਦੂਤ ਤੋਂ ਰਹੀਮ ਦੀਆਂ ਉਥੋਂ ਦੀਆਂ ਸਰਗਰਮੀਆਂ ਬਾਰੇ ਰੀਪੋਰਟਾਂ ਮੰਗਵਾਈਆਂ। ਜਦੋਂ ਗੁਰਾਂਦਿੱਤਾਂ ਕੁਮਾਰ (ਜਿਸਦੇ ਕਾਰਡ ਉਪਰ 'ਪੰਜਾਬੀ ਬੋਧੀ', 'ਸਵੈ ਸੰਜਮ' ਅਤੇ 'ਸ਼ਾਕਾਹਾਰੀ ਜੀਵਨ' ਦਾ ਪ੍ਰਚਾਰਕ ਲਿਖਿਆ ਸੀ) ਬਾਰੇ ਜਾਣਕਾਰੀ ਦੀ ਲੋੜ ਸੀ ਤਾਂ ਹਾਪਕਿਨਸਨ ਨੇ ਉਸ ਬਾਰੇ ਕਲਕੱਤਾ ਦੇ ਪੋਲੀਸ ਕਮਿਸ਼ਨਰ ਨੂੰ ਲਿਖਿਆ। ਜਦੋਂ ਉਹ ਤੇਜਾ ਸਿੰਘ ਬਾਰੇ ਜਾਨਣਾ ਚਾਹੁੰਦਾ ਸੀ ਕਿ ਉਹ ਇੰਗਲੈਂਡ ਵਿੱਚ ਕੀ ਕਰ ਰਿਹਾ ਹੈ ਤਾਂ ਹਾਪਕਿਨਸਨ ਨੇ ਸਕਾਟਲੈਂਡ ਯਾਰਡ ਕੋਲ ਉਸ ਉਪਰ ਨਿਗ੍ਹਾ ਰੱਖਣ ਦਾ ਪ੍ਰਸਤਾਵ ਰੱਖਿਆ।

ਤੇਜਾ ਸਿੰਘ ਇਕ ਖੱਤਰੀ ਸਿੱਖ ਸੀ ਜੋ ਨਿਊਯਾਰਕ ਅਤੇ ਮਾਂਟਰੀਅਲ ਹੁੰਦਾ ਹੋਇਆ ਸਤੰਬਰ 1908 ਵਿੱਚ ਵੈਨਕੂਵਰ ਪਹੁੰਚਿਆ। ਛੇਤੀਂ ਹੀ ਉਹ ਵੈਨਕੂਵਰ ਦੀ ਸਿੱਖ ਕਮਿਊਨਟੀ ਵਿੱਚ ਇਕ ਲੀਡਰ ਦਾ ਰੋਲ ਅਦਾ ਕਰਨ ਲੱਗਾ ਅਤੇ 1909-10 ਵਿੱਚ ਹਾਪਕਿਨਸਨ ਦੇ ਧਿਆਨ ਦਾ ਕੇਂਦਰ ਬਣਿਆ। ਪੰਜਾਬ ਸਰਕਾਰ ਅਨੁਸਾਰ ਉਹ ਗੁਜਰਾਂਵਾਲਾ ਦਾ ਰਹਿਣ ਵਾਲਾ ਸੀ ਅਤੇ ਉਸਨੇ ਗੌਰਮਿੰਟ ਕਾਲਜ ਲਾਹੌਰ ਤੋਂ ਗਰੈਜੁਏਸ਼ਨ ਅਤੇ ਪੰਜਾਬ ਯੂਨੀਵਰਸਿਟੀ ਤੋਂ ਐਮ.ਏ. ਪਾਸ ਕੀਤੀ ਸੀ। ਉਹਨੇ ਕਾਨੂੰਨ ਦਾ ਇੰਟਰਮੀਡੀਏਟ ਇਮਤਿਹਾਨ ਵੀ ਪਾਸ ਕੀਤਾ ਸੀ। ਉਸਨੇ ਜਿਲਾ ਸ਼ਾਹਪੁਰ ਦੇ ਇਕ ਸਕੂਲ ਵਿੱਚ ਹੈੱਡ ਮਾਸਟਰ ਦੇ ਤੌਰ 'ਤੇ ਅਤੇ ਖਾਲਸਾ ਕਾਲਜ

ਅਮ੍ਰਿਤਸਰ ਵਿੱਚ (ਜਿੱਥੇ ਉਹ ਆਰਜ਼ੀ ਤੌਰ ਉਪਰ ਪ੍ਰਿੰਸੀਪਲ ਲੱਗਾ ਹੋਇਆ ਸੀ) ਕੁੱਝ ਸਮਾਂ ਪੜਾਇਆ। ਕੁੱਝ ਸਮਾਂ ਉਸਨੇ ਰਾਵਲਪਿੰਡੀ ਵਿੱਚ ਵਕਾਲਤ ਵੀ ਕੀਤੀ।ਉਸਦੇ ਪਿਤਾ ਜੀ ਜੋ ਹਸਪਤਾਲ ਵਿੱਚ ਸਹਾਇਕ ਸਰਜਨ ਜਾਂ ਹਸਪਤਾਲ ਸਹਾਇਕ ਦੇ ਤੌਰ ਉਪਰ ਕੰਮ ਕਰਦੇ ਸਨ ਆਪਣੀ ਮੌਤ ਸਮੇਂ ਉਹਦੇ ਲਈ ਚੰਗੀ ਜਾਇਦਾਦ ਛੱਡ ਗਏ ਸਨ। ਫਿਰ ਉਹ ਕੈਂਬਰਿਜ ਵਿੱਚ ਕੁਦਰਤੀ ਵਿਗਿਆਨ ਦੀ ਉੱਚ ਵਿਦਿਆ ਪ੍ਰਾਪਤ ਕਰਨ ਚਲੇ ਗਿਆ ਅਤੇ 1908 ਦੀਆਂ ਗਰਮੀਆਂ ਵਿੱਚ ਉਹ ਉੱਤਰੀ ਅਮਰੀਕਾ ਵਿੱਚ ਆ ਗਿਆ। ਭਾਵੇਂ ਉਹਨੇ ਅਜੇ ਕੈਂਬਰਿਜ ਦਾ ਇਮਤਿਹਾਨ ਨਹੀਂ ਦਿੱਤਾ ਸੀ ਫਿਰ ਵੀ ਉਹਨੂੰ ਕੋਲੰਬੀਆ ਯੂਨੀਵਰਸਟੀ ਵਿੱਚ ਇਕ ਗਰੈਜੂਏਟ ਵਿਦਿਆਰਥੀ ਦੇ ਤੌਰ ਉਪਰ ਦਾਖਲਾ ਮਿਲ ਗਿਆ। ਉਹਦੀਆਂ ਸਿਆਸੀ ਗਤੀਵਿੱਧੀਆਂ ਬਾਰੇ ਭਾਰਤ ਸਰਕਾਰ ਦੇ ਰਲੇ ਮਿਲੇ ਪ੍ਰਭਾਵ ਸਨ।ਉਸਨੇ ਇਥੇ ਕੋਈ ਵੀ ਅਜਿਹਾ ਬਿਆਨ ਨਹੀਂ ਦਿੱਤਾ ਸੀ ਜਿਸ ਅਨੁਸਾਰ ਇਹ ਕਿਹਾ ਜਾ ਸਕੇ ਕਿ ਉਹ ਇੰਤਹਾਪਸੰਦ ਸੀ। ਵੈਨਕੂਵਰ ਵਿੱਚ ਉਹਨੇ ਲੈਕਚਰਾਂ ਦੀ ਇਕ ਲੜੀ ਪੇਸ਼ ਕੀਤੀ। ਇਹਨਾ ਲੈਕਚਰਾਂ ਦਾ ਵਿਸ਼ਾ ਅਧਿਆਤਮਵਾਦੀ (ਬੁੱਧ ਧਰਮ ਦੇ ਅਸੂਲ) ਸੀ। ਪਰ ਹਾਪਕਿਨਸਨ ਦੀਆਂ ਨਜ਼ਰਾਂ ਵਿੱਚ ਉਹ ਇਕ ਰਾਜ ਪਲਟਾਊ ਸੀ। 1910 ਵਿੱਚ ਛੇ ਮਹੀਨੇ ਬਾਹਰ ਲਾਕੇ ਤੇਜਾ ਸਿੰਘ ਵੈਨਕੂਵਰ ਪਰਤਿਆ। ਹਾਪਕਿਨਸਨ ਨੂੰ ਪਤਾ ਲੱਗਾ ਕਿ ਤੇਜਾ ਸਿੰਘ ਗਾਂਧੀ ਨੂੰ ਮਿਲਿਆ ਸੀ। ਹਾਪਕਿਨਸਨ ਨੇ ਆਪਣੀ ਰੀਪੋਰਟ ਵਿੱਚ ਲਿਖਿਆ ,"ਗਾਂਧੀ ਸਾਊਥ ਅਫਰੀਕਾ ਵਿੱਚ ਇਕ ਮਸ਼ਹੂਰ ਵਿਅਕਤੀ ਹੈ। ਇਹ ਵੀ ਪਤਾ ਲੱਗਾ ਹੈ ਕਿ ਗਾਂਧੀ ਦਾ ਸਬੰਧ ਉਥੋਂ ਦੀ ਹਿੰਦੂ ਸੱਮਸਿਆ ਨਾਲ ਹੈ ਅਤੇ ਮੇਰੀ ਜਾਣਕਾਰੀ ਅਨੁਸਾਰ ਇਸ ਸਮੇਂ ਉਹ ਉਥੇ ਜਿਹਲ ਭੁਗਤ ਰਿਹਾ ਹੈ।"

ਹੋਰ ਲੋਕ ਜਿਨਾ ਦੀ ਹਾਪਕਿਨਸਨ ਸੂਹ ਰਖਦਾ ਸੀ ਉਹ ਸਨ: ਮਿੱਲ ਵਰਕਰ ਅਤੇ ਵੈਨਕੂਵਰ ਗੁਰਦੁਆਰੇ ਦਾ ਗ੍ਰੰਥੀ ਬਲਵੰਤ ਸਿੰਘ, ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਭਾਗ ਸਿੰਘ, ਵਿਕਟੋਰੀਆ ਤੋਂ ਨਿਕਲਦੇ ਪੇਪਰ ਆਰੀਯਨ ਦਾ ਸੰਪਾਦਕ ਡਾ: ਸੁੰਦਰ ਸਿੰਘ, ਬਿਹਾਰੀ ਲਾਲ ਵਰਮਾ, ਹਰਨਾਮ ਸਿੰਘ, ਸੁਰਿੰਦਰ ਮੋਹਨ ਬੋਸ(ਇਹ ਤਿੰਨੇ ਵਿਦਿਆਰਥੀ ਸਨ) ਅਤੇ ਕਈ ਹੋਰ ਲੋਕ ਜੋ ਅਮਰੀਕਾ ਦੇ ਕਾਲਜਾਂ ਵਿੱਚ ਪੜ੍ਹਦੇ ਸਨ ਪਰ ਸਮੇਂ ਸਮੇਂ ਵੈਨਕੂਵਰ ਆਉਂਦੇ ਜਾਂਦੇ ਰਹਿੰਦੇ ਸਨ। ਤੇਜਾ ਸਿੰਘ ਤੋਂ ਬਿਨਾ ਜਿਸ ਵਿਅਕਤੀ ਉਪਰ ਹਾਪਕਿਨਸਨ ਕੜੀ ਨਜ਼ਰ ਰਖਦਾ ਸੀ ਉਹ ਸੀ ਇਕ ਬੰਗਾਲੀ,ਤਾਰਕਨਾਥ ਦਾਸ ਜੋ ਸਿਆਟਲ ਦੀ ਯੂਨੀਵਰਸਟੀ ਆਫ ਵਸ਼ਿੰਗਟਨ ਵਿੱਚ ਵਿਦਿਆਰਥੀ ਸੀ। ਉਹ ਕਲਕੱਤਾ ਯੂਨੀਵਰਸਟੀ ਤੋਂ ਗਰੈਜੂਏਟ ਸੀ ਅਤੇ ਸੰਨ 1906 ਵਿੱਚ ਵੈਨਕੂਵਰ ਆਇਆ ਸੀ।ਥੋੜ੍ਹਾ ਸਮਾਂ ਉਹਨੇ ਵੈਨਕੂਵਰ ਸਥਿੱਤ ਅਮਰੀਕਾ ਦੇ ਇਮੀਗਰੇਸ਼ਨ ਦਫਤਰ ਵਿੱਚ ਦੁਭਾਸ਼ੀਏ ਦਾ ਕੰਮ ਕੀਤਾ। 1908 ਵਿੱਚ ਉਸਨੇ ਸਿੱਖ ਅਵਾਸੀਆਂ ਲਈ ਇਕ ਸਕੂਲ ਖੋਲਿਆ। ਇਹ ਸਕੂਲ ਹਾਪਕਿਨਸਨ ਵੱਲੋਂ ਭੇਤ ਖੋਲਣ ਤੇ ਅਧਿਕਾਰੀਆਂ ਨੇ ਬੰਦ ਕਰਵਾ ਦਿੱਤਾ। ਤਾਰਕਨਾਥ ਦਾਸ ਵਿਰੁੱਧ ਸ਼ੱਕ ਦਾ ਮੁੱਦਾ ਸੀ ਕਿ ਉਹ ਅਰਬਿੰਦੋ ਘੋਸ਼ ਅਤੇ ਸੁਰਿੰਦਰ ਨਾਥ ਬੈਨਰਜੀ ਨੂੰ ਜਾਣਦਾ ਸੀ। ਅਰਬਿੰਦੋ ਘੋਸ਼ ਨੈਸ਼ਨਲ ਕਾਲਜ ਕਲਕੱਤਾ ਵਿੱਚ ਇਤਿਹਾਸ ਅਤੇ ਰਾਜਨੀਤੀ ਦੇ ਪ੍ਰੋਫੈਸਰ ਸਨ। ਉਹਨਾ ਉਪਰ ਵਿਦਰੋਹੀ ਪੱਤਰਕਾਰੀ ਦਾ ਮੁਕੱਦਮਾ ਚਲਾਇਆ ਗਿਆ ਸੀ ਜਿਸ ਵਿੱਚੋਂ ਉਹ ਬਰੀ ਹੋ ਗਏ ਸਨ। ਸੁਰਿੰਦਰ ਨਾਥ ਬੈਨਰਜੀ 'ਦੀ ਬੰਗਾਲੀ' ਰਸਾਲੇ ਦੇ ਸੰਪਾਦਕ ਸਨ ਅਤੇ 1905 ਵਿੱਚ ਬੰਗਾਲ ਦੀ ਵੰਡ ਵਿਰੁੱਧ ਇਕ ਸ਼ਕਤੀਸ਼ਾਲੀ ਆਵਾਜ਼ ਸਨ। ਇਹਨਾਂ ਨੂੰ ਜਾਨਦਾ ਹੋਣ ਤੋਂ ਬਿਨਾ ਹਾਪਕਿਨਸਨ ਦਾ ਤਾਰਕਨਾਥ ਦਾਸ ਵਿਰੁੱਧ ਹੋਣ ਦਾ ਇਕ ਹੋਰ ਕਾਰਨ ਤਾਰਕਨਾਥ ਵੱਲੋਂ 1908-10 ਵਿਚਕਾਰ ਛਾਪੇ ਜਾਂਦੇ ਰਸਾਲੇ 'ਫਰੀ ਹਿੰਦੁਸਤਾਨ' ਵਿੱਚ ਛਪਦੀ ਸੱਮਗਰੀ ਸੀ। ਤਾਰਕਨਾਥ ਦਾਸ ਇਸ ਰਸਾਲੇ ਦੇ ਹਰ ਸਫੇ ਉੱਤੇ ਭਾਰਤ ਵਿੱਚ ਅੰਗਰੇਜ਼ਾਂ ਦੇ ਰਾਜ ਵਿਰੁੱਧ ਹਮਲੇ ਕਰਦਾ ਅਤੇ ਭਾਰਤ ਤੋਂ ਬਾਹਰ ਅੰਗਰੇਜ਼ਾਂ ਦੀਆਂ ਬਸਤੀਆਂ ਵਿੱਚ ਹਿੰਦੁਸਤਾਨੀਆਂ ਨਾਲ ਹੁੰਦੇ ਦੁਰਵਿਹਾਰ ਵੱਲ ਧਿਆਨ ਦਿਵਾਉਂਦਾ।

ਇਹ ਵਿਅਕਤੀ ਜਿਨਾ ਪਿੱਛੇ ਹਾਪਕਿਨਸਨ ਲੱਗਾ ਹੋਇਆ ਸੀ ਲਗਾਤਾਰ ਆਪਣੇ ਟਿਕਾਣੇ ਬਦਲਦੇ ਰਹਿੰਦੇ। ਆਪਣੀ ਨੌਕਰੀ ਦੇ ਪਹਿਲੇ ਦੋ ਢਾਈ ਸਾਲ ਹਾਪਕਿਨਸਨ ਉਹਨਾ ਦੇ ਮੁਕਾਬਲੇ ਇਕ ਹੀ ਥਾਂ ਟਿਕਿਆ ਰਿਹਾ। ਨਵੰਬਰ ਦਸੰਬਰ 1909 ਵਿੱਚ ਉਹਨੇ ਲੋਅਰ ਫਰੇਜ਼ਰ ਵੈਲੀ ਅਤੇ ਕੂਟਨੀਜ਼ ਦਾ ਗੇੜਾ ਕੱਢਿਆ। ਬਾਅਦ ਵਿੱਚ ਉਹਨੇ ਕਿਤੇ ਕਿਤੇ ਇਨਟੀਰਿਅਰ ਦੇ ਚੱਕਰ ਮਾਰੇ ਪਰ ਜਿਆਦਾ ਸਮਾਂ ਉਹ ਵੈਨਕੂਵਰ ਅਤੇ ਵਿਕਟੋਰੀਆ ਵਿੱਚ ਹੀ ਰਿਹਾ। ਇਸ ਨਾਲ ਉਹ ਸੰਤੁਸ਼ਟ ਨਹੀਂ ਸੀ।1910 ਵਿੱਚ ਉਹ ਸਿਆਟਲ ਨੂੰ ਇਨਕਲਾਬੀਆਂ ਦਾ ਮੁੱਖ ਅੱਡਾ ਸਮਝਦਾ ਸੀ। ਉਥੇ ਤਾਰਕਨਾਥ ਦਾਸ ਅਤੇ ਉਸਦੇ ਸਾਥੀ ਗ੍ਰਿਫਤਾਰੀ ਦੇ ਡਰ ਤੋਂ ਬਿਨਾ ਆਪਣਾ ਕੰਮ ਕਰ ਸਕਦੇ ਸਨ।ਉਸ ਅਨੁਸਾਰ,"ਜੇ ਪੂਰੀ ਸਾਵਧਾਨੀ ਅਤੇ ਪਕਿਆਈ ਨਾਲ ਜਾਂਚ ਪੜਤਾਲ ਕੀਤੀ ਜਾਵੇ ਤਾਂ ਬਿਨਾ ਸ਼ੱਕ ਇਸਦੇ ਸਬੂਤ ਮਿਲ ਸਕਦੇ ਸਨ..."।

1911 ਦੀ ਜੂਨ ਤੋਂ ਬਾਅਦ ਹਾਪਕਿਨਸਨ ਦੇ ਜਾਂਚ ਪੜਤਾਲ ਦੇ ਘੇਰੇ ਵਿੱਚ ਹੋਰ ਵਾਧਾ ਹੋ ਗਿਆ। ਉਸਨੂੰ ਆਪਣੇ ਸੂਹੀਆਂ ਤੋਂ ਖਬਰ ਮਿਲੀ ਕਿ ਤਾਰਕਨਾਥ ਦਾਸ ਅਮਰੀਕਾ ਦੀ ਸਿਟੀਜ਼ਨਸ਼ਿੱਪ ਲਈ ਦਿੱਤੀ ਅਰਜ਼ੀ ਦੀ ਪੈਰਵਾਈ ਤੇਜ਼ੀ ਨਾਲ ਕਰ ਰਿਹਾ ਸੀ। ਅਰਜ਼ੀ ਪਿਛਲੇ ਕੁੱਝ ਸਮੇਂ ਤੋਂ ਵਿੱਚੇ ਲਮਕ ਰਹੀ ਸੀ। ਇਸ ਹੀ ਸਮੇਂ ਸਿਆਟਲ ਵਿੱਚ ਹੋਈ ਇਕ ਮੀਟਿੰਗ ਬਾਰੇ ਅਫਵਾਹ ਉੱਡੀ ਹੋਈ ਸੀ ਕਿ ਇਸ ਮੀਟਿੰਗ ਵਿੱਚ ਤਾਰਕਨਾਥ ਦਾਸ ਅਤੇ ਕੁਮਾਰ ਨੂੰ ਵਾਪਸ ਭਾਰਤ ਭੇਜਣ ਦਾ ਫੈਸਲਾ ਲਿਆ ਗਿਆ ਸੀ। ਹਾਪਕਿਨਸਨ ਅਨੁਸਾਰ ਕਿ ਇਸ ਪਿਛੇ ਇਕੋ ਹੀ ਉਦੇਸ਼ ਹੋ ਸਕਦਾ ਸੀ। ਤਾਰਕਨਾਥ ਦਾਸ ਅਮਰੀਕਨ ਨਾਗਰਿਕਤਾ ਦੀ ਸੁਰੱਖਿਆ ਹੇਠ ਭਾਰਤ ਜਾ ਕੇ ਦਸੰਬਰ ਵਿੱਚ ਕਿੰਗ ਜਾਰਜ ਪੰਜਵੇਂ ਅਤੇ ਕੁਈਨ ਮੈਰੀ ਦੀ ਭਾਰਤ ਫੇਰੀ ਦੌਰਾਨ ਸ਼ਾਹੀ ਦਰਬਾਰ ਸਮੇਂ ਸ਼ਾਂਤੀ ਭੰਗ ਕਰਨਾ ਚਾਹੁੰਦਾ ਸੀ। ਚਿਤਾਵਨੀ ਵਸ ਅਰਲ ਗਰੇਅ ਨੇ ਇਸ ਬਾਰੇ ਕਲੋਨੀਅਲ ਆਫਿਸ ਨੂੰ ਤਾਰ ਪਾਈ। ਗਰਮੀਆਂ ਹੋਣ ਕਾਰਨ ਇੰਡੀਆ ਆਫਿਸ ਅਤੇ ਕਲੋਨੀਅਲ ਆਫਿਸ ਦੀ ਦਫਤਰਸ਼ਾਹੀ ਰਾਹੀਂ ਹੁੰਦਿਆਂ ਹੋਇਆਂ ਇਸ ਸੁਨੇਹੇ ਨੂੰ ਆਪਣੇ ਟਿਕਾਣੇ ਪਹੁੰਚਣ ਲਈ ਕਈ ਹਫਤੇ ਲੱਗੇ। ਪਰ ਸਤੰਬਰ ਤੱਕ ਇਹ ਮਸਲਾ ਬਹੁਤ ਜ਼ਰੂਰੀ ਅਤੇ ਤੱਤਕਾਲੀਨ ਬਣ

ਚੁੱਕਾ ਸੀ। ਹਾਪਕਿਨਸਨ ਨੂੰ ਇਸ ਬਾਰੇ ਹੋਰ ਜਾਣਕਾਰੀ ਹਾਸਲ ਕਰਨ ਲਈ ਕਿਹਾ ਗਿਆ ਜਿਹੜੀ ਤਾਰਕਨਾਥ ਦਾਸ ਦੀ ਅਰਜ਼ੀ ਰੁਕਵਾਉਣ ਲਈ ਅਮਰੀਕਨਾ ਨਾਲ 'ਡਿਪਲੋਮੈਟਿਕ' ਗਲਬਾਤ ਸਮੇਂ ਵਰਤੀ ਜਾ ਸਕੇ। ਹਾਪਕਿਨਸਨ ਨੇ ਇਸਦਾ ਜੁਆਬ ਦਿੱਤਾ ਕਿ ਉਹ ਅਜਿਹਾ ਤਾਂ ਹੀ ਕਰ ਸਕਦਾ ਹੈ ਜੇ ਉਸਨੂੰ ਬਾਰਡਰ ਦੇ ਪਾਰ ਜਾ ਸਿਆਟਲ, ਪੋਰਟਲੈਂਡ, ਸਾਨਫਰਾਂਸਿਸਕੋ, ਬਰਕਲੇ, ਅਤੇ ਸਟਾਕਟਨ ਵਰਗੇ ਸ਼ਹਿਰਾਂ ਵਿੱਚ ਜਾਕੇ ਜਾਂਚ-ਪੜਤਾਲ ਕਰਨ ਦੀ ਆਗਿਆ ਦਿੱਤੀ ਜਾਵੇ। ਇਹਨਾਂ ਸ਼ਹਿਰਾਂ ਵਿੱਚ ਵੱਡੀ ਗਿਣਤੀ ਵਿੱਚ ਭਾਰਤੀ ਰਹਿੰਦੇ ਸਨ ਅਤੇ ਤਾਰਕਨਾਥ ਦਾਸ ਇਥੇ ਆਮ ਆਇਆ ਜਾਇਆ ਕਰਦਾ ਸੀ। ਹਾਪਕਿਨਸਨ ਨੇ ਇਹ ਵੀ ਕਿਹਾ ਕਿ ਇਹ ਕੰਮ ਉਸਨੂੰ ਆਪ ਕਰਨਾ ਪਵੇਗਾ ਕਿਉਂ ਕਿ ਉਸ ਸਮੇਂ ਅਜਿਹਾ ਕੋਈ ਪੜ੍ਹਿਆ ਲਿਖਿਆ ਭਾਰਤੀ ਨਹੀਂ ਸੀ ਜਿਸ ਉਪਰ ਉਹ ਯਕੀਨ ਕਰ ਸਕੇ। ਅਰਲ ਗਰੇਅ ਦੀਆਂ ਹਿਦਾਇਤਾਂ ਨਾਲ ਇਸਦੀ ਇਜਾਜ਼ਤ ਇਕ ਦਮ ਮਿਲ ਗਈ। ਉਸਨੂੰ ਇਕਦਮ ਜਾਣ ਲਈ ਕਿਹਾ ਗਿਆ। ਉਹ ਸ਼ਾਂਤ ਮਹਾਂਸਾਗਰ ਦੇ ਕੰਢੇ ਦੇ 19 ਦਿਨਾ ਦੇ ਦੌਰੇ ਲਈ ਰਵਾਨਾ ਹੋ ਗਿਆ।

ਸਿਆਟਿਲ ਜਾ ਉਹ ਸਿੱਧਾ ਅਮਰੀਕਾ ਦੇ ਇਮੀਗਰੇਸ਼ਨ ਦੇ ਦਫਤਰ ਗਿਆ ਅਤੇ ਉਸ ਇੰਸਪੈਕਟਰ ਨੂੰ ਮਿਲਿਆ ਜੋ ਉਥੋਂ ਦੀ ਭਾਰਤੀ ਕਮਿਊਨਟੀ ਬਾਰੇ ਬਹੁਤਾ ਜਾਣਦਾ ਸੀ। ਇਸੇ ਤਰ੍ਹਾਂ ਸਾਨਫਰਾਂਸਿਸਕੋ ਜਾਕੇ ਉਹ ਇਮੀਗਰੇਸ਼ਨ ਇਨਸਪੈਕਟਰ ਏ.ਐਚ.ਏਨਸਵਰਥ ਨੂੰ ਮਿਲਿਆ ਜੋ ਭਾਰਤੀ ਇਮੀਗਰੇਸ਼ਨ ਨਾਲ ਸੰਬਧਤ ਸੀ। ਏਨਸਵਰਥ ਨੇ ਬਰਕਲੇ ਅਤੇ ਸਟੈਨਫੋਰਡ ਦੀਆਂ ਯੂਨੀਵਰਸਿਟੀਆਂ ਦੇ ਵਿਦਆਰਥੀਆਂ ਦੀਆਂ ਸਰਗਰਮੀਆਂ ਦੀ ਰਹੱਸਮਈ ਤਸਵੀਰ ਪੇਸ਼ ਕੀਤੀ ਅਤੇ ਇਸ ਬਾਰੇ ਬ੍ਰਿਟਿਸ਼ ਸਰਕਾਰ ਦੀ ਬੇਧਿਆਨੀ ਉੱਪਰ ਹੈਰਾਨੀ ਜ਼ਾਹਿਰ ਕੀਤੀ। ਇਮੀਗਰੇਸ਼ਨ ਦਫਤਰ ਤੋਂ ਸਿੱਧਾ ਉਹ ਏਸ਼ੀਅਨਾਂ ਨੂੰ ਬਾਹਰ ਕੱਢਣ ਲਈ ਬਣੀ ਲੀਗ(Asiatic Exclusion League) ਦੇ ਦਫਤਰ ਗਿਆ। ਉੱਥੇ ਉਸਨੇ ਕੁੱਝ ਸਮਾਂ ਉਨਾ ਦੀ ਅਖਬਾਰਾਂ ਦੀਆਂ 'ਕੱਟਿਕੰਗ' ਦੀ ਫਾਇਲਾਂ ਦੇਖਦਿਆਂ ਲੰਘਾਇਆ। ਸਾਨਫਰਾਂਸਿਸਕੋ ਵਿਚ ਉਸਨੂੰ ਸਵਾਮੀ ਤ੍ਰਿਗਨਤੀ ਨਾ ਦਾ ਇਕ ਮੁੱਖਬਰ ਵੀ ਮਿਲ ਗਿਆ। ਸਵਾਮੀ ਤ੍ਰਿਗਨਤੀ ਸਾਨਫਰਾਂਸਿਸਕੋ ਦੀ ਵੇਦਾਂਤਕ ਸੁਸਾਇਟੀ ਵਿੱਚ ਅਧਿਆਪਕ, ਵੈਬਸਟਰ ਸਟਰੀਟ ਉਪਰ ਸਥਿੱਤ ਹਿੰਦੂ ਮੰਦਿਰ ਦਾ ਪੁਜਾਰੀ, ਅਤੇ ਸਵਾਮੀ ਵਿਵੇਕਾਨੰਦ ਦਾ ਚੇਲਾ ਸੀ ਅਤੇ ਕਲਕੱਤੇ ਦੇ ਵਿਵੇਕਾਨੰਦ ਰਾਮਾਕ੍ਰਿਸ਼ਨਾ ਮਿਸ਼ਨ ਨਾਲ ਸਬੰਧਤ ਸੀ। ਤਾਰਕਨਾਥ ਦਾਸ ਵੇਦਾਂਤਕ ਸੁਸਾਇਟੀ ਦਾ ਮੈਂਬਰ ਬਣਿਆ ਸੀ ਅਤੇ ਕੁੱਝ ਚਿਰ ਸਵਾਮੀ ਤ੍ਰਿਗਨਤੀ ਨਾਲ ਰਿਹਾ ਸੀ। ਪਰ ਸਵਾਮੀ ਉਸਨੂੰ ਪਸੰਦ ਨਹੀਂ ਕਰਦਾ ਸੀ। ਸਵਾਮੀ ਅਨੁਸਾਰ ਤਾਰਕਨਾਥ ਦਾਸ ਸੁਸਾਇਟੀ ਨੂੰ ਭਾਰਤੀ ਵਿਦਆਰਥੀਆਂ ਅਤੇ ਭਾਰਤੀ ਫਿਲਾਸਫੀ ਵੱਲ ਆਕਰਸ਼ਿਤ ਕੁੱਝ ਗੋਰੀਆਂ ਔਰਤਾਂ ਵਿੱਚੋਂ ਰਾਜਨੀਤਕ ਪੈਰੋਕਾਰ ਪੈਦਾ ਕਰਨ ਲਈ ਵਰਤਦਾ ਸੀ। ਉਨਾ ਵਿੱਚ ਇਸ ਤਰ੍ਹਾਂ ਦਾ ਝਗੜਾ ਸੀ। ਇਸ ਕਰਕੇ ਸਵਾਮੀ ਨੇ ਤਾਰਕਨਾਥ ਦਾਸ ਦਲੋਂ ਪ੍ਰਾਪਤ ਸਾਹਿਤ ਅਤੇ ਖਤਾਂ ਦੀਆਂ ਕਾਪੀਆਂ ਖੁਸ਼ੀ ਖੁਸ਼ੀ ਹਾਪਕਿਨਸਨ ਦੇ ਹਵਾਲੇ ਕਰ ਦਿੱਤੀਆਂ।

ਸਾਨਫਰਾਂਸਿਸਕੋ ਵਿੱਚ ਆਪਣੀ ਰਿਹਾਇਸ਼ ਦੇ ਕੁੱਝ ਚਿਰ ਬਾਅਦ ਉਹ ਬ੍ਰਿਟਿਸ਼ ਕੌਂਸਲ ਜਨਰਲ ਦੇ ਦਫਤਰ ਗਿਆ। ਉੱਥੇ ਜਾ ਉਸਨੂੰ ਪਤਾ ਲੱਗਾ ਕਿ ਕੌਂਸਲ ਜਨਰਲ ਦੇ ਸਟਾਫ ਨੂੰ ਆਪਣੇ ਨੱਕ ਹੇਠਲੇ ਇਸ ਖਤਰੇ(ਜਿਸ ਤਰ੍ਹਾਂ ਉਹ ਸਮਝਦਾ ਸੀ) ਬਾਰੇ ਕੁੱਝ ਪਤਾ ਨਹੀਂ ਸੀ। ਉਹਦੀਆਂ ਰਿਪੋਰਟਾਂ ਨੇ ਇਸ ਵਿਚ ਤਬਦੀਲੀ ਲਿਆਂਦੀ। ਉਸਨੂੰ ਯਕੀਨ ਸੀ ਕਿ ਉਹਨੇਂ ਇੰਨਾਂ ਮਸਾਲਾ ਇੱਕਠਾ ਕਰ ਲਿਆ ਹੈ ਜੋ ਇਹ ਦਰਸਾਉਂਦਾ ਹੈ ਕਿ ਤਾਰਕਨਾਥ ਦਾਸ ਭਾਰਤੀ ਵਿੱਦਿਆਰਥੀਆਂ ਅਤੇ ਮਜਦੂਰਾਂ ਵਿੱਚਕਾਰ ਇਨਕਲਾਬੀ ਪ੍ਰਚਾਰ ਕਰਨ ਵਾਲਾ ਪ੍ਰਮੁੱਖ ਵਿਅਕਤੀ ਸੀ। ਹਾਪਕਿਨਸਨ ਅਨੁਸਾਰ ਇਹ ਜਾਣਕਾਰੀ ਤਾਰਕਨਾਥ ਦਾਸ ਦੀ ਅਮਰੀਕਨ ਨਾਗਰਿਕਤਾ ਲਈ ਦਿੱਤੀ ਅਰਜ਼ੀ ਨੂੰ ਰੱਦ ਕਰਨ ਲਈ ਕਾਫੀ ਸੀ। ਬਰਕਲੇ, ਸਾਨਫਰਾਂਸਿਸਕੋ ਅਤੇ ਸਿਆਟਿਲ ਇਨਕਲਾਬੀ ਅੰਦੋਲਨ ਦੇ ਮੁੱਖ ਕੇਂਦਰ ਸਨ ਅਤੇ ਤਾਰਕਨਾਥ ਦਾਸ ਉਸਦਾ ਨੇਤਾ ਸੀ। ਹਾਪਕਿਨਸਨ ਅਨੁਸਾਰ ਬਰਕਲੇ ਕੈਂਪਸ(ਜਿਥੇ ਸਿਰਫ 36 ਭਾਰਤੀ ਵਿਦਿਆਰਥੀ ਦਾਖਲ ਸਨ) ਇਸ ਖੜਯੰਤਰ ਦਾ ਕੇਂਦਰੀ ਅੱਡਾ ਸੀ। ਇਥੋਂ ਦੇ ਹਾਲਾਤ ਉਸਦੇ ਕਿਆਸ ਨਾਲੋਂ ਵੱਧ ਗੰਭੀਰ ਸਨ। ਉਸਨੇ ਸਿਫਾਰਸ਼ ਕੀਤੀ ਕਿ ਕੌਂਸਲਰ ਸਟਾਫ ਵਿੱਚ ਅਜਿਹੇ ਵਿਅਕਤੀ ਦੀ ਨਿਯੁਕਤੀ ਕੀਤੀ ਜਾਵੇ ਜੋ ਕੈਨੇਡਾ ਅਤੇ ਅਮਰੀਕਾ ਵਿੱਚ ਰਹਿ ਰਹੀ ਭਾਰਤੀ ਕਮਿਊਨਟੀ ਬਾਰੇ ਜਾਣਕਾਰੀ ਰੱਖਦਾ ਹੋਵੇ। ਅਸਲ ਵਿੱਚ ਉਹ ਆਪਣੀ ਨਿਯੁਕਤੀ ਬਾਰੇ ਪ੍ਰਸਤਾਵ ਕਰ ਰਿਹਾ ਸੀ। ਪਰ ਹਾਲ ਦੀ ਘੜੀ ਇਸਦਾ ਕੋਈ ਵੀ ਨਤੀਜਾ ਨਾ ਨਿਕਲਿਆ।

ਅਕਤੂਬਰ 1911 ਵਿੱਚ, ਜਦੋਂ ਹਾਪਕਿਨਸਨ ਅਜੇ ਕੈਲਾਫੋਰਨੀਆਂ ਵਿੱਚ ਹੀ ਸੀ, ਲਾਰਡ ਗਰੇਅ ਦੀ ਗਵਰਨਰ ਜਨਰਲ ਦੀ ਮਿਆਦ ਖਤਮ ਹੋ ਗਈ। ਉਸਦੀ ਥਾਂ 'ਹਿਜ਼ ਰੋਇਲ ਹਾਈਨਸ ਦੀ ਡਿਊਕ ਆਫ ਕਨਾਟ' ਗਵਰਨਰ ਜਨਰਲ ਬਣਕੇ ਆਇਆ। ਇਸ ਨਾਲ ਹਾਪਕਿਨਸਨ ਦੇ ਰੋਲ ਉਪਰ ਕੋਈ ਅਸਰ ਨਹੀਂ ਪਿਆ। ਛੇਤੀਂ ਹੀ ਨਵੇਂ ਗਵਰਨਰ ਜਨਰਲ ਦੀ ਉਸ ਬਾਰੇ ਚੰਗੀ ਰਾਇ ਬਣ ਗਈ ਅਤੇ ਉਹ ਉਸਦੇ ਕੰਮ ਨੂੰ ਕੀਮਤੀ ਸਮਝਣ ਲੱਗਾ। ਫਿਰ ਵੀ ਹਾਪਕਿਨਸਨ ਨੌਕਰੀ ਛੱਡਣ ਬਾਰੇ ਗੱਲਾਂ ਕਰਨ ਲੱਗਾ। ਉਹ ਉਸਨੂੰ ਮਿਲਦੀ ਤਨਖਾਹ ਕਰਕੇ ਨਾ ਖੁਸ਼ ਸੀ। ਉਸਦਾ ਕਹਿਣਾ ਸੀ ਕਿ ਇਹ ਤਨਖਾਹ ਉਸਦੇ ਜ਼ੋਖਿਮ ਭਰੇ ਕੰਮ ਦਾ ਸਹੀ ਮੁੱਲ ਨਹੀਂ ਪਾਉਂਦੀ ਸੀ। ਫਰਵਰੀ 1909 ਤੋਂ ਮਾਰਚ 1912 ਤੱਕ ਉਸਨੂੰ 100 ਡਾਲਰ ਪ੍ਰਤੀ ਮਹੀਨਾ ਮਿਲਦੇ ਸਨ। ਮਾਰਚ 1912 ਵਿੱਚ ਉਸਨੂੰ ਮਹੀਨੇ ਦੇ 25 ਡਾਲਰ ਵੱਧ ਮਿਲਣ ਲੱਗੇ। ਉਹ 25 ਡਾਲਰ ਪ੍ਰਤੀ ਮਹੀਨਾ ਹੋਰ ਚਾਹੁੰਦਾ ਸੀ। 1911 ਦੀਆਂ ਗਰਮੀਆਂ ਵਿੱਚ ਉਸਨੇ ਜੇ.ਐਚ. ਮੈਕਗਿਲ ਦੀ ਗੈਰਹਾਜਰੀ ਵਿੱਚ ਇਮੀਗਰੇਸ਼ਨ ਏਜੰਟ ਦੇ ਤੌਰ ਤੇ ਕੰਮ ਕੀਤਾ ਸੀ। ਪਰ ਕੁੱਝ ਮਹੀਨੇ ਪਿਛੋਂ 1911 ਦੀ ਇਲੈਕਸ਼ਨ ਵਿੱਚ ਟੋਰੀਆਂ ਦੀ ਜਿੱਤ ਬਾਅਦ ਜੇ.ਐਚ.ਮੈਕਗਿੱਲ ਨੂੰ ਹਟਾ ਉਸਦੀ ਜਗ੍ਹਾ ਮੈਲਕਮ ਰੀਡ ਨੂੰ ਲਾ ਦਿੱਤਾ ਗਿਆ। ਇਹ ਇਕ ਸਿਆਸੀ ਨਿਯੁਕਤੀ ਸੀ। ਰੀਡ ਇਸ ਗੱਲੋਂ ਕਾਇਲ ਸੀ ਕਿ ਜੇ ਤਨਖਾਹ ਨਾ ਵਧੀ ਤਾਂ ਹਾਪਕਿਨਸਨ ਨੌਕਰੀ ਛੱਡਕੇ ਚਲਾ ਜਾਵੇਗਾ, ਇਸ ਲਈ ਉਸਨੇ 1912 ਵਿੱਚ ਉਸਦੀ ਤਨਖਾਹ ਵੱਧਵਾਉਣ ਦੀ ਕੋਸ਼ਿਸ਼ ਕੀਤੀ। ਪਰ ਅਗਲੇ ਦੋ ਮਹੀਨਿਆਂ ਵਿੱਚ ਜੋ ਕੁੱਝ ਵਾਪਰਿਆ ਉਸਨੇ ਹਾਪਕਿਨਸਨ

ਦੇ ਦਿਮਾਗ ਵਿੱਚ ਇਸ ਖਿਆਲ ਨੂੰ ਬਹੁਤ ਪਿੱਛੇ ਧੱਕ ਦਿੱਤਾ।

ਕੈਲਾਫੋਰਨੀਆਂ ਦੇ ਦੌਰੇ ਤੋਂ ਇਕ ਸਾਲ ਪਿੱਛੋਂ ਹਾਪਕਿਨਸਨ ਨੂੰ ਦੁਵਾਰਾ ਬਾਰਡਰ ਤੋਂ ਪਾਰ ਅਮਰੀਕਾ ਜਾਣ ਦੀ ਇਜ਼ਾਜ਼ਤ ਮਿਲ ਗਈ। ਆਪਣੇ ਇਸ ਦੌਰੇ ਦੌਰਾਨ ਨਵੰਬਰ 1912 ਅਤੇ ਜਨਵਰੀ 1913 ਵਿੱਚ ਜਦੋਂ ਉਹ ਸਿਆਟਲ ਅਤੇ ਸਾਨਫਰਾਂਸਿਸਕੋ ਵਿੱਚ ਸੀ ਉਸਨੂੰ ਲਾਲਾ ਹਰਦਿਆਲ ਦੀ ਅਮਰੀਕਾ ਵਿੱਚ ਹਾਜ਼ਰੀ ਬਾਰੇ ਪਤਾ ਲੱਗਾ। ਉਸਦੇ ਖਿਆਲ ਵਿੱਚ ਲਾਲਾ ਹਰਦਿਆਲ, ਤਾਰਕਨਾਥ ਦਾਸ ਨਾਲੋਂ ਵੱਧ ਖਤਰਨਾਕ ਸੀ। ਇਸ ਬਾਰੇ ਉਸਨੂੰ ਪਹਿਲੀ ਵਾਰ ਨਵੰਬਰ 1912 ਵਿੱਚ ਸਿਆਟਲ ਜਾਣ ਤੇ ਪਤਾ ਲੱਗਾ ਪਰ ਇਸਨੂੰ ਬਹੁਤੀ ਮਹੱਤਤਾ ਨਾ ਦਿੱਤੀ। ਉਸ ਅਨੁਸਾਰ ਹਰਦਿਆਲ ਇਕ ਅਮੀਰ ਹਿੰਦੂ ਸੀ ਜਿਸਨੇ ਬਰਕਲੇ ਵਿੱਚ ਪੜ੍ਹ ਰਹੇ ਭਾਰਤੀਆਂ ਨੂੰ 500 ਡਾਲਰ ਦੇ ਵਜ਼ੀਫੇ ਦੀ ਪੇਸ਼ਕਸ਼ ਕੀਤੀ ਸੀ। (ਉਸਦੀ ਇਹ ਸੂਚਨਾ ਗਲਤ ਸੀ। ਅਸਲ ਵਿੱਚ ਕੈਲਾਫੋਰਨੀਆਂ ਦੇ ਸਟਾਕਟਨ ਦੇ ਏਰੀਏ ਦੇ ਇਕ ਅਮੀਰ ਸਿੱਖ ਫਾਰਮਰ ਜਵਾਲਾ ਸਿੰਘ ਨੇ ਹਰਦਿਆਲ ਨਾਲ ਛੇ ਵਜ਼ੀਫੇ ਦੇਣ ਦਾ ਵਾਅਦਾ ਕੀਤਾ ਸੀ।) ਜਨਵਰੀ 1913 ਵਿੱਚ ਜਦੋਂ ਹਾਪਕਿਨਸਨ ਸਾਨਫਰਾਂਸਿਸਕੋ ਜਾਕੇ ਨਵੇਂ ਬ੍ਰਿਟਿਸ਼ ਕੌਂਸਲ ਜਨਰਲ ਐਂਡਰਿਊ ਕਾਰਨਿਗੀ ਰੌਸ ਨੂੰ ਮਿਲਿਆ ਤਾਂ ਉਸਨੇ ਹਾਪਕਿਨਸਨ ਨੂੰ ਹਰਦਿਆਲ ਬਾਰੇ ਬੜੀ ਮਹੱਤਵਪੂਰਨ ਗੱਲ ਦੱਸੀ। ਹਰਦਿਆਲ, 23 ਦਸੰਬਰ 1912 ਨੂੰ ਦਿੱਲੀ ਵਿਖੇ ਵਾਇਸਰਾਏ ਲਾਰਡ ਹਾਰਡਿੰਗ ਉਪਰ ਸੁੱਟੇ ਬੰਬ ਨਾਲ ਸਬੰਧਤ ਸੀ। ਇਸ ਖਬਰ ਦਾ ਇਕ ਸੋਮਾ ਇਕ ਇੱਕੀ ਸਾਲਾਂ ਦਾ ਮਦਰਾਸ ਤੋਂ ਆਇਆ ਵਿਦਿਆਰਥੀ ਸੀ, ਜੋ ਪੰਜ ਮਹੀਨੇ ਪਹਿਲਾਂ ਹਰਦਿਆਲ ਦੇ ਵਜ਼ੀਫੇ ਦੇ ਭਰੋਸੇ ਬਰਕਲੇ ਆਇਆ ਸੀ। ਵਜ਼ੀਫੇ ਦੀ ਰਕਮ ਦਾ ਪ੍ਰਬੰਧ ਨਾ ਹੋ ਸਕਿਆ ਪਰ ਉਹ ਹਰਦਿਆਲ ਅਤੇ ਹੋਰ ਪੰਜਾਬੀ ਅਤੇ ਮਦਰਾਸੀ ਵਿਦਿਆਰਥੀਆਂ ਨਾਲ ਇਕ ਘਰ ਜਾਂ ਹੋਸਟਲ ਵਿੱਚ ਰਹਿ ਰਿਹਾ ਸੀ। ਉੱਥੇ ਰਹਿੰਦਿਆਂ ਉਸਨੇ ਕਈ ਗੱਲਾਂ ਸੁਣੀਆਂ। ਉਸ ਦੱਸਿਆ ਕਿ ਹਰਦਿਆਲ ਰੈਡੀਕਲ ਕਲੱਬ ਦਾ ਸੈਕਟਰੀ ਸੀ। ਇਸਦੇ ਮੈਂਬਰਾਂ ਵਿੱਚ ਰੂਸੀ ਅਤੇ ਪੋਲੈਂਡ ਦੇ ਸੋਸ਼ਲਿਸਟ ਵੀ ਸ਼ਾਮਲ ਸਨ। ਜਦੋਂ 23 ਦਸੰਬਰ ਨੂੰ ਦਿੱਲੀ ਵਿੱਚ ਲਾਰਡ ਹਾਰਡਿੰਗ ਉਪਰ ਸੁੱਟੇ ਬੰਬ ਦੀ ਖਬਰ ਬਰਕਲੇ ਪਹੁੰਚੀ ਤਾਂ ਹਰਦਿਆਲ ਨੇ ਕਲੱਬ ਦੇ ਕਈ ਮੈਂਬਰਾਂ ਨੂੰ ਫੋਨ ਕੀਤਾ ਅਤੇ ਹਰ ਇਕ ਨੂੰ ਕਿਹਾ, "ਕੀ ਤੁਸੀਂ ਖਬਰ ਸੁਣੀ ਹੈ? ਮੇਰੇ ਆਦਮੀਆਂ ਵਿੱਚੋਂ ਇਕ ਨੇ ਲਾਰਡ ਹਾਰਡਿੰਗ ਨਾਲ ਕੀ ਕੀਤਾ ਹੈ।" ਹਾਪਕਿਨਸਨ ਲਈ ਇਹ ਸਾਜ਼ਿਸ਼ ਵਿੱਚ ਸ਼ਾਮਲ ਹੋਣ ਦਾ ਬਿਆਨ ਸੀ। 25 ਦਸੰਬਰ ਨੂੰ ਲਾਲਾ ਹਰਦਿਆਲ ਨੇ ਬਰਕਲੇ ਦੇ 15-20 ਭਾਰਤੀ ਵਿਦਿਆਰਥੀਆਂ ਨੂੰ ਪਾਰਟੀ ਦੇਕੇ ਇਸ ਕਤਲ ਦੀ ਕੋਸ਼ਿਸ਼ ਦਾ ਜਸ਼ਨ ਮਨਾਇਆ। ਸਾਨਫਰਾਂਸਿਸਕੋ ਪਹੁੰਚਣ ਦੇ 48 ਘੰਟਿਆਂ ਦੇ ਅੰਦਰ ਅੰਦਰ ਹਾਪਕਿਨਸਨ ਨੇ ਇਹ ਖਬਰ ਔਟਵਾ ਪਹੁੰਚਦੀ ਕਰ ਦਿੱਤੀ। ਥੋੜੀ ਜਿਹੀ ਹੋਰ ਪੜਤਾਲ ਕਰਨ ਤੇ ਉਸਨੂੰ ਪਤਾ ਲੱਗਾ ਕਿ ਹਰਦਿਆਲ ਦਿੱਲੀ ਵਿੱਚ ਜਨਮਿਆ, ਉਥੋਂ ਦੇ ਸਟੀਫਨ ਕਾਲਜ ਅਤੇ ਫਿਰ ਆਕਸਫੋਰਡ ਵਿੱਚ ਪੜ੍ਹਿਆ ਅਤੇ ਫਿਰ ਫਰਾਂਸ ਵਿੱਚ ਕੁੱਝ ਸਮਾਂ ਬਿਤਾਉਣ ਬਾਅਦ ਡੇਢ ਸਾਲ ਪਹਿਲਾਂ ਅਮਰੀਕਾ ਪਹੁੰਚਿਆ ਸੀ।

ਐਮਲੀ ਸੀ. ਬਰਾਊਨ ਵਲੋਂ ਹਰਦਿਆਲ ਦੀ ਲਿਖੀ ਜੀਵਨੀ ਮੁਤਾਬਕ ਹਰਦਿਆਲ ਅਮਰੀਕਾ ਵਿੱਚ ਇਕ ਭੱਖਦੇ ਦੇਸ਼ਭਗਤ ਦੇ ਤੌਰ ਤੇ ਪਹੁੰਚਿਆ ਪਰ ਉਸਦੀਆਂ ਸਰਗਰਮੀਆਂ ਤੋਂ ਆਪਣੇ ਨਿਸ਼ਾਨੇ ਉੱਪਰ ਇਕਾਗਰ ਹੋਣ ਦਾ ਸੰਕੇਤ ਨਹੀਂ ਮਿਲਦਾ। ਅਮਰੀਕਾ ਵਿੱਚ ਥੋੜੇ ਜਿਹੇ ਸਮੇਂ ਦੇ ਪੜਾਅ ਦੌਰਾਨ ਉਸਨੇ ਕਈ ਕੰਮ ਬਦਲੇ। ਕਦੇ ਉਹ ਹਾਰਵਰਡ ਯੂਨੀਵਰਸਿਟੀ ਵਿੱਚ ਬੁੱਧ ਧਰਮ ਦਾ ਵਿਦਿਆਰਥੀ ਸੀ,ਕਦੇ ਉਹ ਹਵਾਈ ਵਿੱਚ ਇਕ ਵੈਰਾਗੀ ਸੀ ਅਤੇ ਕਦੇ ਸਟਾਨਫੋਰਡ ਵਿੱਚ ਭਾਰਤੀ ਦਰਸ਼ਨ ਦਾ ਲੈਕਚਰਾਰ ਸੀ। ਇਕ ਵਾਰ ਖੁਰਾ ਮਿਲਣ ਬਾਅਦ ਹਾਪਕਿਨਸਨ ਨੇ ਉਸਤੇ ਕੜੀ ਨਿਗ੍ਹਾ ਰੱਖੀ। ਏਂਜਲ ਆਈਲੈਂਡ, ਸਾਨਫਰਾਂਸਿਸਕੋ ਦੀ ਇਮੀਗਰੇਸ਼ਨ ਸਰਵਿਸ ਦੇ ਅਸਿਸਟੈਂਟ ਕਮਿਸ਼ਨਰ, ਇਡਸੈੱਲ ਤੋਂ ਪਰਿਚੇ ਪੱਤਰ ਲੈਕੇ ਹਾਪਕਿਨਸਨ ਅਮਰੀਕਾ ਦੇ ਜਸਟਿਸ ਵਿਭਾਗ ਦੇ ਸਪੈਸ਼ਲ ਏਜੰਟ ਕਲੇਟਨ ਹੈਰਿੰਗਟਨ ਨੂੰ ਮਿਲਿਆ। ਹੈਰਿੰਗਟਨ ਦੀ ਮਦਦ ਨਾਲ ਡਾਕਖਾਨੇ ਦੇ ਇਕ ਕਲਰਕ ਨੂੰ ਤਿੰਨ ਡਾਲਰ ਹਰ ਰੋਜ਼ ਅਤੇ ਡਾਕੀਏ ਨੂੰ ਉਸਤੋਂ ਥੋੜੇ ਜਿਹੇ ਘੱਟ ਪੈਸੇ ਦੇਣੇ ਕਰਕੇ ਉਹ ਹਰਦਿਆਲ ਦੀ ਆਉਣ ਜਾਣ ਵਾਲੀ ਡਾਕ ਉਪਰ ਨਿਗਰਾਨੀ ਰੱਖਣ ਵਿੱਚ ਕਾਮਯਾਬ ਹੋ ਗਿਆ। ਲਾਲਾ ਹਰਦਿਆਲ ਦੇ ਲੈਕਚਰਾਂ ਵਿੱਚ ਨੋਟ ਲੈਣ ਲਈ ਅਤੇ ਉਸਦੇ ਦੋਸਤਾਂ ਦੇ ਘੇਰੇ ਵਿੱਚ ਘੁੱਸਪੈਂਠ ਕਰਨ ਲਈ ਏਜੰਟ ਤਿਆਰ ਕਰਕੇ ਹਾਪਕਿਨਸਨ ਔਟਵਾ ਆਕੇ ਵਿਅਕਤੀਗਤ ਤੌਰ ਤੇ ਰੀਪੋਰਟ ਦੇਣ ਲਈ ਜ਼ੋਰ ਪਾਉਣ ਲੱਗਾ। "ਜੋ ਕੁੱਝ ਮੇਰੇ ਕੋਲ ਹੈ, ਜਦੋਂ ਤੁਸੀਂ ਉਸਨੂੰ ਸੁਣੋਗੇ ਤਾਂ ਤੁਸੀਂ ਇਸਨੂੰ ਸਮੇਂ ਅਤੇ ਪੈਸੇ ਦੀ ਫਜ਼ੂਲਖਰਚੀ ਨਹੀਂ ਸਮਝੋਗੇ", ਹਾਪਕਿਨਸਨ ਨੇ ਡਿਪਟੀ ਮਨਿਸਟਰ ਨੂੰ ਕਿਹਾ।

ਉਸਦਾ ਅੰਦਾਜ਼ਾ ਠੀਕ ਨਿਕਲਿਆ। ਉਸਨੂੰ 28 ਫਰਵਰੀ ਨੂੰ ਸਟੀਮਰ ਰਾਹੀਂ ਨਿਊਯਾਰਕ ਤੋਂ ਲੰਡਨ ਜਾਣ ਦਾ ਹੁਕਮ ਮਿਲਿਆ ਤਾਂ ਕਿ ਉਹ ਇੰਡੀਆ ਆਫਿਸ ਨੂੰ ਹਰਦਿਆਲ ਅਤੇ ਨਾਰਥ ਅਮਰੀਕਾ ਵਿੱਚ ਹੋ ਰਹੀਆਂ ਹੋਰ ਸਰਗਰਮੀਆਂ ਬਾਰੇ ਵਿਅਕਤੀਗਤ ਤੌਰ ਤੇ ਦੱਸ ਸਕੇ। ਉਸਨੇ ਸਿਫਾਰਿਸ਼ ਕੀਤੀ ਕਿ ਸਾਨਫਰਾਂਸਿਸਕੋ ਵਿੱਚ ਕਿਸੇ ਨੂੰ ਸਾਲ ਵਿੱਚ ਛੇ ਮਹੀਨੇ ਲਈ ਨਿਯੁਕਤ ਕਰਨਾ ਚਾਹੀਦਾ ਹੈ।(ਅਸਲ ਵਿੱਚ ਉਸਦੀ ਇਹ ਸਿਫਾਰਿਸ਼ ਆਪਣੇ ਬਾਰੇ ਸੀ)। ਔਟਵਾ ਅਤੇ ਲੰਡਨ ਨੇ ਉਸਦੀ ਇਹ ਸਿਫਾਰਿਸ਼ ਮੰਨ ਲਈ। ਨਤੀਜੇ ਦੇ ਤੌਰ ਤੇ ਇੰਡੀਆ ਆਫਿਸ ਉਸਨੂੰ 60 ਪੌਂਡ(300 ਡਾਲਰ) ਵਜ਼ੀਫੇ ਦੇ ਅਤੇ 60 ਪੌਂਡ ਖਰਚੇ ਦੇ ਤੌਰ ਤੇ ਦੇਣੇ ਸ਼ੁਰੂ ਕਰ ਦਿੱਤੇ। ਇਹ ਪੈਸੇ ਉਸਨੂੰ ਇਮੀਗਰੇਸ਼ਨ ਇਨਸਪੈਕਟਰ ਦੇ ਤੌਰ ਤੇ ਮਿਲਦੀ ਤਨਖਾਹ(1500 ਡਾਲਰ ਸਾਲਾਨਾ) ਨਾਲੋਂ ਵੱਖਰੇ ਸਨ। ਹੁਣ ਉਹ ਲੰਡਨ ਵਿੱਚ ਭਾਰਤੀ ਸਰਕਾਰ ਦੇ ਏਜੰਟ ਨੂੰ ਸਿੱਧਾ ਰੀਪੋਰਟ ਕਰਨ ਲੱਗਾ। ਇਸਦੇ ਨਾਲ ਨਾਲ ਉਹ ਔਟਵਾ ਵਿੱਚ ਇਨਟੀਰੀਅਰ ਦੇ ਡਿਪਟੀ ਮਨਿਸਟਰ ਨੂੰ ਵੀ ਰਿਪੋਰਟ ਕਰਦਾ ਸੀ। ਲੰਡਨ ਵਿੱਚ ਭਾਰਤੀ ਸਰਕਾਰ ਦਾ ਏਜੰਟ ਬੰਬਈ ਦਾ ਪੋਲੀਸ ਸੁਪਰਡੈਂਟ, ਜੇ.ਏ. ਵਾਲਿੰਜਰ ਸੀ ਜੋ ਲੰਡਨ ਵਿੱਚ ਜਾਸੂਸੀ ਦੇ ਸਬੰਧ ਵਿੱਚ ਆਇਆ ਸੀ। ਉਸਦਾ ਹਾਪਕਿਨਸਨ ਨਾਲ ਖੱਤ ਪੱਤਰ ਅਪ੍ਰੈਲ 1913 ਵਿੱਚ ਸ਼ੁਰੂ ਹੋ ਗਿਆ ਜਦੋਂ ਵੈਨਕੂਵਰ ਵਾਪਸ ਪਹੁੰਚਦਾ ਹਾਪਕਿਨਸਨ ਔਟਵਾ ਪਹੁੰਚਿਆ।

ਇਸ ਤਰ੍ਹਾਂ ਲਾਲਾ ਹਰਦਿਆਲ ਨੂੰ ਅਮਰੀਕਾ ਤੋਂ ਕਢਵਾਉਣ ਲਈ ਮੁਹਿੰਮ ਸ਼ੁਰੂ ਹੋਈ। ਡਿਪਲੋਮੈਟਿਕ ਪੱਧਰ ਉੱਤੇ ਬ੍ਰਿਟਿਸ਼

ਰਾਜਦੂਤ ਨੇ ਅਮਰੀਕਾ ਦੇ ਸਟੇਟ ਡਿਪਾਰਟਮੈਂਟ ਨਾਲ ਗੱਲਬਾਤ ਕੀਤੀ। ਜੂਨ 1913 ਵਿੱਚ ਸ਼ਾਂਤ ਮਹਾਂਸਾਗਰ ਦੇ ਕੰਢੇ ਦੇ ਅਮਰੀਕਾ ਦੇ ਇਮੀਗਰੇਸ਼ਨ ਅਧਿਕਾਰੀਆਂ ਨੂੰ ਹਿਦਾਇਤਾਂ ਮਿਲੀਆਂ ਕਿ ਉਹ ਲਾਲਾ ਹਰਦਿਆਲ ਦੇ ਹਰ ਲੈਕਚਰ ਤੇ ਜਾਣ ਅਤੇ ਨੋਟ ਲੈਣ। ਗੁਪਤ ਰੂਪ ਵਿੱਚ ਹਾਪਕਿਨਸਨ ਅਮਰੀਕਾ ਦੇ ਇਮੀਗਰੇਸ਼ਨ ਵਿਭਾਗ ਦੀ ਮਦੱਦ ਲਈ ਸਬੂਤ ਇਕੱਠੇ ਕਰਦਾ ਰਿਹਾ। ਰਾਜਦੂਤਕ ਦਬਾਅ ਕਾਰਨ ਅਮਰੀਕਾ ਦੇ ਜਸਟਿਸ ਵਿਭਾਗ ਵੱਲੋਂ ਸਪੈਸ਼ਲ ਏਜੰਟ ਹੈਰਿੰਗਟਨ ਨੂੰ ਇਸ ਕੇਸ ਵਿੱਚ ਮੱਦਦ ਲਈ ਨਿਯੁਕਤ ਕੀਤਾ ਗਿਆ। ਹਾਪਕਿਨਸਨ ਜਾਣਦਾ ਸੀ ਕਿ ਉਸਨੂੰ ਅਜਿਹਾ ਕੇਸ ਤਿਆਰ ਕਰਨਾ ਪੈਣਾ ਹੈ ਜਿਹੜਾ ਅਮਰੀਕਾ ਦੇ ਇਮੀਗਰੇਸ਼ਨ ਦੀ ਜਾਂਚ ਅੱਗੇ ਖੜ੍ਹ ਸਕੇ। ਇਸ ਕੇਸ ਵਿੱਚ ਹਰਦਿਆਲ ਦੇ ਦੇਸ਼ਭਗਤ, ਅੰਗ੍ਰੇਜ਼ ਵਿਰੋਧੀ ਜਾਂ ਸਾਮਰਾਜ ਵਿਰੋਧੀ ਹੋਣ ਦੇ ਇਲਜ਼ਾਮਾਂ ਤੋਂ ਵੱਧ ਮਸਾਲਾ ਲੋੜੀਂਦਾ ਸੀ। ਇਸ ਲਈ ਉਹਨੇ ਹਰਦਿਆਲ ਦੇ ਅਰਾਜਕਤਵਾਦੀ ਵਿਚਾਰਾਂ ਵੱਲ ਝੁਕਾਅ, ਇੰਡਸਟਰੀਅਲ ਵਰਕਰਜ਼ ਆਫ ਦੀ ਵਰਲਡ(IWW) ਨਾਲ ਸੰਬਧਾਂ ਅਤੇ ਅਰਾਜਕਤਵਾਦੀ ਲੈਕਚਰਾਰ ਐਮਾ ਗੋਲਡਮੈਨ ਨਾਲ ਸੰਬਧਾਂ ਦੀ ਸੂਹ ਕੱਢੀ। ਹਾਪਕਿਨਸਨ ਨੇ 1913-14 ਦਾ ਸਿਆਲ ਸਾਨਫਰਾਂਸਿਸਕੋ ਵਿੱਚ ਲੰਘਾਇਆ। ਉਹ ਆਪਣੀ ਪਤਨੀ ਅਤੇ ਦੋ ਬੱਚਿਆਂ ਨੂੰ ਵੀ ਨਾਲ ਲੈ ਆਇਆ ਅਤੇ ਔਕਲੈਂਡ ਦੇ ਇਲਾਕੇ ਵਿੱਚ 45 ਡਾਲਰ ਮਹੀਨਾ ਤੇ ਇਕ ਫਰਨਿਸ਼ਡ ਮਕਾਨ ਕਿਰਾਏ ਤੇ ਲੈਕੇ ਰਿਹਾ। ਇਹਨਾਂ 45 ਡਾਲਰਾਂ ਵਿੱਚੋਂ 35 ਡਾਲਰ ਕੈਨੇਡੀਅਨ ਸਰਕਾਰ ਵੱਲੋਂ ਦਿੱਤੇ ਜਾਂਦੇ ਸਨ। 25 ਮਾਰਚ 1914 ਨੂੰ ਅਮਰੀਕਾ ਦੇ ਇਮੀਗਰੇਸ਼ਨ ਅਧਿਕਾਰੀਆਂ ਨੇ ਸਾਨਫਰਾਂਸਿਸਕੋ ਦੇ ਬੋਹੀਮੀਅਨ ਹਾਲ ਵਿੱਚ ਇਕ ਸੋਸ਼ਲਿਸਟ ਮੀਟਿੰਗ ਤੋਂ ਬਾਅਦ ਲਾਲਾ ਹਰਦਿਆਲ ਨੂੰ ਗ੍ਰਿਫਤਾਰ ਕਰ ਲਿਆ। ਉਸ ਤੇ ਦੋਸ਼ ਲਾਇਆ ਕਿ ਉਹ ਅਰਾਜਕਤਵਾਦੀ ਹੈ ਅਤੇ ਅਮਰੀਕਾ ਵਿੱਚ ਗੈਰਕਾਨੂੰਨੀ ਤੌਰ ਤੇ ਰਹਿ ਰਿਹਾ ਹੈ। ਇਸ ਘਟਨਾ ਨੂੰ ਸਾਨਫਰਾਂਸਿਸਕੋ ਦੀਆਂ ਅਖਬਾਰਾਂ ਨੇ ਕਾਫੀ ਥਾਂ ਦਿੱਤੀ। ਅਮਰੀਕਾ ਦੇ ਪੱਤਰਕਾਰਾਂ ਸਾਹਮਣੇ ਹਰਦਿਆਲ ਇਕਦੱਮ ਅਡੋਲ ਸੀ।ਉਸਨੇ ਅਖਬਾਰਾਂ ਨੂੰ ਦੱਸਿਆ,"ਪਿਛਲੇ ਕਈ ਮਹੀਨਿਆਂ ਤੋਂ ਬ੍ਰਿਟਿਸ਼ ਜਾਸੂਸ ਮੇਰੀ ਜਾਸੂਸੀ ਕਰ ਰਹੇ ਸਨ। ਪਰ ਮੈਂ ਆਪਣੀਆਂ ਸਰਗਰਮੀਆਂ ਖੁਲ੍ਹੇ ਰੂਪ ਵਿੱਚ ਕਰਦਾ ਰਿਹਾ। ਇਹਨਾ ਜਾਸੂਸਾਂ ਦੀ ਹਾਜਰੀ ਕਰਕੇ ਨਾ ਹੀ ਮੈਂ ਆਪਣੇ ਬਿਆਨਾ ਨੂੰ ਬਦਲਿਆ ਹੈ ਅਤੇ ਨਾ ਹੀ ਮੈਂ ਆਪਣੇ ਐਲਾਨਾ ਵਿੱਚ ਕਿਸੇ ਕਿਸਮ ਦੀ ਨਰਮੀ ਲਿਆਂਦੀ ਹੈ। ਮੇਰੇ ਲਈ ਇਹ ਗ੍ਰਿਫਤਾਰੀ ਕੋਈ ਅਚੰਭਾ ਨਹੀਂ। ਮੈਂ ਕਾਫੀ ਦੇਰ ਤੋਂ ਇਸਦੀ ਉਡੀਕ ਕਰ ਰਿਹਾ ਸੀ।" ਉਸਨੂੰ ਦੇਸ਼ ਨਿਕਾਲਾ ਨਹੀਂ ਦਿੱਤਾ ਗਿਆ ਸਗੋਂ ਜਮਾਨਤ ਉਪਰ ਰਿਹਾ ਕਰ ਦਿੱਤਾ ਗਿਆ। ਅਮਰੀਕਨ ਇਮੀਗਰੇਸ਼ਨ ਅਧਿਕਾਰੀਆਂ ਨੇ ਇਹ ਜਾਣਕੇ ਬੜੀ ਬੇਇਜ਼ਤੀ ਮਹਿਸੂਸ ਕੀਤੀ ਕਿ ਹਰਦਿਆਲ ਅਮਰੀਕਾ ਵਿੱਚ ਪਿਛਲੇ ਤਿੰਨ ਸਾਲਾਂ ਤੋਂ ਕਾਨੂੰਨੀ ਤੌਰ 'ਤੇ ਰਹਿ ਰਿਹਾ ਸੀ। ਹਰਦਿਆਲ ਨੇ ਦਲੀਲਾਂ ਦਿੱਤੀਆਂ ਕਿ ਜੇ ਮੈਨੂੰ ਅਰਾਜਕਤਵਾਦੀ ਕਹਿਣਾ ਹੈ ਤਾਂ ਇਸ ਗੱਲ ਦਾ ਖਿਆਲ ਰੱਖਿਆ ਜਾਵੇ ਕਿ ਜਦੋਂ ਮੈਂ ਏਥੇ ਆਇਆ ਸੀ ਉਦੋਂ ਮੇਰੇ ਵਿਚਾਰ ਅਰਾਜਕਤਵਾਦੀ ਨਹੀਂ ਸਨ, ਸਗੋਂ ਮੇਰੇ ਵਿਚਾਰਾਂ ਵਿੱਚ ਤਬਦੀਲੀ ਇਥੇ ਆਉਣ ਤੋਂ ਬਾਅਦ ਆਈ ਹੈ। ਅਮਰੀਕੀ ਇਮੀਗਰੇਸ਼ਨ ਅਧਿਕਾਰੀਆਂ ਨੇ ਲਾਲਾ ਹਰਦਿਆਲ ਦਾ ਰੀਕਾਰਡ ਇਕ ਭਾਰਤੀ ਮਜ਼ਦੂਰ ਨਾਲ ਰਲਗੱਡ ਕਰ ਦਿੱਤਾ ਸੀ। ਇਸ ਲਈ ਉਹਨਾਂ ਉਸਦਾ ਕੇਸ ਲੰਮੇ ਸਮੇਂ ਤੱਕ ਲਟਕਾਈ ਰੱਖਿਆ। ਹਾਪਕਿਨਸਨ ਦੇ ਵੈਨਕੂਵਰ ਦੇ ਸੂਹੀਆਂ ਨੇ ਖਬਰ ਦਿੱਤੀ ਕਿ ਹਰਦਿਆਲ ਨੇ ਆਪਣੇ ਅਮਰੀਕਾ ਵਿੱਚ ਰਹਿਣ ਦੇ ਸਮੇਂ ਵਿਚਕਾਰ ਕੁੱਝ ਸਮਾਂ ਹਨਾਲੂਲੂ ਅਤੇ ਸੁਵਾ(ਫਿਜੀ) ਵਿੱਚ ਗੁਜਾਰਿਆ ਹੈ। ਇਸ ਲਈ ਅਮਰੀਕਾ ਵਿੱਚ ਉਸਦੀ ਰਿਹਾਇਸ਼ ਲਗਾਤਾਰ ਨਹੀਂ ਮੰਨੀ ਜਾ ਸਕਦੀ। ਪਰ ਇਹ ਤਸਦੀਕ ਨਾ ਹੋ ਸੱਕਿਆ। ਮਈ ਵਿੱਚ ਹਾਪਕਿਨਸਨ ਵਸ਼ਿੰਗਟਨ ਗਿਆ ਅਤੇ ਅਮਰੀਕਾ ਦੇ ਇਮੀਗਰੇਸ਼ਨ ਦੇ ਕਮਿਸ਼ਨਰ ਜਨਰਲ, ਐਂਥਨੀ ਕੈਮਿਨਟੀ, ਨਾਲ ਹਰਦਿਆਲ ਦੇ ਕੇਸ ਬਾਰੇ ਗੱਲਬਾਤ ਕੀਤੀ। ਕਮਿਸ਼ਨਰ ਨੇ ਉਸਨੂੰ ਦੱਸਿਆ ਕਿ ਉਸਦਾ ਮਹਿਕਮਾ ਹੁਣ ਤੱਕ ਪ੍ਰਾਪਤ ਸਬੂਤਾਂ ਦੇ ਆਧਾਰ 'ਤੇ ਕੋਈ ਐਕਸ਼ਨ ਨਹੀਂ ਲੈ ਸਕਦਾ। ਗਰਮੀਆਂ ਵਿੱਚ ਕਮਿਸ਼ਨਰ ਐਂਥਨੀ ਕੈਮਿਨਟੀ ਨੂੰ ਜਨੇਵਾ ਤੋਂ ਹਰਦਿਆਲ ਦਾ ਲਿਖਿਆ ਖੱਤ ਮਿਲਿਆ। ਉਹ ਆਪਣੇ ਆਪ ਅਮਰੀਕਾ ਛੱਡ ਕੇ ਚਲੇ ਗਿਆ ਸੀ।

ਇਹ ਕਿਹਾ ਜਾ ਸਕਦਾ ਹੈ ਕਿ ਹਰਦਿਆਲ ਨੂੰ ਦੇਸ਼ਨਿਕਾਲਾ ਦਿਵਾਉਣ ਦੀ ਕੋਸ਼ਿਸ਼ ਨੇ ਉਲਟਾ ਅਸਰ ਕੀਤਾ। ਇਸਨੇ ਉੱਤਰੀ ਅਮਰੀਕਾ ਦੇ ਭਾਰਤੀ ਇਨਕਲਾਬੀਆਂ ਨੂੰ ਮਕਸਦ ਅਤੇ ਨਿਸ਼ਚਾ ਪ੍ਰਦਾਨ ਕੀਤਾ। ਹਰਦਿਆਲ ਬਾਰੇ ਹਾਪਕਿਨਸਨ ਨੂੰ ਪਹਿਲੀ ਵਾਰ ਪਤਾ ਲੱਗਣ ਅਤੇ ਉਸਦੇ ਅਮਰੀਕਾ ਛੱਡ ਸਵਿਟਜ਼ਰਲੈਂਡ ਜਾਣ ਤੱਕ ਦੇ ਵਿਚਕਾਰ ਦੇ ਸਮੇਂ ਦੌਰਾਨ ਸ਼ਾਂਤ ਮਹਾਂਸਾਗਰ ਦੇ ਕੰਢੇ ਉਪਰ ਗਦਰ ਲਹਿਰ ਕਾਫੀ ਵਧੀ ਫੁੱਲੀ। ਮਈ 1913 ਵਿੱਚ ਲਾਲਾ ਹਰਦਿਆਲ ਨੇ 'ਹਿੰਦੂ ਐਸੋਸੀਏਸ਼ਨ ਆਫ ਪੈਸੇਫਿਕ ਕੋਸਟ' ਦੀ ਨੀਂਹ ਰੱਖੀ। ਗਦਰ ਪਾਰਟੀ ਇਸੇ ਐਸੋਸੀਏਸ਼ਨ ਦਾ ਵਾਧਾ ਸੀ। ਨਵੰਬਰ 1913 ਵਿੱਚ ਗਦਰ ਅਖਬਾਰ ਦਾ ਪਹਿਲਾ ਅੰਕ ਨਿਕਲਿਆ। ਗਦਰ ਪਾਰਟੀ ਦਾ ਪਹਿਲੀਆਂ ਜਥੇਬੰਦੀਆਂ ਨਾਲੋਂ ਜੋ ਵੱਖਰੇਵਾਂ ਸੀ ਉਹ ਸੀ ਇਸ ਵਲੋਂ ਹਿੰਸਾ ਦੀ ਹਿਮਾਇਤ। ਭਾਰਤੀ ਸਰਕਾਰ ਅਤੇ ਇੰਡੀਆ ਆਫਿਸ ਲਈ ਇਹ ਚਿੰਤਾ ਵਾਲੀ ਗੱਲ ਸੀ। ਦਿੱਲੀ ਵਿੱਚ ਕਰੀਮਨਲ ਇਨਟੈਲੀਜੈਂਸ ਦੇ ਡਾਇਰੈਕਟਰ ਸੀ.ਆਰ. ਕਲੀਵਲੈਂਡ ਨੇ 11 ਮਈ 1914 ਨੂੰ ਲਿਖਿਆ,"ਮੈਂ ਸ਼ਾਂਤ ਮਹਾਂਸਾਗਰ ਦੇ ਕੰਢੇ ਦੇ ਸਿੱਖਾਂ ਅਤੇ ਦੂਸਰੇ ਪੰਜਾਬੀਆਂ ਦੇ ਤੀਬਰ ਅਸੰਤੋਖ ਨੂੰ ਇਸ ਸਮੇਂ ਦੀ ਹਿੰਦੁਸਤਾਨੀ ਸਿਆਸੀ ਹਾਲਤ ਦਾ ਸੱਭ ਤੋਂ ਬਦਤਰੀਨ ਪੱਖ ਸਮਝਦਾ ਹਾਂ।" ਪਰ ਇਹ ਵੀ ਕੀ ਵਿਅੰਗ ਸੀ ਕਿ ਗਦਰ ਲਹਿਰ ਦਾ ਵਰਤਾਰਾ ਹਾਪਕਿਨਸਨ ਵਲੋਂ ਹਰਦਿਆਲ ਬਾਰੇ ਦਿੱਤੀ ਪਹਿਲੀ ਰੀਪੋਰਟ ਤੋਂ ਬਾਅਦ ਵਰਤਿਆ। ਅੱਗ ਲੱਗਣ ਤੋਂ ਪਹਿਲਾਂ ਘੰਟੀ ਖੜਕਾਈ ਗਈ ਸੀ। ਇਸ ਤਰ੍ਹਾਂ ਦੇ ਧਿਆਨ ਤੋਂ ਬਿਨਾ ਗਦਰ ਪਾਰਟੀ ਏਡੀ ਛਾਪ ਨਹੀਂ ਸੀ ਲਾ ਸਕਦੀ ਜਿੰਨੀ ਕਿ ਉਹ ਲਾਉਣ ਵਿੱਚ ਕਾਮਯਾਬ ਹੋ ਗਈ।

ਕਲੀਵਲੈਂਡ ਨੇ ਸਿੱਖਾਂ ਵਿੱਚ ਗਦਰ ਦੇ ਪ੍ਰਾਪੇਗੰਡੇ ਦਾ ਵਿਰੋਧ ਕਰਨ ਲਈ ਕੈਲਾਫੋਰਨੀਆਂ ਵਿੱਚ ਆਪਣੇ ਏਜੰਟ ਭੇਜਣ ਬਾਰੇ ਸੋਚਿਆ। ਉਸਨੇ ਇਸ ਬਾਰੇ ਫੌਜੀ ਅਧਿਕਾਰੀਆਂ, ਪੰਜਾਬ ਸਰਕਾਰ ਅਤੇ ਭਾਰਤੀ ਸਰਕਾਰ ਦੇ ਗ੍ਰਹਿ, ਵਿਉਪਾਰ ਅਤੇ ਸਨਅਤੀ ਵਿਭਾਗਾਂ

ਦੇ ਉੱਚਅਧਿਕਾਰੀਆਂ ਨਾਲ ਗੱਲਬਾਤ ਕੀਤੀ। ਹਾਪਕਿਨਸਨ ਨੂੰ ਇਸ ਬਾਰੇ ਕਰਿਮਨਲ ਇਨਟੈਲੀਜੈਂਸ ਆਫਿਸ ਦੇ ਸਰਕੂਲਰ(ਜੋ ਉਸਨੂੰ ਵਾਲਿੰਗਰ ਤੋਂ ਪ੍ਰਾਪਤ ਹੋਇਆ) ਤੋਂ ਪਤਾ ਲੱਗਾ। ਉਸਨੂੰ ਇਹ ਖਿਆਲ ਚੰਗਾ ਨਾ ਲੱਗਾ। ਉਸਦੇ ਖਿਆਲ ਵਿੱਚ ਇਹ ਇਕ ਤਰ੍ਹਾਂ ਦਾ ਮਿਸ਼ਨਰੀ ਕਾਰਜ ਸੀ ਅਤੇ ਇਸਦੇ ਸਫਲ ਹੋਣ ਦੀ ਸੰਭਾਵਨਾ ਘੱਟ ਸੀ। ਇਸਦੇ ਨਾਲ ਹੀ ਉਹਦਾ ਵਿਚਾਰ ਸੀ ਕਿ ਇਹ ਕੰਮ, ਕੰਮ ਕਰਨ ਵਾਲੇ ਲੋਕਾਂ ਲਈ ਖਤਰਨਾਕ ਹੋ ਸਕਦਾ ਸੀ। ਇਸਦੇ ਥਾਂ ਉਸਨੇ ਕੈਨੇਡਾ ਵਿੱਚ ਆਧਾਰਿਤ ਖੁਫੀਆ ਸੂਹੀਆ ਏਜੰਸੀ ਬਨਾਉਣ ਦਾ ਸੁਝਾਅ ਦਿੱਤਾ। ਉਸਨੇ ਇਹ ਕਿਹਾ ਨਹੀਂ ਪਰ ਸੱਪਸ਼ਟ ਹੀ ਸੀ ਕਿ ਅਜਿਹੀ ਏਜੰਸੀ ਵਿੱਚ ਉਹ ਵੱਡਾ ਰੋਲ ਅਦਾ ਕਰੇਗਾ। ਉਸਦੇ ਕੰਮ ਦਾ ਘੇਰਾ ਦਿਨੋਂ ਦਿਨ ਵੱਧ ਰਿਹਾ ਸੀ। ਉਸਨੇ ਅਮਰੀਕਾ ਦੇ ਇਮੀਗਰੇਸ਼ਨ ਅਧਿਕਾਰੀਆਂ ਨੂੰ ਮਿਲਣ ਅਤੇ ਯੂਰਪ ਤੋਂ ਆਉਂਦੇ ਅਵਾਸੀਆਂ ਨੂੰ 'ਚੈੱਕ' ਕਰਨ ਲਈ ਸਮੇਂ ਸਮੇਂ ਨਿਊਯਾਰਕ ਦਾ ਦੌਰਾ ਕਰਨ ਦੀ ਸਲਾਹ ਦਿੱਤੀ ਜਿਹੜੀ ਮੰਨ ਲਈ ਗਈ। ਹੁਣ ਉਸਨੂੰ ਦੋਨੋ ਸਮੁੰਦਰੀ ਤੱਟਾਂ (ਸ਼ਾਂਤ ਅਤੇ ਅਸ਼ਾਂਤ ਮਹਾਂ ਸਾਗਰ ਦੇ ਤੱਟ) ਉਪਰ ਨਿਗ੍ਹਾ ਰੱਖਣੀ ਪੈਂਦੀ ਸੀ। ਉਸਦੇ ਖਰਚ ਵੱਧ ਗਏ ਸਨ- 11,000 ਡਾਲਰ ਸਾਨਫਰਾਂਸਿਸਕੋ ਵਿੱਚ ਸਰਦੀਆਂ ਵਿੱਚ ਰਹਿਣ ਦੇ ਅਤੇ 350 ਡਾਲਰ ਨਿਊਯਾਰਕ ਦਾ ਇਕ ਗੇੜ੍ਹਾ ਲਾਉਣ ਦੇ। 20 ਮਈ 1914 ਨੂੰ ਗਵਰਨਰ ਜਨਰਲ, ਦੀ ਡਿਊਕ ਆਫ ਕਨ੍ਹਾਟ, ਨੇ ਨਵੇਂ ਤਰ੍ਹਾਂ ਦੇ ਪ੍ਰਬੰਧ ਦਾ ਅਨੁਰੋਧ ਕੀਤਾ। ਕਾਲੋਨੀਅਲ ਸੈਕਟਰੀ ਲਿਊਸ ਹਾਰਕੋਟ ਨੂੰ ਭੇਜੀ ਇਕ ਖੁਫੀਆ ਡਿਸਪੈਚ ਵਿੱਚ ਉਸਨੇ ਲਿਖਿਆ, ਕਿ ਹਾਪਕਿਨਸਨ ਇਕ ਕੀਮਤੀ ਅਫਸਰ ਹੈ ਅਤੇ ਇਕ ਬਹੁਤ ਹੀ ਮਹੱਤਵਪੂਰਨ ਕੰਮ ਕਰ ਰਿਹਾ ਹੈ। ਕਨ੍ਹਾਟ ਨੇ ਇਸ ਸਬੰਧ ਵਿੱਚ ਦੋ ਮੁਸ਼ਕਲਾਂ ਵੱਲ ਧਿਆਨ ਦਿਵਾਇਆ। ਉਸਦੇ ਖਿਆਲ ਵਿੱਚ ਪਹਿਲੀ ਮੁਸ਼ਕਲ ਇਹ ਸੀ ਕਿ ਹਾਪਕਿਨਸਨ ਉੱਤੇ ਬਹੁਤ ਕੁੱਝ ਨਿਰਭਰ ਸੀ। ਜੇ ਉਸਨੂੰ ਕੁੱਝ ਹੋ ਗਿਆ ਤਾਂ ਉਸਦਾ ਜਾਸੂਸੀ ਦਾ ਢਾਂਚਾ ਢੇਰੀ ਹੋ ਜਾਵੇਗਾ। ਉਸ ਮੁਤਾਬਕ ਦੂਜੀ ਮੁਸ਼ਕਲ ਇਹ ਸੀ ਕਿ ਕੈਨੇਡੀਅਨ ਸਰਕਾਰ ਉਸਦਾ ਬਹੁਤਾ ਖਰਚਾ ਉਠਾ ਰਹੀ ਹੈ ਜਦੋਂ ਕਿ ਉਸਦੀ ਜਾਂਚ ਦਾ ਜਿਆਦਾ ਸਬੰਧ ਭਾਰਤੀ ਸਰਕਾਰ ਦੇ ਹਿੱਤਾਂ ਨਾਲ ਹੈ।ਇਹ ਵੀ ਖਤਰ੍ਹਾਂ ਸੀ ਕਿ ਕਿਤੇ ਹਾਊਸ ਆਫ ਕਾਮਨਜ਼ ਦੇ ਮੈਂਬਰਾਂ ਨੂੰ ਉਸਦੇ ਖਰਚਿਆਂ ਦਾ ਪਤਾ ਨਾ ਲੱਗ ਜਾਏ। ਉਹਨਾ ਦੇ ਸੁਆਲ ਉਠਾਲਣ ਨਾਲ ਜੋ ਪ੍ਰਚਾਰ ਹੋਵੇਗਾ, ਉਸ ਨਾਲ ਹਾਪਕਿਨਸਨ ਦੇ ਕੰਮ ਉਪਰ ਅਸਰ ਪੈ ਸਕਦਾ ਹੈ।

ਇਹ ਡਿਸਪੈਚ ਆਉਣ ਤੋਂ ਪਹਿਲਾਂ ਹਾਪਕਿਨਸਨ ਨੇ ਕੁੱਝ ਦਿਨ ਔਟਵਾ ਵਿੱਚ ਗੁਜਾਰੇ। ਅੰਦਾਜਾ ਲਾਇਆ ਜਾ ਸਕਦਾ ਹੈ ਕਿ ਇਨਾ ਦਿਨਾ ਵਿੱਚ ਉਸਨੇ ਗਵਰਨਰ ਜਨਰਲ ਅੱਗੇ ਆਪਣਾ ਪੱਖ ਪੇਸ਼ ਕੀਤਾ ਹੋਵੇਗਾ। ਅਗਲੇ ਦੋ ਮਹੀਨੇ ਇਸ ਬਾਰੇ ਹੋਰ ਕੁੱਝ ਕਰਨ ਲਈ ਉਸਨੂੰ ਬਹੁਤਾ ਸਮਾਂ ਨਹੀਂ ਮਿਲਿਆ। 21 ਮਈ ਤੋਂ ਜੁਲਾਈ 23 ਤੱਕ ਉਹ ਕਾਮਾਗਾਟਾਮਾਰੂ(ਪੰਜਾਬੀਆਂ ਨਾਲ ਭਰਿਆ ਜਹਾਜ। ਇਹ ਪੰਜਾਬੀ ਕੈਨੇਡਾ ਵਿੱਚ ਅਵਾਸੀਆਂ ਦੇ ਤੌਰ 'ਤੇ ਉਤਰਨ ਵਿੱਚ ਨਾਕਾਮਯਾਬ ਰਹੇ)ਦੇ ਸੰਬਧ ਵਿੱਚ ਮਸਰੂਫ ਰਿਹਾ। ਇਹਨਾ ਪੰਜਾਬੀ ਅਵਾਸੀਆਂ ਅਤੇ ਕੈਨੇਡੀਅਨ ਅਧਿਕਾਰੀਆਂ ਵਿਚਕਾਰ ਕੋਈ ਹਿੰਸਾਤਮਕ ਘਟਨਾ(ਜਿਸ ਨਾਲ ਹਿੰਦੁਸਤਾਨੀ ਦੇਸ਼ਭਗਤਾਂ ਨੂੰ ਆਪਣਾ ਅੰਦੋਲਨ ਅੱਗੇ ਲਿਜਾਉਣ ਵਿੱਚ ਮੱਦਦ ਮਿਲ ਸਕਦੀ ਸੀ)ਘਟਨ ਤੋਂ ਬਚਾਉਣ ਲਈ ਆਪਣੀ ਪੂਰੀ ਕੋਸ਼ਿਸ਼ ਕਰ ਉਸਨੇ ਕੈਨੇਡੀਅਨ ਅਤੇ ਅੰਗ੍ਰੇਜ ਸਾਮਰਾਜੀ ਸਰਕਾਰ ਦੀ ਚੰਗੀ ਸੇਵਾ ਕੀਤੀ। ਕਾਮਾਗਾਟਾਮਾਰੂ ਦੇ ਕੈਨੇਡੀਅਨ ਪਾਣੀਆਂ ਵਿੱਚੋਂ ਕੱਢੇ ਜਾਣ ਦੇ ਦੋ ਹਫਤਿਆਂ ਅੰਦਰ ਹੀ ਹਾਪਕਿਨਸਨ ਨੇ ਇਥੇ ਨਵਾਂ ਮਹੱਤਵਪੂਰਨ ਰੋਲ ਸੰਭਾਲਿਆ। 4 ਅਗਸਤ ਨੂੰ ਅੰਗਰੇਜ਼ਾਂ ਨੇ ਜਰਮਨੀ ਵਿਰੁੱਧ ਜੰਗ ਦਾ ਐਲਾਨ ਕਰ ਦਿੱਤਾ। 11 ਅਗਸਤ ਨੂੰ ਹਾਪਕਿਨਸਨ ਨੇ ਰੀਪੋਰਟ ਕੀਤੀ ਕਿ ਇਸ ਸਮੇਂ, ਜਦੋਂ ਅੰਗਰੇਜ ਯੂਰਪ ਵਿੱਚ ਜੰਗ ਵਿੱਚ ਉਲਝੇ ਹੋਏ ਹਨ, ਹਿੰਦੁਸਤਾਨੀ ਇਨਕਲਾਬੀ ਸ਼ਾਂਤ ਮਹਾਂਸਾਗਰ ਦੇ ਕੰਢਿਆਂ ਉਪਰ ਰਹਿੰਦੇ ਹਿੰਦੁਸਤਾਨੀਆਂ ਵਿੱਚ ਵਿਆਪਕ ਰੂਪ ਵਿੱਚ ਹਿੰਦੁਸਤਾਨ ਮੁੜਨ ਅਤੇ ਅੰਗਰੇਜ ਵਿਰੁੱਧ ਹਥਿਆਰ ਚੁੱਕਣ ਲਈ ਪ੍ਰਚਾਰ ਕਰ ਰਹੇ ਹਨ। ਇਨਕਲਾਬੀਆਂ ਵੱਲੋਂ ਇਹ ਕਾਰਵਾਈ ਬਿਨਾ ਕਿਸੇ ਲੁੱਕ ਲੁਕਾਅ ਦੇ ਕੀਤੀ ਜਾ ਰਹੀ ਸੀ। ਹਾਪਕਿਨਸਨ ਨੂੰ ਇਸ ਬਾਰੇ ਸੱਭ ਤੋਂ ਪਹਿਲਾਂ ਪੋਰਟਲੈਂਡ(ਉਰਗੇਨ)ਦੇ ਇਕ ਅਖਬਾਰ ਵਿੱਚ ਛਪੀ ਇਕ ਕਹਾਣੀ ਤੋਂ ਪਤਾ ਲੱਗਾ। ਇਸ ਕਹਾਣੀ ਵਿੱਚ ਲਿਖਿਆ ਸੀ ਕਿ ਐਸਟਰੀਆ ਸ਼ਹਿਰ ਦੀ ਹੈਮੰਡ ਮਿੱਲ ਵਿੱਚ ਕੰਮ ਕਰਨ ਵਾਲੇ ਅੱਧੇ ਪੰਜਾਬੀ ਕੰਮ ਛੱਡਕੇ ਗੱਡੀ ਜਾਂ ਬੇੜੀ ਰਾਹੀਂ ਸਾਨਫਰਾਂਸਿਸਕੋ ਜਾਣ ਲਈ ਰਵਾਨਾ ਹੋ ਗਏ ਸਨ ਅਤੇ ਬੱਚਦੇ ਅੱਧੇ ਜਾਣ ਦੀਆਂ ਤਿਆਰੀਆਂ ਵਿੱਚ ਸਨ ਤਾਂ ਕਿ ਉਹ ਹੋਣ ਵਾਲੇ ਗਦਰ ਵਿੱਚ ਹਿੱਸਾ ਲੈ ਸਕਣ। ਦਿਨਾ ਵਿੱਚ ਹੀ ਇੰਡੀਆ ਆਫਿਸ, ਬ੍ਰਿਟਿਸ਼ ਆਫਿਸ ਅਤੇ ਕੈਨੇਡਾ ਦੇ ਇਨਟੀਰਅਰ ਦੇ ਮਹਿਕਮੇ ਨੇ ਜਾਣਕਾਰੀ ਇਕੱਠੀ ਕਰਨ ਦਾ ਇਕ ਸੰਗਠਨ ਕਾਇਮ ਕਰ ਲਿਆ। ਇਸ ਸੰਗਠਨ ਦਾ ਧੁਰਾ ਹਾਪਕਿਨਸਨ ਸੀ। ਸਾਨਫਰਾਂਸਿਸਕੋ ਤੋਂ ਜਾਣ ਵਾਲਿਆਂ ਦੀਆਂ ਲਿਸਟਾਂ ਉਥੋਂ ਦਾ ਬ੍ਰਿਟਿਸ਼ ਕਾਉਂਸਲਰ ਕਾਰਨਗੀ ਰੌਸ(Carngie Ross) ਕੈਨੇਡਾ ਦੇ ਗਵਰਨਰ ਜਨਰਲ ਨੂੰ ਭੇਜਦਾ ਤਾਂ ਕਿ ਹਾਪਕਿਨਸਨ ਉਨਾ ਦੀ ਛਾਣਬੀਣ ਕਰ ਸਕੇ ਅਤੇ ਹਿੰਦੁਸਤਾਨ ਨੂੰ ਤਾਰ ਰਾਂਹੀ ਭੇਜ ਸਕੇ। ਹੁਣ ਹਾਪਕਿਨਸਨ ਦਾ ਦਿੱਲੀ ਵਿੱਚ ਕਰਿਮਨਲ ਇਨਟੈਲੀਜੈਂਸ ਦੇ ਡਾਇਰੈਕਟਰ ਜਨਰਲ ਸਰ ਚਾਰਲਸ ਕਲੀਵਲੈਂਡ ਨਾਲ ਸਿੱਧਾ ਸੰਪਰਕ ਸੀ। ਉਸਦੇ ਖਤਾਂ ਅਤੇ ਤਾਰਾਂ ਨੇ ਗਦਰ ਪਾਰਟੀ ਦੇ ਕਿੰਨੇ ਹੀ ਸਰਗਰਮ ਮੈਂਬਰਾ ਦੀ ਪਛਾਣ ਕਰਨ ਵਿੱਚ ਹਿੱਸਾ ਪਾਇਆ ਜਿਹੜੇ ਬਾਅਦ ਵਿੱਚ ਹਿੰਦੁਸਤਾਨ ਪਹੁੰਚਣ ਤੇ ਗ੍ਰਿਫਤਾਰ ਕਰ ਲਏ ਗਏ।

21 ਅਕਤੂਬਰ 1914 ਨੂੰ ਮੇਵਾ ਸਿੰਘ ਨੇ ਹਾਪਕਿਨਸਨ ਨੂੰ ਗੋਲੀ ਮਾਰ ਦਿੱਤੀ। ਇਹ ਇਕ ਸਾਧਾਰਣ ਕਤਲ ਨਹੀਂ ਸਗੋਂ ਇਕ ਸਿਆਸੀ ਕਰਤੱਵ ਸੀ। ਗੋਲੀ ਮਾਰਨ ਦੀ ਘਟਨਾ ਵੈਨਕੂਵਰ ਦੀ ਕਚਹਿਰੀ (Vancouver Court House) ਵਿੱਚ ਵਾਪਰੀ ਅਤੇ ਕਾਤਲ ਨੇ ਕਤਲ ਤੋਂ ਬਾਅਦ ਨੱਸਣ ਦੀ ਕੋਸ਼ਿਸ਼ ਨਹੀਂ ਕੀਤੀ। ਬਾਅਦ ਵਿੱਚ ਮੁਕੱਦਮੇ ਦੌਰਾਨ ਉਸਨੇ ਦੋਸ਼ ਦਾ ਇਕਬਾਲ ਕਰ ਲਿਆ। ਇਹ ਗੋਲੀ ਕਿਸੇ ਹਨੇਰੀ ਗਲੀ ਵਿੱਚ ਵੀ ਮਾਰੀ ਜਾ ਸਕਦੀ ਸੀ ਪਰ ਮੇਵਾ ਸਿੰਘ ਸ਼ਹੀਦੀ ਪਾਉਣੀ ਚਾਹੁੰਦਾ ਸੀ।12 ਹਫਤਿਆਂ ਬਾਅਦ (ਜਦੋਂ ਉਸਨੂੰ ਫਾਂਸੀ ਲਾਇਆ ਗਿਆ) ਉਸਨੂੰ ਸ਼ਹਾਦਤ ਪ੍ਰਾਪਤ ਹੋ ਗਈ। ਪੁਲੀਸ ਨੇ ਕਈ ਹੋਰ ਵਿਅਕਤੀਆਂ ਉਪਰ ਇਸ ਕਤਲ ਦੀ ਸਾਜਿਸ਼

ਦਾ ਇਲਜ਼ਾਮ ਲਾਇਆ ਪਰ ਉਹ ਇਸ ਲਈ ਸਬੂਤ ਨਾ ਲੱਭ ਸਕੇ। ਜੇ ਮੇਵਾ ਸਿੰਘ ਨੇ ਇਹ ਕਤਲ ਆਪਣੇ ਆਪ ਇਕੱਲਿਆਂ ਕੀਤਾ ਸੀ ਤਾਂ ਵੀ ਇਸ ਕਤਲ ਦੀ ਕਮਿਊਨਿਟੀ ਲਈ ਜੋ ਮਹੱਤਤਾ ਸੀ ਉਸਨੂੰ ਉਹ ਚੰਗੀ ਤਰ੍ਹਾਂ ਸਮਝਦਾ ਸੀ। ਮੇਵਾ ਸਿੰਘ ਨੇ ਹਾਪਕਿਨਸਨ ਨੂੰ ਉਸਦੇ ਕੰਮਾਂ ਕਰਕੇ ਗੋਲੀ ਨਹੀਂ ਮਾਰੀ ਸਗੋਂ ਇਸ ਕਰਕੇ ਗੋਲੀ ਮਾਰੀ ਕਿਉਂਕਿ ਹਾਪਕਿਨਸਨ ਹਿੰਦੁਸਤਾਨ ਉਪਰ ਰਾਜ ਕਰ ਰਹੇ ਅੰਗ੍ਰੇਜ਼ ਸਾਮਰਾਜ ਦਾ ਚਿੰਨ ਸੀ, ਉਸਦਾ ਨੁਮਾਇੰਦਾ ਸੀ। ਵੈਨਕੂਵਰ ਦੇ ਸਿੱਖਾਂ ਅਤੇ ਦੂਜੇ ਹਿੰਦੁਸਤਾਨੀਆਂ ਦੀਆਂ ਨਜ਼ਰਾਂ ਵਿੱਚ ਉਹ ਇਕ ਢੁੱਕਵਾਂ ਨਿਸ਼ਾਨਾ ਸੀ। ਹਾਪਕਿਨਸਨ ਦਾ ਕਤਲ ਕਰਕੇ ਮੇਵਾ ਸਿੰਘ ਨੇ ਆਪਣੀ ਕੁਰਬਾਨੀ ਇਹ ਮਿੱਥ ਕੇ ਦਿੱਤੀ ਸੀ ਕਿ ਇਸ ਨਾਲ ਉਸਦੇ ਦੇਸ਼ਵਾਸੀਆਂ ਦੇ ਮਨ ਅਤੇ ਦਿਮਾਗ ਟੁੰਬੇ ਜਾਣਗੇ। ਉਸਦੇ ਇਸ ਅਮਲ ਨੂੰ ਗਦਰ ਪਾਰਟੀ ਵੱਲੋਂ ਹਿੰਦੁਸਤਾਨੀਆਂ ਨੂੰ ਹਥਿਆਰ ਲੈਕੇ ਵਾਪਿਸ ਦੇਸ਼ ਮੁੜਨ ਅਤੇ ਅੰਗ੍ਰੇਜ਼ਾਂ ਵਿਰੁੱਧ ਲੜਾਈ ਲੜਨ ਦੇ ਦਿੱਤੇ ਸੱਦੇ ਦੇ ਪਿਛੋਕੜ ਵਿੱਚ ਦੇਖਿਆ ਜਾ ਸਕਦਾ ਹੈ। ਇਸਦੇ ਨਾਲ ਹੀ ਇਹ ਕਤਲ ਹਾਪਕਿਨਸਨ ਦੇ ਮੁੱਖਬਰਾਂ ਦੇ ਅਤੇ ਉਹਨਾ ਦੇ ਦੁਸ਼ਮਨਾ ਦੇ ਕਤਲਾਂ ਦੀ ਲੜੀ ਦਾ ਹੀ ਇਕ ਹਿੱਸਾ ਸੀ। ਇਹ ਕਤਲ ਹਾਪਕਿਨਸਨ ਦੇ ਇਕ ਮੁੱਖਬਰ ਵੱਲੋਂ ਸੱਤ ਹਫਤੇ ਪਹਿਲਾਂ ਗੁਰਦੁਆਰੇ ਵਿੱਚ ਗੋਲੀ ਚਲਾ ਕੇ ਦੋ ਆਦਮੀਆਂ ਨੂੰ ਮਾਰਨ ਅਤੇ ਕਈਆਂ ਨੂੰ ਜ਼ਖਮੀ ਕਰਨ ਦੀ ਘਟਨਾ ਦਾ ਬਦਲਾ ਸੀ। ਇਹ ਵੀ ਹੋ ਸਕਦਾ ਹੈ ਕਿ ਇਹ ਅਮਲ ਮੇਵਾ ਸਿੰਘ ਵੱਲੋਂ ਪਸ਼ਚਾਤਾਪ ਕਰਨ ਅਤੇ ਕੁੱਝ ਮਹੀਨੇ ਪਹਿਲਾਂ ਰੀਵਾਲਵਰ ਸਮਗਲ ਕਰਨ ਦੇ ਕੇਸ ਸਮੇਂ ਲੰਬੀ ਸਜ਼ਾ ਤੋਂ ਬੱਚਣ ਲਈ ਕਮਿਊਨਟੀ ਦੇ ਲੀਡਰਾਂ ਵਿਰੁੱਧ ਦਿੱਤੇ ਬਿਆਨਾ ਕਾਰਨ ਆਪਣੇ ਵੱਕਾਰ ਉਪਰ ਪਏ ਅਸਰ ਨੂੰ ਦੂਰ ਕਰਨ ਲਈ ਕੀਤਾ ਹੋਵੇ।

ਕੈਨੇਡੀਅਨ ਸਰਕਾਰ ਵੱਲੋਂ ਹਾਪਕਿਨਸਨ ਦੇ ਕਤਲ ਦੀ ਖਬਰ ਬ੍ਰਿਟਿਸ਼ ਅਤੇ ਹਿੰਦੁਸਤਾਨੀ ਸਰਕਾਰ ਨੂੰ ਪਹੁੰਚਾਈ ਗਈ। ਹਿੰਦੁਸਤਾਨ ਦੇ ਸੈਕਟਰੀ ਆਫ ਸਟੇਟ ਨੇ ਵਾਇਸਰਾਏ ਨੂੰ ਦੱਸਿਆ,"ਹਾਪਕਿਨਸਨ ਦਾ ਕਤਲ ਉਸ ਵੱਲੋਂ ਹਿੰਦੁਸਤਾਨ ਲਈ ਕੀਤੇ ਕੰਮਾਂ ਕਰਕੇ ਹੋਇਆ ਹੈ।" ਹਾਪਕਿਨਸਨ ਦੀ ਵਿਧਵਾ ਨੂੰ ਹਿੰਦੁਸਤਾਨੀ ਸਰਕਾਰ ਨੇ 500 ਪੌਂਡ (2500 ਕੈਨੇਡੀਅਨ ਡਾਲਰ) 'ਸੀਕਰੇਟ ਸਰਵਿਸ ਫੰਡ' ਵਿੱਚੋਂ ਦਿੱਤੇ। ਪਹਿਲਾਂ ਵਾਇਸਰਾਏ ਅਜਿਹਾ ਕਰਨ ਤੋਂ ਝਿਜਕਦਾ ਸੀ ਖਾਸ ਕਰਕੇ ਕੈਨੇਡੀਅਨ ਅਖਬਾਰਾਂ ਵਿੱਚ ਇਸ ਬਾਰੇ ਛੱਪੀਆਂ ਖਬਰਾਂ ਪੜ ਕੇ। ਉਹ ਦੇਖ ਸਕਦਾ ਸੀ ਕਿ ਕੈਨੇਡੀਅਨ ਅਖਬਾਰਾਂ ਵਿੱਚ ਛਪੇ ਅਨੁਮਾਨਾ ਅਤੇ ਮੇਵਾ ਸਿੰਘ ਦੇ ਮੁਕੱਦਮੇ ਦੌਰਾਨ ਪੇਸ਼ ਗਵਾਹੀਆਂ ਵਿੱਚ ਹਾਪਕਿਨਸਨ ਦੇ ਹਿੰਦੁਸਤਾਨੀ ਅੰਗਰੇਜ਼ ਸਰਕਾਰ ਨਾਲ ਸਬੰਧਾਂ ਬਾਰੇ ਕੋਈ ਸੰਕੇਤ ਨਹੀਂ ਦਿੱਤੇ ਗਏ ਸਨ। ਕੈਨੇਡੀਅਨ ਅਖਬਾਰਾਂ ਨੇ ਕਤਲ ਨੂੰ ਹਾਪਕਿਨਸਨ ਵੱਲੋਂ ਕਾਮਾਗਾਟਾਮਾਰੂ ਦੇ ਸਬੰਧ ਵਿੱਚ ਕੀਤੇ ਕੰਮਾਂ ਨਾਲ ਜੋੜਿਆ ਸੀ। ਵਾਇਸਰਾਏ ਨੇ ਸਲਾਹ ਦਿੱਤੀ ਕਿ ਇਹ ਥਿਊਰੀ ਉਚਿਤ ਜਾਪਦੀ ਹੈ। ਨਾਲ ਹੀ ਉਸ ਸੋਚਿਆ ਕਿ ਕੈਨੇਡਾ ਦੇ ਇਕ ਇਮੀਗਰੇਸ਼ਨ ਅਫਸਰ ਦੇ ਪਰਿਵਾਰ ਨੂੰ ਸਹਾਇਤਾ ਦੇਣੀ ਹਿੰਦੁਸਤਾਨੀ ਸਰਕਾਰ ਲਈ ਸਿਆਣੀ ਗੱਲ ਨਹੀਂ ਹੋਵੇਗੀ। ਇਸ ਨਾਲ ਹਿੰਦੁਸਤਾਨੀ ਸਰਕਾਰ ਉਪਰ ਇਹ ਦੋਸ਼ ਲੱਗ ਸਕਦਾ ਸੀ ਕਿ ਉਸਨੇ ਕੈਨੇਡਾ ਤੋਂ ਹਿੰਦੁਸਤਾਨੀ ਅਵਾਸੀਆਂ ਨੂੰ ਕੱਢਣ ਵਿੱਚ ਕੈਨੇਡੀਅਨ ਸਰਕਾਰ ਦੀ ਮਦੱਦ ਕੀਤੀ ਸੀ। ਉਹ ਪੂਰੀ ਤਰ੍ਹਾਂ ਚੌਕਸ ਰਹਿਣਾ ਚਾਹੁੰਦਾ ਸੀ ਭਾਵੇਂ ਇਹ ਰਕਮ ਗੁਪਤ ਫੰਡ ਵਿੱਚ ਦਿੱਤੀ ਜਾਣੀ ਸੀ ਅਤੇ ਇਸਦਾ ਭੇਦ ਬਾਹਰ ਨਹੀਂ ਕੱਢਿਆ ਜਾਣਾ ਸੀ। ਲੰਡਨ ਸਰਕਾਰ ਦਾ ਜੁਆਬ ਬੜਾ ਸਪਸ਼ਟ ਸੀ,"ਇੰਡੀਆ ਦਾ ਹਾਪਕਿਨਸਨ ਪ੍ਰਤੀ ਕੋਈ ਫਰਜ਼ ਬਣਦਾ ਸੀ"। ਇਸਤੋਂ ਬਾਅਦ ਵਾਇਸਰਾਏ ਨੇ ਝੱਟ ਆਪਣੀ ਸਵੀਕ੍ਰਿਤੀ ਦੇ ਦਿੱਤੀ ,"ਅਸੀਂ ਪਹਿਲਾਂ ਹੀ ਕਹਿ ਚੁੱਕੇ ਹਾਂ ਕਿ ਹਾਪਕਿਨਸਨ ਦੇ ਪਰਿਵਾਰ ਦਾ ਮੁਆਵਜ਼ੇ ਲਈ ਪੂਰਾ ਹੱਕ ਬਣਦਾ ਹੈ। " ਕੈਨੇਡੀਅਨ ਸਰਕਾਰ ਇੰਨੀ ਦਰਿਆ ਦਿੱਲ ਨਹੀਂ ਸੀ। ਉਸਨੇ ਹਾਪਕਿਨਸਨ ਦੀ ਪਤਨੀ ਨੂੰ ਇਮੀਗਰੇਸ਼ਨ ਵਿਭਾਗ ਵਿੱਚ 1000 ਡਾਲਰ ਸਲਾਨਾ ਤਨਖਾਹ ਉਪਰ ਸਟੈਨੋਗਰਾਫਰ ਦੀ ਨੌਕਰੀ ਪੇਸ਼ ਕੀਤੀ। ਕੈਨੇਡੀਅਨ ਸਰਕਾਰ ਨੇ ਉਸਨੂੰ ਕੋਈ ਇਕੱਠੀ ਰਕਮ ਨਹੀਂ ਦਿੱਤੀ ਸੀ।

ਹਾਪਕਿਨਸਨ ਦੀ ਮੌਤ ਤੋਂ ਦੂਜੇ ਦਿਨ ਗਵਰਨਰ ਜਨਰਲ ਨੇ ਜਾਨਣਾ ਚਾਹਿਆ ਕਿ ਉਸਦੀ ਥਾਂ ਭਰਨ ਲਈ ਕੀ ਕੀਤਾ ਜਾ ਰਿਹਾ ਹੈ। ਇਨਟੀਰਅਰ ਮਹਿਕਮੇ ਦੇ ਡਿਪਟੀ ਮਨਿਸਟਰ ਨੇ ਉਸਨੂੰ ਦੱਸਿਆ ਕਿ ਉਸਨੂੰ ਆਸ ਹੈ ਕਿ ਇੰਡੀਆ ਆਫਿਸ ਹਾਪਕਿਨਸਨ ਦੀ ਯੋਗਤਾ ਅਤੇ ਦਰਜੇ ਦਾ ਅਫਸਰ ਲੱਭ ਲਵੇਗੀ, ਪਰ ਅਜੇ ਤੱਕ ਇਸ ਬਾਰੇ ਕੋਈ ਸੂਚਨਾ ਪ੍ਰਾਪਤ ਨਹੀਂ ਹੋਈ।"ਮੁੱਢ ਵਿੱਚ ਮਿਸਟਰ ਹਾਪਕਿਨਸਨ ਸਾਨੂੰ ਉਸ ਹੀ ਸਰਵਿਸ ਰਾਹੀਂ ਪ੍ਰਾਪਤ ਹੋਇਆ ਸੀ।" ਡਿਪਟੀ ਮਨਿਸਟਰ ਕੋਰੀ 1909 ਵਿੱਚ ਵੀ ਡਿਪਟੀ ਮਨਿਸਟਰ ਸੀ ਅਤੇ ਉਸਨੇ ਹਾਪਕਿਨਸਨ ਦੀ ਨਿਯੁਕਤੀ ਕੀਤੀ ਸੀ। ਉਸਦੇ ਇਹਨਾ ਸ਼ਬਦਾਂ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਸੀ ਕਿ 1909 ਵਿੱਚ ਹਿੰਦੁਸਤਾਨੀ ਸਰਕਾਰ ਨੇ ਹੀ ਹਾਪਕਿਨਸਨ ਨੂੰ ਕੈਨੇਡਾ ਭੇਜਿਆ ਸੀ। ਚਾਰ ਨਵੰਬਰ 1914 ਨੂੰ ਹਿੰਦੁਸਤਾਨ ਦੇ ਸੈਕਟਰੀ ਆਫ ਸਟੇਟ ਨੇ ਜੁਆਬ ਭੇਜਿਆ ਕਿ ਹਾਪਕਿਨਸਨ ਦੀ ਮੌਤ ਨਾਲ ਖਾਲੀ ਹੋਈ ਥਾਂ ਨਹੀਂ ਭਰੀ ਜਾਵੇਗੀ ਅਤੇ ਕੈਨੇਡੀਅਨ ਇਮੀਗਰੇਸ਼ਨ ਵਿਭਾਗ ਨੂੰ ਹਿੰਦੁਸਤਾਨੀ ਅਵਾਸੀਆਂ ਦੀਆਂ ਸਿਆਸੀ ਸਰਗਰਮੀਆਂ ਦੀ ਜਾਸੂਸੀ ਕਰਨ ਦੀ ਲੋੜ ਨਹੀਂ। ਪਰ ਨਾਲ ਹੀ ਇਹ ਵੀ ਕਿਹਾ ਗਿਆ ਸੀ ਕਿ ਜੇ ਇਮੀਗਰੇਸ਼ਨ ਅਧਿਕਾਰੀਆਂ ਨੂੰ ਇਸ ਬਾਰੇ ਕੋਈ ਜਾਣਕਾਰੀ ਹਾਸਲ ਹੋਵੇ ਤਾਂ ਉਹ ਅਗਾਂਹ ਪਹੁੰਚਦੀ ਕਰ ਦੇਣ। ਇੰਡੀਆ ਆਫਿਸ ਦੇ ਫੈਸਲੇ ਅਨੁਸਾਰ ਹਾਪਕਿਨਸਨ ਵਾਲਾ ਕੰਮ ਕਰਨ ਲਈ ਇਕ ਇਮੀਗਰੇਸ਼ਨ ਅਫਸਰ ਦਾ ਭੇਸ ਠੀਕ ਨਹੀਂ ਸੀ। ਇਸ ਬਾਰੇ ਕੈਨੇਡੀਅਨ ਅਧਿਕਾਰੀਆਂ ਨੂੰ ਕੋਈ ਇਤਰਾਜ਼ ਨਹੀਂ ਸੀ ਕਿਉਂਕਿ ਉਹ ਵੀ ਇਸ ਹੀ ਸਿੱਟੇ ਉਪਰ ਪੁੱਜੇ ਸਨ। ਫਿਰ ਵੀ ਕੈਨੇਡੀਅਨ ਅਧਿਕਾਰੀਆਂ ਦੀ ਧਾਰਣਾ ਸੀ ਕਿ ਉਸਦੀ ਥਾਂ ਕਿਸੇ ਨਾ ਕਿਸੇ ਰੂਪ ਵਿੱਚ ਜ਼ਰੂਰ ਭਰੀ ਜਾਵੇਗੀ। ਹੋਰ ਪੁੱਛ ਗਿੱਛ ਕਰਨ ਉਪਰ ਕਾਲੋਨੀਅਲ ਸੈਕਟਰੀ ਲਾਰਡ ਹਾਰਕੋਟ ਨੇ ਗਵਰਨਰ ਜਨਰਲ ਨੂੰ ਹੇਠਾਂ ਦਿੱਤੇ ਸੁਨੇਹੇ ਭੇਜੇ:

(21 ਜਨਵਰੀ 1915) "ਇਸ ਸਮੇਂ ਭਾਰਤ ਸਰਕਾਰ ਸ਼ਾਂਤ ਮਹਾਂ ਸਾਗਰ ਦੇ ਕੰਢੇ ਉਪਰ ਹਿੰਦੁਸਤਾਨੀਆਂ ਦੀਆਂ

ਬਾਗੀਆਨਾ ਕਾਰਵਾਈਆਂ ਦੀ ਸੂਹ ਰੱਖਣ ਲਈ ਕੋਈ ਨਵਾਂ ਪ੍ਰਬੰਧ ਕਰਨ ਲਈ ਤਿਆਰ ਨਹੀਂ...."

(10 ਅਪ੍ਰੈਲ 1915) "ਹਿੰਦੁਸਤਾਨ ਦੇ ਸੈਕਟਰੀ ਆਫ ਸਟੇਟ, ਲਾਰਡ ਕਰੀਵੀ ਵਲੋਂ ਸਪੱਸ਼ਟ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਮੇਂ ਜੰਗ ਦੇ ਦੌਰਾਨ ਹਿੰਦੁਸਤਾਨੀ ਸਰਕਾਰ ਦਾ ਸ਼ਾਂਤ ਮਹਾਂਸਾਗਰ ਦੇ ਕੰਢੇ ਉਪਰ ਕਿਸੇ ਏਜੰਟ ਦੀ ਨਿਯੁਕਤੀ ਦਾ ਕੋਈ ਵਿਚਾਰ ਨਹੀਂ ਹੈ।"

ਇਹਨਾਂ ਸੁਨੇਹਿਆਂ ਨੂੰ ਜਿਉਂ ਦਾ ਤਿਉਂ ਨਹੀਂ ਮੰਨ ਲੈਣਾ ਚਾਹੀਦਾ। ਉੱਤਰੀ ਅਮਰੀਕਾ ਤੋਂ ਪਰਤ ਗਏ ਪੰਜਾਬੀਆਂ ਨੇ ਫਰਵਰੀ 1915 ਵਿੱਚ ਪੰਜਾਬ ਵਿੱਚ ਨਿਸਫਲ ਬਗਾਵਤ ਕੀਤੀ। ਇਸ ਬਗਾਵਤ ਦੇ ਪ੍ਰੇਰਨਾ ਸਰੋਤ ਸਾਨਫਰਾਂਸਿਸਕੋ, ਵੈਨਕੂਵਰ ਅਤੇ ਵਿਕਟੋਰੀਆ ਵਿੱਚ ਰਹਿ ਰਹੇ ਇਨਕਲਾਬੀ ਸਨ। ਕਾਲੋਨੀਅਲ ਸੈਕਟਰੀ ਦੇ ਸ਼ਬਦਾਂ ਵਿੱਚ,"ਇਹ ਬਗਾਵਤ ਹਾਪਕਿਨਸਨ ਵਲੋਂ ਕੀਤੇ ਕੰਮ ਦੀ ਕੀਮਤ ਦੱਸਦੀ ਸੀ। " ਅਤੇ ਇਹ ਕੰਮ ਅਜੇ ਮੁੱਕਾ ਨਹੀਂ ਸੀ। ਇਸ ਬਗਾਵਤ ਦੌਰਾਨ ਗ੍ਰਿਫਤਾਰ ਕੀਤੇ ਗਏ ਲੋਕਾਂ ਦੇ ਮੁਕੱਦਮਿਆਂ ਦੀ ਸੁਣਵਾਈ 26 ਅਪ੍ਰੈਲ 1915 ਨੂੰ ਸ਼ੁਰੂ ਹੋਈ। ਭਾਰਤ ਸਰਕਾਰ ਇਸ ਸੰਬਧ ਵਿੱਚ ਹਰ ਤਰ੍ਹਾਂ ਦੇ ਸਬੂਤ ਇਕੱਠੇ ਕਰ ਰਹੀ ਸੀ। ਉਹ ਜਾਨਣਾ ਚਾਹੁੰਦੇ ਸਨ ਕਿ ਨਾਰਥ ਅਮਰੀਕਾ ਵਿੱਚੋਂ ਹੋਰ ਕਿੰਨੇ ਭਾਰਤੀ ਵਾਪਿਸ ਪਰਤਣਾ ਚਾਹੁੰਦੇ ਸਨ ਅਤੇ ਉਹਨਾ ਵਿੱਚੋਂ ਕਿੰਨੇ ਖਤਰਨਾਕ ਸਨ। ਉਹ ਇਹ ਵੀ ਜਾਨਣਾ ਚਾਹੁੰਦੇ ਸਨ ਕਿ ਇਸ ਸਮੇਂ ਜਰਮਨ ਕੀ ਕਰ ਰਹੇ ਸਨ। 1914 ਦੇ ਅਖੀਰ ਤੇ ਸਾਨਫਰਾਂਸਿਸਕੋ ਦੇ ਜਰਮਨ ਕਾਉਂਸਲੇਟ ਨੇ ਤਾਰਕਨਾਥ ਦਾਸ ਰਾਹੀਂ ਗਦਰੀਆਂ ਨਾਲ ਸੰਬਧ ਬਣਾਏ ਸਨ। 1915 ਦੀਆਂ ਗਰਮੀਆਂ ਤੱਕ ਕੈਨੇਡੀਅਨ ਅਧਿਕਾਰੀਆਂ ਨੂੰ ਪਤਾ ਲੱਗ ਚੁੱਕਾ ਸੀ ਕਿ ਨਾਰਥ ਅਮਰੀਕਾ ਵਿੱਚ ਜਰਮਨ ਭਾਰਤੀ ਇਨਕਲਾਬੀਆਂ ਦੀ ਮਾਲੀ ਮੱਦਦ ਕਰ ਰਹੇ ਸਨ। ਇੰਡੀਆ ਆਫਿਸ ਅਤੇ ਭਾਰਤੀ ਸਰਕਾਰ ਨਾਰਥ ਅਮਰੀਕਾ ਵਿੱਚ ਜਾਸੂਸੀ ਬੰਦ ਕਰਨ ਦੇ ਫੈਸਲੇ ਤੋਂ ਬਹੁਤ ਦੂਰ ਸਨ।

ਆਰਕਾਈਵਜ਼ ਵਿੱਚ ਮਿਲਦੇ ਸਬੂਤਾਂ ਅਨੁਸਾਰ 1916-1918 ਵਿੱਚਕਾਰ ਨਾਰਥ ਅਮਰੀਕਾ ਵਿੱਚ ਰਾਬਰਟ ਨਾਥਨ ਭਾਰਤ ਦਾ 'ਅੰਡਰਕਵਰ' ਜਾਸੂਸ ਸੀ। ਉਹ ਸਿਵਲ ਸਰਵਿਸ ਵਿੱਚੋਂ ਰੀਟਾਇਰ ਹੋਇਆ ਉੱਚ-ਅਧਿਕਾਰੀ ਸੀ। ਉਹਨੇ ਭਾਰਤ ਵਿੱਚ 26 ਸਾਲ ਕੰਮ ਕੀਤਾ ਸੀ। ਉਹ ਵਾਇਸਰਾਏ ਦਾ ਪ੍ਰਾਈਵੇਟ ਸੈਕਟਰੀ ਅਤੇ ਪੂਰਬੀ ਬੰਗਾਲ ਅਤੇ ਆਸਾਮ ਦੀਆਂ ਸਰਕਾਰਾਂ ਦਾ ਚੀਫ ਸੈਕਟਰੀ ਰਹਿ ਚੁੱਕਾ ਸੀ। ਹਾਪਕਿਨਸਨ ਵਾਂਗ ਲੰਡਨ ਵਿੱਚ ਉਸਦਾ ਸੰਪਰਕ ਵੀ ਜੇ.ਏ.ਵਾਲਿੰਗਰ ਨਾਲ ਸੀ। ਉਸਦੇ ਬੱਜਟ ਵਿੱਚ ਪੈਸੇ ਦੇ ਕੇ ਜਾਣਕਾਰੀ ਹਾਸਲ ਕਰਨ ਦਾ ਖਰਚਾ ਵੀ ਸ਼ਾਮਲ ਸੀ। ਉਹ ਆਪਣੇ ਸੂਹਿਆਂ ਅਤੇ ਜੇ.ਏ.ਵਾਲਿੰਗਰ ਨਾਲ ਗਵਰਨਰ ਜਨਰਲ ਦੇ ਦਫਤਰ ਰਾਹੀਂ ਸੰਪਰਕ ਰੱਖਦਾ ਸੀ। ਵੈਨਕੂਵਰ ਵਿੱਚ ਉਸਦਾ ਏਜੰਟ ਮੈਲਕਮ ਰੀਡ ਸੀ। ਕੈਨੇਡਾ ਵਿੱਚ ਨਾਥਨ ਨੂੰ ਹਰ ਤਰ੍ਹਾਂ ਦਾ ਸਹਿਯੋਗ ਪ੍ਰਾਪਤ ਸੀ। 1916 ਦੇ ਸ਼ੁਰੂ ਵਿੱਚ ਬੀ.ਸੀ. ਦੀਆਂ ਤਾਰ ਭੇਜਣ ਵਾਲੀਆਂ ਕੰਪਨੀਆਂ ਹਰ ਭਾਰਤੀ ਜਾਂ ਚੀਨੇ ਵੱਲੋਂ ਭੇਜੀ ਜਾਂਦੀ ਜਾਂ ਉਸਨੂੰ ਆਉਣ ਵਾਲੀ ਤਾਰ ਰਸਤੇ ਵਿੱਚ ਰੋਕਦੀਆਂ ਸਨ। ਇਹਨਾਂ ਤਾਰਾਂ ਦੀਆਂ ਕਾਪੀਆਂ ਨਾਥਨ,ਡੁਮੀਨਿਅਨ ਪੁਲੀਸ ਕਮਿਸ਼ਨਰ ਅਤੇ 'ਪਰੈਸ ਸੈਂਸਰ' ਦੇ ਚੀਫ ਨੂੰ ਭੇਜੀਆਂ ਜਾਂਦੀਆਂ ਸਨ। ਇਹਨਾ ਵਿੱਚੋਂ ਬਹੁਤੀਆਂ ਤਾਰਾਂ ਖਾਸ ਮਹੱਤਵ ਵਾਲੀਆਂ ਨਹੀਂ ਸੀ ਹੁੰਦੀਆਂ। ਉਹਨਾ ਵਿੱਚ ਬਹੁਤਾ ਕਰਕੇ ਕੰਮਾਂ ਕਾਰਾਂ ਬਾਰੇ ਹੀ ਗੱਲਬਾਤ ਹੁੰਦੀ।ਜਿਵੇਂ , "ਜੇ ਕੋਈ ਕੰਮ ਹੋਇਆ ਤਾਂ ਪਤਾ ਦੇਈਂ। ਪੈਸੇ ਕਿੰਨੇ ਮਿਲਦੇ ਹਨ? ਮੈਂ ਇਕੱਲਾ ਹੀ ਹਾਂ" ਜਾਂ," ਵਾਰਡਨਰ ਨੂੰ ਛੇਤੀਂ ਆ ਜਾ। ਤੇਰੇ ਅਤੇ ਜਗਤ ਸਿੰਘ ਲਈ ਕੰਮ ਹੈਗਾ।" ਜਾਂ,"ਤੂੰ ਅਤੇ ਧਰਮਪਾਲ ਛੇਤੀਂ ਆ ਜਾਉ। ਮਿੱਲ ਸੋਮਵਾਰ ਨੂੰ ਚੱਲਣੀ ਹੈ।" ਜਦੋਂ ਡੁਮੀਨਿਅਨ ਪੋਲੀਸ ਕਮਿਸ਼ਨਰ ਨੇ ਸਲਾਹ ਦਿੱਤੀ ਕਿ ਅਜਿਹੇ ਸੁਨੇਹੇ ਇਕੱਠੇ ਕਰਨ ਦਾ ਕੋਈ ਫਾਇਦਾ ਨਹੀਂ ਤਾਂ ਉਸਨੂੰ ਅੱਗਿਉਂ ਜੁਆਬ ਮਿਲਿਆ ਕਿ ਨਾਥਨ ਇਹਨਾ ਨੂੰ ਕੀਮਤੀ ਸਮਝਦਾ ਹੈ। ਇਹ ਕਾਰਵਾਈ ਜੰਗ ਖਤਮ ਹੋਣ ਦੇ ਇਕ ਸਾਲ ਬਾਅਦ ਦਸੰਬਰ 1919 ਤੱਕ ਚਲਦੀ ਰਹੀ। ਇਹ ਹੋਰ ਸਮਾਂ ਚਲਦੀ ਰਹਿਣੀ ਸੀ ਜੇ ਜੰਗ ਦੌਰਾਨ ਕਾਇਮ ਕੀਤਾ ਸੈਂਸਰਸ਼ਿੱਪ ਪ੍ਰਬੰਧ ਲਾਗੂ ਰਹਿੰਦਾ।

ਨਾਥਨ ਦਾ ਸਾਬਕਾ ਇਮੀਗਰੇਸ਼ਨ ਏਜੰਟ ਆਰ.ਜੇ.ਰੀਡ ਨਾਲ ਨੇੜੇ ਦਾ ਸੰਬਧ ਸੀ। ਜਨਵਰੀ 1915 ਵਿੱਚ ਰੀਡ ਨੂੰ ਇਮੀਗਰੇਸ਼ਨ ਮਹਿਕਮੇ ਵਿੱਚੋਂ ਹਟਾ ਬ੍ਰਿਟਿਸ਼ ਕੋਲੰਬੀਆ ਦਾ ਡੁਮੀਨਿਅਨ ਇਮੀਗਰੇਸ਼ਨ ਇਨਸਪੈਕਟਰ ਬਣਾ ਦਿੱਤਾ ਗਿਆ ਸੀ। ਇਹ ਤਬਦੀਲੀ ਇਕ 'ਡਿਮੋਸ਼ਨ' ਜਾਪਦੀ ਸੀ। ਬਾਅਦ ਵਿੱਚ ਰੀਡ ਨੇ ਇਸ ਬਾਰੇ ਸ਼ਿਕਾਇਤ ਵੀ ਕੀਤੀ ਸੀ ਕਿ ਇਮੀਗਰੇਸ਼ਨ ਦਾ ਅਸਿਸਟੈਂਟ ਸੁਪਰਡੈਂਟ, ਈ.ਬਲੇਕ ਰੋਬਰਟਸਨ,ਜਿਸਨੇ ਇਸ ਬਦਲੀ ਦੀ ਸਿਫਾਰਸ਼ ਕੀਤੀ ਸੀ, ਰੀਡ ਨੂੰ ਉਸਦੇ ਉਰਐਂਟਲ ਇਮੀਗਰੇਸ਼ਨ ਬਾਰੇ ਨਜ਼ਰੀਏ ਕਰਕੇ ਪਸੰਦ ਨਹੀਂ ਸੀ ਕਰਦਾ। ਹਾਪਕਿਨਸਨ ਦੀ ਮੌਤ ਕਾਰਨ ਅਣਗੌਲ੍ਹੇ ਰਹਿ ਗਏ ਜਾਸੂਸੀ ਦੇ ਕੰਮ ਨੂੰ, ਇਧਰੋਂ ਉਧਰੋਂ ਥੋੜ੍ਹੀ ਬਹੁਤ ਜਾਣਕਾਰੀ ,ਫਿਰ ਤੋਂ ਇਕੱਠੀ ਕਰਨੀ ਸ਼ੁਰੂ ਕਰਕੇ ਰੀਡ ਨੇ ਆਪਣੇ ਲਈ ਨਵਾਂ ਕੰਮ ਲੱਭ ਲਿਆ ਸੀ। ਪਹਿਲਾਂ ਵੀ,ਹਾਪਕਿਨਸਨ ਦੀ ਵੈਨਕੂਵਰ ਤੋਂ ਗੈਰਹਾਜ਼ਰੀ ਸਮੇਂ ਰੀਡ ਇਹ ਕੰਮ ਬੜੇ ਸੁਆਦ ਨਾਲ ਕਰਿਆ ਕਰਦਾ ਸੀ। 1911 ਵਿੱਚ ਹਾਪਕਿਨਸਨ ਨੇ ਇਨਟੀਰਅਰ ਦੇ ਡਿਪਟੀ ਮਨਿਸਟਰ ਦੀ ਮਦੱਦ ਨਾਲ ਡੁਮੀਨਿਅਨ ਪੁਲੀਸ ਫੋਰਸ(ਇਕ ਹਥਿਆਰ ਰਹਿਤ ਫੈਡਰਲ ਫੋਰਸ ਜੋ ਆਪਣੇ ਜਾਸੂਸੀ ਦੇ ਕੰਮਾਂ ਲਈ ਦੂਜੀਆਂ ਏਜੰਸੀਜ਼ ਤੇ ਨਿਰਭਰ ਕਰਦੀ ਸੀ) ਵਿੱਚ ਕਾਂਸਟੇਬਲ ਦੀ ਨਿਯੁਕਤੀ ਅਤੇ ਇਕ ਬੈਜ ਹਾਸਲ ਕਰ ਲਿਆ ਸੀ। ਉਸ ਸਮੇਂ ਰੀਡ ਨੇ ਵੀ ਇਸ ਫੋਰਸ ਵਿੱਚ ਨਿਯੁਕਤੀ ਲਈ ਕੋਸ਼ਿਸ਼ ਕੀਤੀ ਸੀ ਕਿਉਂਕਿ ਉਹ ਹਾਪਕਿਨਸਨ ਦੇ ਕੰਮ ਵੱਲ ਆਕਰਸ਼ਿਤ ਸੀ।

"ਇਮੀਗਰੇਸ਼ਨ ਅਫਸਰ ਆਪਣੇ ਇਮੀਗਰੇਸ਼ਨ ਦੇ ਕੰਮ ਨਾਲ ਹੀ ਸੰਬਧ ਰੱਖਣ" ਵਰਗੀਆਂ ਹਿਦਾਇਤਾਂ ਦੇ ਬਾਵਜੂਦ ਵੀ ਰੀਡ ਦਾ ਰੋਲ ਵੱਧ ਗਿਆ ਸੀ। ਇਸਦਾ ਕਾਰਨ ਇਹ ਸੀ ਕਿ ਇਮੀਗਰੇਸ਼ਨ ਅਫਸਰਾਂ ਨੂੰ ਇਹ ਵੀ ਕਿਹਾ ਗਿਆ ਸੀ ਕਿ ਜੇ ਉਹਨਾ ਨੂੰ ਕੋਈ ਜਾਣਕਾਰੀ ਪ੍ਰਾਪਤ ਹੋਵੇ ਉਹ ਉਸਨੂੰ ਜ਼ਰੂਰ ਅਗਾਂਹ ਭੇਜਣ। ਇਸ ਲਈ ਉਹ ਹਰ ਚੀਜ਼ ਦੀਆਂ ਤਿੰਨ ਕਾਪੀਆਂ -ਇਕ ਮਹਿਕਮੇ ਲਈ,

ਇਕ ਗਵਰਨਰ ਜਨਰਲ ਲਈ, ਅਤੇ ਇਕ ਲੰਡਨ ਲਈ-ਬਣਾਉਂਦੇ। ਹਾਪਕਿਨਸਨ ਦੇ ਸਮੇਂ ਤੋਂ ਚੱਲੀ ਆ ਰਹੀ ਰਵਾਇਤ ਅਨੁਸਾਰ ਇਮੀਗਰੇਸ਼ਨ ਅਧਿਕਾਰੀਆਂ ਨੂੰ ਡਾਕਖਾਨੇ ਵਲੋਂ ਡਾਕ ਵਿੱਚੋਂ ਕੱਢ ਕੇ ਮਨ੍ਹਾ ਕੀਤੇ ਹੋਏ ਭਾਰਤੀ ਅਖਬਾਰਾਂ ਦੀਆਂ ਕਾਪੀਆਂ ਅਤੇ ਸਾਨਫਰਾਂਸਿਸਕੋ ਦੇ ਬ੍ਰਿਟਿਸ਼ ਕੌਂਸਲ ਜਨਰਲ ਐਂਡਰਿਊ ਕਾਰਨਿਗੀ ਰੋਸ ਵੱਲੋਂ ਭੇਜੀਆਂ ਜਾਂਦੀਆਂ ਰੀਪੋਰਟਾਂ ਬਕਾਇਦਗੀ ਨਾਲ ਪ੍ਰਾਪਤ ਹੁੰਦੀਆਂ। ਅਗਸਤ 1914 ਵਿੱਚ ਰੋਸ ਨੂੰ ਹਦਾਇਤਾਂ ਮਿਲੀਆਂ ਸਨ ਕਿ ਉਹ ਹਾਪਕਿਨਸਨ ਦੀ ਛਾਣਬੀਣ ਲਈ ਭਾਰਤ ਨੂੰ ਜਾ ਰਹੇ ਮੁਸਾਫਰਾਂ ਦੀਆਂ ਲਿਸਟਾਂ ਭੇਜੇ ਅਤੇ ਉਦੋਂ ਤੋਂ ਹੀ ਉਹ ਭਾਰਤ ਨਾਲ ਸੰਬਧਤ ਸਮਗਰੀ ਵੈਨਕੂਵਰ ਦੇ ਇਮੀਗਰੇਸ਼ਨ ਦੇ ਦਫਤਰ(ਵਾਸ਼ਿੰਗਟਨ ਵਿੱਚ ਸਥਿੱਤ ਬ੍ਰਿਟਿਸ਼ ਸਫਾਰਤਖਾਨੇ ਦੀ ਥਾਂ) ਰਾਹੀਂ ਹੀ ਭੇਜਦਾ ਆ ਰਿਹਾ ਸੀ। ਇਸੇ ਤਰ੍ਹਾਂ ਹਾਪਕਿਨਸਨ ਦੇ ਤਿਆਰ ਕੀਤੇ ਭਾਰਤੀ ਮੁੱਖਬਰ ਹੁਣ ਵੀ ਇਮੀਗਰੇਸ਼ਨ ਦੇ ਦਫਤਰ ਆ ਪਹੁੰਚਦੇ। ਇਸ ਤਰ੍ਹਾਂ ਜਾਸੂਸੀ ਦੀਆਂ ਗਤੀਵਿੱਧੀਆਂ ਚਲਦੀਆਂ ਰਹੀਆਂ ਅਤੇ ਰੀਡ ਉਹਨਾ ਦਾ ਇਨਚਾਰਜ ਬਣ ਗਿਆ। ਭਾਵੇਂ ਰੀਡ ਦਾ ਅਹੁਦਾ ਇਮੀਗਰੇਸ਼ਨ ਏਜੰਟ ਏ.ਐਫ. ਜੋਲਿਫ ਦੀ ਨਿਗਰਾਨੀ ਹੇਠ ਨਹੀਂ ਆਉਂਦਾ ਸੀ ਪਰ ਉਸਦਾ ਦਫਤਰ ਇਮੀਗਰੇਸ਼ਨ ਬਿਲਡਿੰਗ ਵਿੱਚ ਦੂਸਰੀ ਛੱਤ ਤੇ ਇਕ ਨਿੱਕੇ ਜਿਹੇ ਕਮਰੇ ਜਿਸਦਾ ਪਿਛਲਾ ਹਿੱਸਾ ਪਿਛਲੀਆਂ ਪੌੜੀਆਂ ਨਾਲ ਲੱਗਦਾ ਸੀ,ਵਿੱਚ ਸੀ। ਇਹ ਥਾਂ ਉਸ ਲਈ ਬਹੁਤ ਫਾਇਦੇਮੰਦ ਸੀ ਕਿਉਂਕਿ ਉਸਨੂੰ ਮਿਲਣ ਵਾਲੇ ਗੁਪਤ ਰੂਪ ਵਿੱਚ ਮਿਲਣ ਆ ਸਕਦੇ ਸਨ। 1916 ਤੱਕ ਉਹ ਡੁਮੀਨਿਅਨ ਪੁਲੀਸ ਕਮਿਸ਼ਨਰ ਅਤੇ ਪਰੈਸ ਸੈਂਸਰਸ਼ਿਪ ਸਰਵਿਸ ਦੇ ਸ਼ਾਂਤ ਮਹਾਂ ਸਾਗਰ ਦੇ ਕੰਢੇ ਦੇ ਏਜੰਟ ਦੇ ਤੌਰ ਤੇ ਕੰਮ ਕਰਨ ਲੱਗ ਪਿਆ ਸੀ। ਇਸਦੇ ਨਾਲ ਹੀ ਉਹ ਵੈਨਕੂਵਰ ਵਿੱਚ ਨਾਥਨ ਦਾ ਸੰਪਰਕ ਸੀ। ਉਹ ਚੀਨਿਆਂ ਅਤੇ ਭਾਰਤੀਆਂ ਦੀ ਨਿਗਰਾਨੀ ਕਰਦਾ ਸੀ। ਇਸ ਕੰਮ ਲਈ ਉਸਨੂੰ ਬੀ.ਸੀ. ਤੋਂ ਲੈ ਕੇ ਮੈਕਸੀਕੋ ਦੇ ਬਾਰਡਰ ਤੱਕ ਆਉਣਾ ਜਾਣਾ ਪੈਂਦਾ ਸੀ। ਬਾਅਦ ਵਿੱਚ ਉਸਦੀ ਨਿਗਰਾਨੀ ਦੇ ਘੇਰੇ ਵਿੱਚ ਟਰੇਡ ਯੂਨੀਅਨਾ ਵੀ ਸ਼ਾਮਲ ਕਰ ਦਿੱਤੀਆਂ ਗਈਆਂ ਸਨ। ਇਸ ਤਰ੍ਹਾਂ ਜਾਸੂਸੀ ਦੇ ਮਾਮਲੇ ਵਿੱਚ ਰੀਡ ਬੀ.ਸੀ. ਦੀ ਇਕ ਪ੍ਰਮੁੱਖ ਹਸਤੀ ਬਣ ਗਿਆ ਸੀ। 1918 ਵਿੱਚ ਪੱਛਮੀ ਕੈਨੇਡਾ ਵਿੱਚ ਰੌਇਲ ਕੈਨੇਡੀਅਨ ਨਾਰਥ ਵੈਸਟ ਮਾਉਂਟਿਡ ਪੁਲੀਸ ਨੇ ਡੁਮੀਨਿਅਨ ਪੁਲੀਸ ਕੋਲੋਂ ਜਾਸੂਸੀ ਦੇ ਕੰਮ ਦਾ ਚਾਰਜ ਲੈ ਲਿਆ। ਰੀਡ ਦੇ ਸਰਪ੍ਰਸਤ ਵੈਨਕੂਵਰ ਤੋਂ ਪਾਰਲੀਮੈਂਟ ਦੇ ਮੈਂਬਰ ਐਚ.ਐਚ. ਸਟੀਵਨਜ ਦੇ ਜੋਰ ਪਾਉਣ ਤੇ ਵੀ ਮਾਉਂਟਿਡ ਪੁਲੀਸ ਨੇ ਰੀਡ ਨੂੰ ਆਪਣੇ ਵਿੱਚ ਸ਼ਾਮਲ ਕਰਨ ਤੋਂ ਨਾਹ ਕਰ ਦਿੱਤੀ। ਉਹਨਾਂ ਨੂੰ ਰੀਡ ਦੀਆਂ ਫਾਇਲਾਂ ਚਾਹੀਦੀਆਂ ਸਨ ਰੀਡ ਨਹੀਂ। ਜਾਪਦਾ ਹੈ 1936 ਵਿੱਚ ਆਪਣੀ ਮੌਤ ਤੱਕ, ਇਕ ਇਮੀਗਰੇਸ਼ਨ ਅਫਸਰ ਦੇ ਤੌਰ 'ਤੇ ਰੀਡ ਨੇ ਬ੍ਰਿਟਿਸ਼ ਇਨਟੈਲੀਜੈਂਸ ਨਾਲ ਕੰਮ ਕਰਨਾ ਵੀ ਜਾਰੀ ਰੱਖਿਆ। ਉਸਦੇ ਜਾਸੂਸੀ ਦੇ ਕੰਮ ਨੂੰ ਵੈਨਕੂਵਰ ਇਮੀਗਰੇਸ਼ਨ ਵਿਭਾਗ ਦੀ ਸਪੈਸ਼ਲ ਏਜੰਸੀ ਦੇ ਨਾ ਹੇਠ ਇਮੀਗਰੇਸ਼ਨ ਮਹਿਕਮੇ ਨਾਲ ਨਿਸ਼ਚਿਤ ਰੂਪ ਵਿੱਚ ਸ਼ਾਮਲ ਕਰ ਲਿਆ ਗਿਆ ਸੀ।1923-24 ਵਿੱਚ ਇਸ ਏਜੰਸੀ ਦਾ ਬੱਜਟ 7927.28 ਡਾਲਰ ਸੀ। ਇਸ ਵਿੱਚੋਂ ਰੀਡ ਦੀ ਤਨਖਾਹ ਅਤੇ ਖਰਚਿਆਂ ਤੋਂ ਬਿਨਾ ਦੋ ਸਟੈਨੋਗਰਾਫਰਾਂ, ਇਕ ਫੁੱਲਟਾਇਮ ਚੀਨੀ ਦੁਭਾਸ਼ੀਏ ਅਤੇ ਇਕ ਪਾਰਟ-ਟਾਇਮ ਪੰਜਾਬੀ ਦੁਭਾਸ਼ੀਏ ਦੀ ਤਨਖਾਹ ਦਿੱਤੀ ਜਾਂਦੀ ਸੀ।

ਇਸ ਜਾਸੂਸੀ ਦੀ ਕਹਾਣੀ ਦਾ ਮੁੱਖ ਕਾਂਡ 1918 ਵਿੱਚ ਖਤਮ ਹੋਇਆ। ਅਗਸਤ 1915 ਤੱਕ ਗਦਰ ਲਹਿਰ ਦੇ ਬਹੁਤੇ ਨੇਤਾ ਭਾਰਤ ਜਾਂ ਬਰਮਾ ਦੀਆਂ ਜਿਹਲਾਂ ਵਿੱਚ ਸਨ ਅਤੇ ਸੈਂਕੜੇ ਭਾਰਤੀ ਜਿਹੜੇ ਨਾਰਥ ਅਮਰੀਕਾ ਅਤੇ ਧੁਰ ਪੂਰਬ ਦੇ ਦੇਸ਼ਾਂ ਤੋਂ ਗਦਰ ਵਿੱਚ ਹਿੱਸਾ ਲੈਣ ਲਈ ਪਰਤੇ ਸਨ ਆਪਣੇ ਪਿੰਡਾਂ ਦੀਆਂ ਹੱਦਾਂ ਅੰਦਰ ਕੈਦ ਸਨ। ਜਰਮਨਾ ਵੱਲੋਂ ਵੱਡੀ ਗਿਣਤੀ ਵਿੱਚ ਹਥਿਆਰ ਪਹੁੰਚਾਉਣ ਦੀ ਸਕੀਮ ਸਿਰੇ ਨਹੀਂ ਚੜ੍ਹੀ ਸੀ। ਗਦਰ ਦੀ ਕਹਾਣੀ ਖਤਮ ਹੋ ਗਈ ਸੀ। ਜੋ ਕੁਝ ਬਾਕੀ ਸੀ ਉਹ ਸੀ 1915-1918 ਦੇ ਵਿਚਕਾਰ ਲਾਹੌਰ, ਮਾਂਡਲੇ,ਸਾਨਫਰਾਂਸਿਸਕੋ ਅਤੇ ਸ਼ਿਕਾਗੋ ਵਿੱਚ ਚੱਲੇ ਸਾਜਿਸ਼ ਦੇ ਕੇਸਾਂ ਦੀ ਲੜੀ। ਨਾਰਥ ਅਮਰੀਕਾ ਅਤੇ ਧੁਰ ਪੂਰਬ ਦੇ ਦੇਸ਼ਾਂ ਵਿੱਚ ਬਚਦੇ ਗਦਰ ਪਾਰਟੀ ਦੇ ਛੋਟੇ ਛੋਟੇ ਸੈੱਲਾਂ ਵਿੱਚ ਜਥੇਬੰਦਕ ਅਤੇ ਆਪਸੀ ਤਾਲਮੇਲ ਬਹੁਤ ਘੱਟ ਸੀ। ਗਦਰ ਲਹਿਰ ਦੇ ਸਮਰਥੱਕ ਇਕ ਦਮ ਅਤੇ ਬਿਨਾ ਕਿਸੇ ਲੁਕ-ਲੁਕਾਅ ਦੇ ਵਾਪਸ ਪਰਤੇ ਸਨ ਅਤੇ ਉਹਨਾਂ ਵਿੱਚੋਂ ਬਹੁਤੇ ਹਿੰਦੁਸਤਾਨ ਪਹੁੰਚਦੇ ਹੀ ਗ੍ਰਿਫਤਾਰ ਹੋ ਗਏ ਸਨ। ਇਸਦੇ ਬਾਵਜੂਦ ਸਰ ਮਾਈਕਲ ਓਡਵਾਇਰ ਅਨੁਸਾਰ ਉਸਦੀ ਪੰਜਾਬ ਦੀ ਗਵਰਨਰ ਜਨਰਲਸ਼ਿੱਪ ਦੌਰਾਨ ਗਦਰ ਦੀ ਸਾਜ਼ਿਸ਼ ਸੁਰੱਖਿਆ ਲਈ ਸੱਭ ਤੋਂ ਵੱਡਾ ਖਤਰਾ ਸੀ।ਇਸ ਲਈ ਉਹ ਅਤੇ ਉਸਦੇ ਅਧਿਕਾਰੀ ਇਸ ਨਾਲ ਸੱਖਤੀ ਨਾਲ ਨਿਪਟੇ। 1915 ਦੇ ਲਾਹੌਰ ਦੇ ਮੁਕੱਦਮੇ ਦੌਰਾਨ ਟਰਬਿਊਨਲ ਨੇ ਚੌਵੀਆਂ ਨੂੰ ਫਾਂਸੀ ਦੀ ਸਜਾ ਸੁਣਾਈ ਭਾਵੇਂ ਉਹਨਾਂ ਵਿੱਚੋਂ ਛੇਆਂ ਉਪਰ ਵੱਡੇ ਜੁਰਮ ਦਾ ਦੋਸ਼ ਸੀ। ਵਾਇਸਰਾਏ 'ਘੱਟ ਦੋਸ਼ ਵਾਲਿਆਂ ਦਾ ਘਾਣ' ਨਹੀਂ ਸੀ ਕਰਨਾ ਚਾਹੁੰਦਾ, ਇਸ ਲਈ ਉਸਨੇ ਅਠਾਰਾਂ ਦੀ ਸਜਾ ਘੱਟ ਕਰ ਦਿੱਤੀ। ਪਰ ਉਸਨੂੰ ਇਸ ਗੱਲ ਦਾ ਅਹਿਸਾਸ ਸੀ ਕਿ ਉਸਦੀ ਇਸ ਨਰਮੀ ਦਾ ਐਂਗਲੋ ਇੰਡੀਅਨ ਵਿੱਚ ਚੰਗਾ ਪ੍ਰਭਾਵ ਨਹੀਂ ਸੀ। ਗਦਰ ਦੀ ਸਾਜਿਸ਼ ਦੇ ਸਬੰਧ ਵਿੱਚ ਲਾਹੌਰ ਅਤੇ ਮਾਂਡਲੇ ਵਿੱਚ ਕੁੱਲ ਮਿਲਾ ਕੇ 173 ਵਿਅਕਤੀਆਂ ਉਪਰ ਮੁਕੱਦਮੇ ਚਲਾਏ ਗਏ ਜਿਨਾ ਵਿੱਚੋਂ 23 ਨੂੰ ਫਾਂਸੀ ਅਤੇ 88 ਨੂੰ ਉਮਰ ਕੈਦ ਦੀ ਸਜਾ ਹੋਈ।

ਬਲਵੰਤ ਸਿੰਘ, ਜੋ ਵੈਨਕੂਵਰ ਦੇ ਗੁਰੂਦੁਆਰੇ ਦਾ ਸਾਬਕਾ ਗ੍ਰੰਥੀ ਸੀ ਅਤੇ ਹਰਨਾਮ ਸਿੰਘ ਜਿਸਦੀ ਵਿਕਟੋਰੀਆ ਵਿੱਚ 'ਗਰੋਸਰੀ' ਦੀ ਦੁਕਾਨ ਹੁੰਦੀ ਸੀ ,ਦੇ ਕੇਸਾਂ ਤੋਂ ਪਤਾ ਲਗਦਾ ਹੈ ਕਿ ਕਿਸ ਤਰ੍ਹਾਂ ਇਹਨਾਂ ਕੇਸਾਂ ਵਿੱਚ ਨਾਰਥ ਅਮਰੀਕਾ ਵਿੱਚ ਇਕੱਠੇ ਕੀਤੇ ਸਬੂਤ ਵਰਤੇ ਗਏ। ਹਰਨਾਮ ਸਿੰਘ ਨੂੰ ਸਤੰਬਰ 1914 ਵਿੱਚ ਸਾਨਫਰਾਂਸਿਸਕੋ ਤੋਂ ਦੇਸ਼ ਨਿਕਾਲਾ ਦਿੱਤਾ ਗਿਆ ਸੀ ਅਤੇ ਬਾਅਦ ਵਿੱਚ ਉਸਨੂੰ ਬਰਮਾ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ। ਉਸ ਵਿਰੁੱਧ ਮੁਖ ਸਬੂਤ ਹਾਪਕਿਨਸਨ ਨੇ ਲੱਭੇ ਸੀ ਜਦੋਂ ਉਹ ਵਿਕਟੋਰੀਆ ਵਿੱਚ ਸਿੱਕੇ ਬਾਰੂਦ ਸਮੇਤ ਫੜੇ ਦੋ ਸਿੱਖਾਂ ਦੀ ਤਫ਼ਤੀਸ਼ ਕਰ ਰਿਹਾ ਸੀ। ਇਹਨਾਂ ਸਬੂਤਾਂ ਵਿੱਚ ਬੰਬ ਬਨਾਉਣ ਸਬੰਧੀ ਲਿਖਿਆ ਇਕ ਖੱਤ, ਇਕ ਮਿਣਤੀ ਕਰਨ ਵਾਲਾ ਗਲਾਸ ਅਤੇ ਦਸ ਇੰਚ ਲੰਬਾ ਫਿਊਜ਼ ਸ਼ਾਮਲ ਸੀ। ਇਹ ਸੱਭ ਕੁੱਝ ਹਾਪਕਿਨਸਨ ਨੂੰ ਹਰਨਾਮ ਸਿੰਘ ਦੇ ਘਰ ਦੀ

ਤਲਾਸ਼ੀ ਦੌਰਾਨ ਮਿਲਿਆ ਸੀ। ਭਾਰਤ ਸਰਕਾਰ ਨੂੰ ਕੋਈ ਗਵਾਹ ਚਾਹੀਦਾ ਸੀ ਜਿਹੜਾ ਉਸ ਖੱਤ ਨੂੰ ਅਦਾਲਤ ਵਿੱਚ ਪਛਾਣ ਸਕੇ। ਹਾਪਕਿਨਸਨ ਮਰ ਚੁੱਕਾ ਸੀ, ਪਰ ਉਸਦੀ ਰੀਪੋਰਟ ਵਿੱਚ ਵਿਕਟੋਰੀਆ ਦੇ ਜਾਸੂਸ ਇਜਰਾ ਕਾਰਲੋ ਦਾ ਨਾ ਦਰਜ ਸੀ। ਭਾਰਤ ਸਰਕਾਰ ਦੀ ਬੇਨਤੀ 'ਤੇ ਇਜਰਾ ਕਾਰਲੋ ਨੂੰ ਬਰਮਾ ਭੇਜਣ ਦਾ ਪ੍ਰਬੰਧ ਕੀਤਾ ਗਿਆ। ਕੈਨੇਡਾ ਵਿੱਚ ਇਸ ਆਧਾਰ ਉੱਤੇ ਕੋਈ ਮੁਕੱਦਮਾ ਨਹੀਂ ਚਲਾਇਆ ਗਿਆ ਪਰ ਰੰਗੂਨ ਵਿੱਚ ਇਹ ਹੀ ਸਬੂਤ ਹਰਨਾਮ ਸਿੰਘ ਨੂੰ ਫਾਂਸੀ ਦੀ ਸਜਾ ਦਿਵਾਉਣ ਲਈ ਕਾਫੀ ਸਨ। ਇਸੇ ਤਰ੍ਹਾਂ ਬਲਵੰਤ ਦਸੰਬਰ 1914 ਵਿੱਚ ਕੈਨੇਡਾ ਤੋਂ ਗਿਆ। ਅਗਸਤ 1915 ਵਿੱਚ ਸਿਆਮੀ ਪੁਲੀਸ ਨੇ ਉਸਨੂੰ ਬੈਂਕਾਕ ਤੋਂ ਗ੍ਰਿਫਤਾਰ ਕਰਕੇ ਸਿੰਘਾਪੁਰ ਭੇਜ ਦਿੱਤਾ। ਸਿੰਘਾਪੁਰ ਤੋਂ ਉਸਨੂੰ ਕਲਕੱਤੇ ਦੀ ਅਲੀਪੁਰ ਜੇਲ੍ਹ ਵਿੱਚ ਭੇਜਿਆ ਗਿਆ ਅਤੇ ਅਖੀਰ ਜੁਲਾਈ 1916 ਵਿੱਚ ਉਸਨੂੰ ਪੰਜਾਬ ਲਿਆਂਦਾ ਗਿਆ। ਉਸ ਉਪਰ ਮੋਜੀ, ਯੋਕੋਹਾਮਾ, ਵਿਕਟੋਰੀਆ, ਵੈਨਕੂਵਰ, ਸੁਮਾਸ, ਸਾਨਫਰਾਂਸਿਸਕੋ, ਹਨਾਲੂਲੂ ਅਤੇ ਬੈਂਕਾਕ ਵਿੱਚ ਜੰਗ ਛੇੜਨ, ਜੰਗ ਭੜਕਾਉਣ, ਅਤੇ ਜੰਗ ਛੇੜਨ ਦੀ ਕੋਸ਼ਿਸ਼ ਕਰਨ ਦੇ ਇਲਜਾਮ ਲਾਏ ਗਏ। ਉਸ ਵਿਰੁੱਧ ਮੁੱਖ ਗਵਾਹ ਉਹ ਲੋਕ ਸਨ ਜੋ ਵੈਨਕੂਵਰ ਵਿੱਚ ਹਾਪਕਿਨਸਨ ਅਤੇ ਰੀਡ ਲਈ ਮੁੱਖਬਰੀ ਕਰਿਆ ਕਰਦੇ ਸਨ ਖਾਸ ਕਰਕੇ ਬੇਲਾ ਸਿੰਘ ਅਤੇ ਡਾ: ਰਘੁਨਾਥ ਸਿੰਘ। ਬਲਵੰਤ ਸਿੰਘ ਨੂੰ ਫਾਂਸੀ ਦੀ ਸਜਾ ਦਿਵਾਉਣ ਵਿੱਚ ਉਹਨਾ ਦੀ ਗਵਾਹੀ ਦਾ ਵੱਡਾ ਹੱਥ ਸੀ। ਉਹਨਾਂ ਆਪਣੀ ਗਵਾਹੀ ਵਿੱਚ ਕਿਹਾ ਕਿ ਬਲਵੰਤ ਸਿੰਘ ਜਾਪਾਨ, ਬ੍ਰਿਟਿਸ਼ ਕੋਲੰਬੀਆ, ਅਤੇ ਕੈਲਾਫੋਰਨੀਆਂ ਵਿੱਚ ਸਿੱਖ ਸ੍ਰੋਤਿਆਂ ਅੱਗੇ ਬਾਗੀਆਨਾ ਭਾਸ਼ਨ ਦਿਆ ਕਰਦਾ ਸੀ। ਇਕ ਵਾਰ ਫੇਰ ਜਿਹੜੇ ਕਾਰਨਾ ਕਰਕੇ ਕੈਨੇਡਾ ਵਿੱਚ ਮੁਕੱਦਮਾ ਵੀ ਨਹੀਂ ਚਲਾਇਆ ਗਿਆ ਉਹ ਕਾਰਨ ਭਾਰਤੀ ਟਰੀਬਿਊਨਲ ਦੇ ਫੈਸਲੇ ਵਿੱਚ ਫਾਂਸੀ ਦੇਣ ਦਾ ਕਾਰਨ ਬਣੇ।

1917 ਵਿੱਚ ਜੰਗ ਵਿੱਚ ਸ਼ਾਮਲ ਹੋਣ ਤੋਂ ਬਾਅਦ ਅਮਰੀਕਾ ਨੇ ਬ੍ਰਿਟਿਸ਼ ਦਬਾਅ ਹੇਠ ਉਹਨਾ ਲੋਕਾਂ ਉਪਰ ਮੁਕੱਦਮਾ ਚਲਾਇਆ ਜਿਹੜੇ ਲੋਕ ਜਰਮਨ-ਗਦਰ ਪਲਾਟ ਵਿੱਚ ਸ਼ਾਮਲ ਸਨ। ਇਨਾ ਲੋਕਾਂ ਵਿੱਚ ਸਾਨਫਰਾਂਸਿਸਕੋ ਵਿੱਚ ਜਰਮਨੀ ਦਾ ਕਾਉਂਸਲ ਜਨਰਲ ਫਰਾਂਜ ਬੋਪ, ਕੁੱਝ ਹੋਰ ਜਰਮਨ ਅਤੇ ਅਮਰੀਕਨ ਅਤੇ ਗਦਰ ਪਾਰਟੀ ਦੇ 17 ਨੇਤਾ ਸ਼ਾਮਲ ਸਨ। ਮਾਰਚ 1917 ਵਿੱਚ ਨਾਥਨ ਦੀ ਸੂਹ ਕਾਰਨ ਚੰਦਰਾਕਾਂਤ ਚੱਕਰਵਰਤੀ ਫੜ੍ਹਿਆ ਗਿਆ। ਚੱਕਰਵਰਤੀ ਦਸੰਬਰ 1915 ਵਿੱਚ ਗਦਰ ਪਾਰਟੀ ਦਾ ਪ੍ਰਧਾਨ ਬਣਿਆ ਸੀ। ਚੱਕਰਵਰਤੀ ਦੇ ਮੂੰਹ ਖੋਲਣ ਤੇ ਕਈ ਹੋਰ ਲੋਕ ਫੜੇ ਗਏ। ਜੂਨ 1917 ਵਿੱਚ ਬ੍ਰਿਟਿਸ਼ ਸਰਕਾਰ ਨੇ ਸਾਨਫਰਾਂਸਿਸਕੋ ਅਤੇ ਸ਼ਿਕਾਗੋ ਦੇ ਮੁਕੱਦਮਿਆਂ ਵਿੱਚ ਗਵਾਹਾਂ ਦੇ ਤੌਰ 'ਤੇ ਸੱਤ ਕੈਦੀ ਭਾਰਤ ਤੋਂ ਕੈਨੇਡਾ ਲਿਆਂਦੇ। ਇਹ ਕੈਦੀ ਭਾਰਤੀ ਪੁਲੀਸ ਦੀ ਨਿਗਰਾਨੀ ਹੇਠ ਲਿਆਂਦੇ ਗਏ। ਕੈਨੇਡਾ ਵਿੱਚ ਉਹ ਮੈਲਕਮ ਰੀਡ ਦੀ ਨਿਗਰਾਨੀ ਹੇਠ ਇਮੀਗਰੇਸ਼ਨ ਮਹਿਕਮੇ ਦੇ ਹਵਾਲੇ ਕਰ ਦਿੱਤੇ ਗਏ। ਵੈਨਕੂਵਰ ਤੋਂ ਇਹ ਕੈਦੀ ਰੇਲ ਰਾਹੀ ਰੀਜਾਇਨਾਂ ਭੇਜ ਦਿੱਤੇ ਗਏ ਜਿੱਥੇ ਉਹ ਮੁਕੱਦਮਾ ਚੱਲਣ ਤੱਕ ਰਹੇ। ਰੀਜਾਇਨਾ ਵਿੱਚ ਇਹਨਾ ਕੈਦੀਆਂ ਨੂੰ ਦੂਜੇ ਭਾਰਤੀਆਂ ਤੋਂ ਦੂਰ ਰੱਖਿਆ ਜਾ ਸਕਦਾ ਸੀ ਪਰ ਅਮਰੀਕਨ ਸਰਕਾਰੀ ਵਕੀਲ ਉਹਨਾ ਨੂੰ ਜਦੋਂ ਚਾਹੁਣ ਮਿਲ ਸਕਦੇ ਸਨ। ਸਾਨਫਰਾਂਸਿਸਕੋ ਵਿੱਚ ਨਵੰਬਰ 1917 ਤੋਂ ਲੈਕੇ ਪੰਜ ਮਹੀਨਿਆਂ ਤੱਕ ਪੈਂਤੀ ਦੋਸ਼ੀਆਂ ਉਪਰ ਮੁਕੱਦਮਾ ਚੱਲਿਆ। ਚਾਰ ਉਪਰ ਸ਼ਿਕਾਗੋ ਵਿੱਚ ਮੁਕੱਦਮਾ ਚਲਾਇਆ ਗਿਆ। ਸਾਨਫਰਾਂਸਿਸਕੋ ਵਿੱਚ ਪ੍ਰਮੁੱਖ ਸਬੂਤ ਹਾਪਕਿਨਸਨ ਦੀਆਂ ਰੀਪੋਰਟਾਂ ਉਪਰ ਆਧਾਰਿਤ ਅਤੇ 1912-13 ਦੀਆਂ ਗਤੀ-ਵਿਧੀਆਂ ਨਾਲ ਸਬੰਧਤ ਸਨ। ਸਤਾਰਾਂ ਦੇ ਸਤਾਰਾਂ ਭਾਰਤੀਆਂ ਨੂੰ ਸਜ਼ਾ ਹੋ ਗਈ। ਸੱਤ ਤੋਂ ਵੱਧ ਸਜ਼ਾ ਤਾਰਕਨਾਥ ਦਾਸ ਨੂੰ ਹੋਈ ਜਿਹੜਾ ਦੋਸ਼ਾਂ ਦਾ ਸਾਹਮਣਾ ਕਰਨ ਲਈ ਖੁਦ ਜਾਪਾਨ ਤੋਂ ਅਮਰੀਕਾ ਆਇਆ ਸੀ। ਗਵਾਹੀਆਂ ਦੌਰਾਨ ਲਾਲਾ ਹਰਦਿਆਲ ਦਾ ਨਾਂ ਵਾਰ ਵਾਰ ਲਿਆ ਗਿਆ। ਪਰ ਉਹ ਅਮਰੀਕਨ ਅਤੇ ਬ੍ਰਿਟਿਸ਼ ਨਿਆਂ ਦੀ ਪਹੁੰਚ ਤੋਂ ਦੂਰ ਜਰਮਨੀ ਵਿੱਚ ਜਰਮਨ ਸਰਕਾਰ ਦੇ ਖਰਚੇ ਉਪਰ ਆਰਾਮ ਫਰਮਾ ਰਿਹਾ ਸੀ।

ਇਹ ਜਾਸੂਸੀ ਜਿਸ ਦੀ ਮੁੱਖ ਜ਼ਿੰਮੇਵਾਰੀ ਹਾਪਕਿਨਸਨ ਨੇ ਨਿਭਾਈ ਅਤੇ ਉਸਤੋਂ ਬਾਅਦ ਜਿਸਨੂੰ ਰੀਡ ਨੇ ਜਾਰੀ ਰੱਖਿਆ ਇਕ ਕਿਸਮ ਦੀ ਪਿੱਠੋਚੋਰੀ ਸੀ। ਇਸਨੇ ਸ਼ਾਂਤ ਮਹਾਂਸਾਗਰ ਕੰਢੇ ਰਹਿ ਰਹੀ ਭਾਰਤੀ ਕਮਿਊਨਟੀ ਉਪਰ ਗੰਭੀਰ ਅਸਰ ਪਾਇਆ। ਕਮਿਊਨਟੀ ਦੇ ਮੈਂਬਰਾਂ ਨੂੰ ਸ਼ੁਰੂ ਵਿੱਚ ਹੀ ਪਤਾ ਚੱਲ ਗਿਆ ਕਿ ਉਹਨਾ ਦੀਆਂ ਏਥੇ ਦੀਆਂ ਸਰਗਰਮੀਆਂ ਕਾਰਨ ਭਾਰਤ ਵਿੱਚ ਪੁਲੀਸ ਉਹਨਾ ਦੇ ਪਰਿਵਾਰ ਦੇ ਮੈਂਬਰਾ ਦੀ ਪੁੱਛ-ਪੜਤਾਲ ਕਰ ਰਹੀ ਹੈ। ਉਹ ਜਾਣਦੇ ਸਨ ਕਿ ਇਸ ਦਾ ਜਿੰਮੇਵਾਰ ਹਾਪਕਿਨਸਨ ਸੀ। ਉਹਨਾ ਲਈ ਹਾਪਕਿਨਸਨ ਬ੍ਰਿਟਿਸ਼ ਜੁਲਮ ਦਾ ਪ੍ਰਤੱਖ ਸਬੂਤ ਅਤੇ ਇਸ ਲਈ ਉਹਨਾ ਦੀਆਂ ਬ੍ਰਿਟਿਸ਼ ਵਿਰੋਧੀ ਭਾਵਨਾਵਾਂ ਦਾ ਪ੍ਰਮੁੱਖ ਕੇਂਦਰ ਸੀ। ਆਪਣੀਆਂ ਅਤੇ ਆਪਣੇ ਮੁਖਬਰਾਂ ਦੀਆਂ ਕਾਰਵਾਈਆਂ ਕਾਰਨ ਉਹ ਸਥਾਨਕ ਸਿੱਖ ਕਮਿਊਨਟੀ ਨੂੰ ਸਿਆਸੀ ਤੌਰ 'ਤੇ ਚੇਤੰਨ ਕਰਨ ਅਤੇ ਧੜਿਆਂ ਵਿੱਚ ਵੰਡਣ ਦਾ ਕਾਰਨ ਬਣਿਆ। ਉਸਦਾ ਅਤੇ ਕਮਿਊਨਟੀ ਨਾਲ ਸਬੰਧਤ ਹੋਰ ਕਤਲ ਉਸਦੀਆਂ ਕਾਰਵਾਈਆਂ ਦਾ ਹੀ ਨਤੀਜਾ ਸਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਉਸਨੇ ਜਿੰਨੀ ਜਿਆਦਾ ਛਾਣਬੀਣ ਕੀਤੀ ਉਸਨੂੰ ਹਾਲਾਤ ਉਨ੍ਹੇ ਹੀ ਜਿਆਦਾ ਗੰਭੀਰ ਦਿਖਾਈ ਦਿੱਤੇ। ਜਦੋਂ ਉਸਦੀਆਂ ਰੀਪੋਰਟਾਂ ਭਾਰਤ ਸਰਕਾਰ ਕੋਲ ਪਹੁੰਚਦੀਆਂ ਤਾਂ ਸਰਕਾਰ ਉਹਨਾ ਉਪਰ ਹਾਪਕਿਨਸਨ ਤੋਂ ਵੀ ਵੱਧ ਯਕੀਨ ਕਰਦੀ। ਲਾਲਾ ਹਰਦਿਆਲ ਵਰਗੇ ਵਿਅਕਤੀ ਬ੍ਰਿਟਿਸ਼ ਸਰਕਾਰ ਦਾ ਤਖਤਾ ਪਲਟਨਾ ਚਾਹੁੰਦੇ ਸਨ ਅਤੇ ਉਹ ਅਹਿੰਸਾ ਨੂੰ ਉਤਸ਼ਾਹ ਦਿੰਦੇ ਸਨ। ਪਰ ਉਹਨਾ ਲਈ ਪਹਿਲੀ ਚੁਣੌਤੀ ਰੁਜ਼ਗਾਰ ਦੀ ਭਾਲ ਵਿੱਚ ਆਏ ਕਿਸਾਨਾਂ ਵਿੱਚ ਜਾਗਰਤੀ ਪੈਦਾ ਕਰਨਾ ਸੀ। ਲਾਲਾ ਹਰਦਿਆਲ ਅਤੇ ਦੂਜਿਆਂ ਉਪਰ ਧਿਆਨ ਕੇਂਦਰਿਤ ਕਰ ਹਾਪਕਿਨਸਨ ਇਸ ਵਿਦਰੋਹ ਦੇ ਤਫਤੀਸ਼ਕਾਰ ਦੇ ਨਾਲ ਨਾਲ ਉਸਦਾ ਕਰਤਾ ਵੀ ਬਣਿਆ।

ਅਨੁਵਾਦ : ਸੁਖਵੰਤ ਹੁੰਦਲ

ਵਤਨ
Post Box. 67681 Stn. O.
Vancouver B.C. V5W 3V2.
Tel. (604) 437-9014 or (604) 581-3211

# ਕਾਮਾਗਾਟਾ ਮਾਰੂ ਦਾ ਸਾਕਾ

## -ਘਟਨਾਵਾਂ ਦੀ ਲੜੀ

1914

ਮਾਰਚ 24 ਗੁਰਦਿੱਤ ਸਿੰਘ ਨੇ ਜਹਾਜ ਦੇ ਕਿਰਾਏਨਾਮੇ ਉਪਰ ਦਸਤਖਤ ਕੀਤੇ।

ਮਾਰਚ 25 ਹਾਂਗਕਾਂਗ ਪੁਲੀਸ ਵਲੋਂ ਗੁਰਦਿੱਤ ਸਿੰਘ ਉਪਰ ਗੈਰਕਾਨੂੰਨੀ ਸਫ਼ਰ ਲਈ ਟਿਕਟਾਂ ਵੇਚਣ ਦੇ ਦੋਸ਼ ਲਾਏ ਗਏ।

ਮਾਰਚ 30 ਗੁਰਦਿੱਤ ਸਿੰਘ ਉਪਰ ਲਾਏ ਦੋਸ਼ ਵਾਪਿਸ ਲੈ ਲਏ ਗਏ। ਹਾਂਗਕਾਂਗ ਦੇ ਗਵਰਨਰ ਜਨਰਲ ਐਫ.ਡਬਲਿਊ ਮੇਅ ਨੇ ਕੈਨੇਡੀਅਨ ਸਰਕਾਰ ਨੂੰ ਤਾਰ ਦਿੱਤੀ ਕਿ 150 ਸਿੱਖਾਂ ਨੇ ਹਾਂਗਕਾਂਗ ਤੋਂ ਬ੍ਰਿਟਿਸ਼ ਕੋਲੰਬੀਆ ਲਈ ਸਟੀਮਰ ਕਿਰਾਏ ਉਪਰ ਲੈ ਲਿਆ ਹੈ। ਇਹਨਾਂ ਕੋਲ ਇੰਡੀਆ ਤੋਂ ਕੈਨੇਡਾ ਤੱਕ ਦਾ ਸਿੱਧਾ ਟਿਕਟ ਨਹੀਂ ਹੈ।

ਅਪ੍ਰੈਲ 2 ਉਪਰ ਵਰਗੀ ਇਕ ਹੋਰ ਤਾਰ ਕੈਨੇਡੀਅਨ ਸਰਕਾਰ ਨੂੰ ਭੇਜੀ ਗਈ।

ਅਪ੍ਰੈਲ 4 ਕੈਨੇਡੀਅਨ ਸਰਕਾਰ ਵਲੋਂ ਕੋਈ ਜੁਆਬ ਨਾ ਆਉਣ ਤੇ ਹਾਂਗਕਾਂਗ ਦੇ ਗਵਰਨਰ ਨੇ ਜਹਾਜ ਨੂੰ ਤੁਰਨ ਦੀ ਇਜਾਜ਼ਤ ਦੇ ਦਿੱਤੀ ਅਤੇ ਕਾਮਾਗਾਟਾ ਮਾਰੂ 165 ਮੁਸਾਫਰਾਂ ਸਮੇਤ ਉੱਥੋਂ ਚੱਲ ਪਿਆ।

ਅਪ੍ਰੈਲ 6 ਹਾਂਗਕਾਂਗ ਦੇ ਗਵਰਨਰ ਜਨਰਲ ਨੇ ਕੈਨੇਡੀਅਨ ਸਰਕਾਰ ਨੂੰ ਸੂਚਨਾ ਭੇਜੀ ਕਿ ਜਹਾਜ ਕੈਨੇਡਾ ਲਈ ਚੱਲ ਪਿਆ ਹੈ।

ਅਪ੍ਰੈਲ 7 ਕੈਨੇਡੀਅਨ ਸਰਕਾਰ ਦਾ ਜੁਆਬ ਆਇਆ ਕਿ ਜਹਾਜ ਨੂੰ ਕੈਨੇਡਾ ਵਿੱਚ ਦਾਖਲ ਨਹੀਂ ਹੋਣ ਦਿੱਤਾ ਜਾਵੇਗਾ।

ਅਪ੍ਰੈਲ 8 ਕਾਮਾਗਾਟਾ ਮਾਰੂ ਸ਼ੰਘਾਈ ਪਹੁੰਚ ਗਿਆ।

ਅਪ੍ਰੈਲ 15 111 ਹੋਰ ਮੁਸਾਫ਼ਰ ਲੈ ਕੇ ਕਾਮਾਗਾਟਾ ਮਾਰੂ ਸ਼ੰਘਾਈ ਤੋਂ ਤੁਰ ਪਿਆ।

ਅਪ੍ਰੈਲ 19 ਕਾਮਾਗਾਟਾ ਮਾਰੂ ਜਾਪਾਨ ਦੀ ਬੰਦਰਗਾਹ ਮੋਜੀ ਆ ਰੁਕਿਆ। ਏਥੇ ਜਹਾਜ ਤੇ 86 ਮੁਸਾਫਰ ਹੋਰ ਚੜ੍ਹੇ।

ਮਈ 2 ਕਾਮਾਗਾਟਾ ਮਾਰੂ ਜਾਪਾਨ ਦੀ ਬੰਦਰਗਾਹ ਯੋਕੋਹਾਮਾ ਤੋਂ ਵਿਕਟੋਰੀਆ ਲਈ ਰਵਾਨਾ ਹੋ ਗਿਆ। ਯੋਕੋਹਾਮਾ ਵਿੱਚ ਜਹਾਜ ਉਪਰ 11 ਮੁਸਾਫਰ ਹੋਰ ਚੜ੍ਹੇ। ਹੁਣ ਮੁਸਾਫਰਾਂ ਦੀ ਕੁੱਲ ਗਿਣਤੀ 376 ਹੋ ਗਈ ਸੀ। ਇਨ੍ਹਾਂ ਵਿੱਚੋਂ 24 ਮੁਸਲਮਾਨ, 12 ਹਿੰਦੂ ਅਤੇ 340 ਸਿੱਖ ਸਨ।

ਮਈ 20 ਬਲਵੰਤ ਸਿੰਘ ਖੁਰਦਪੁਰ, ਜੋ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਨੂੰ ਮੋਜੀ ਵਿੱਚ ਮਿਲਿਆ ਸੀ, ਵਿਕਟੋਰੀਆ ਪਹੁੰਚ ਗਿਆ। ਵਿਕਟੋਰੀਆ ਵਿੱਚ ਉਹ ਗੁਰਦੁਆਰੇ ਬੋਲਿਆ ਅਤੇ ਫਿਰ ਵੈਨਕੂਵਰ ਆ ਗਿਆ।

ਮਈ 22 ਕਾਮਾਗਾਟਾ ਮਾਰੂ ਵਿਕਟੋਰੀਆ ਪਹੁੰਚ ਗਿਆ ਅਤੇ ਇਥੇ ਇਕ ਰਾਤ ਰੁਕਿਆ।

ਮਈ 23 ਕਾਮਾਗਾਟਾ ਮਾਰੂ ਨੇ ਵੈਨਕੂਵਰ ਪਹੁੰਚ ਬੁਰਾਡ ਇਨਲੈਟ ਵਿੱਚ ਲੰਗਰ ਸੁੱਟ ਦਿੱਤਾ।

ਮਈ 24 ਰਹੀਮ ਅਤੇ ਹੋਰ ਸਥਾਨਕ ਹਿੰਦੁਸਤਾਨੀਆਂ ਦੀ ਕਮੇਟੀ ਵਲੋਂ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਲਈ ਕੀਤੇ ਵਕੀਲ ਜੇ.ਐਡਵਰਡ. ਬਰਡ ਨੇ ਇਮੀਗਰੇਸ਼ਨ ਇਨਸਪੈਕਟਰ ਰੀਡ ਕੋਲੋਂ ਜਹਾਜ ਉਪਰ ਜਾ ਆਪਣੇ ਮੁਵੱਕਲ ਗੁਰਦਿੱਤ ਸਿੰਘ ਨੂੰ ਮਿਲਣ ਦੀ ਇਜਾਜ਼ਤ ਮੰਗੀ। ਇਜਾਜ਼ਤ ਨਹੀਂ ਦਿੱਤੀ ਗਈ।

ਮਈ 30 ਸਥਾਨਕ ਹਿੰਦੁਸਤਾਨੀਆਂ ਨੇ 337 ਵੈਸਟ ਪੈਂਡਰ ਸਟਰੀਟ ਉਪਰ ਸਥਿੱਤ ਡੁਮੀਨਿਅਨ ਹਾਲ ਵਿੱਚ ਇਕ ਮੀਟਿੰਗ ਸੱਦੀ। ਇਸ ਮੀਟਿੰਗ ਵਿੱਚ 500-600 ਹਿੰਦੁਸਤਾਨੀ, 20 ਗੋਰੇ, ਕੁੱਝ ਪੱਤਰਕਾਰ ਅਤੇ ਹਾਪਕਿਨਸਨ ਵੀ ਹਾਜ਼ਰ ਹੋਇਆ। ਇਸ ਮੀਟਿੰਗ ਵਿੱਚ 5000 ਡਾਲਰ ਨਗਦ ਇਕੱਠਾ ਹੋਇਆ ਅਤੇ 66000 ਡਾਲਰ ਦੇਣ ਦਾ ਲੋਕਾਂ ਵਲੋਂ ਵਾਅਦਾ ਕੀਤਾ ਗਿਆ।

ਜੂਨ 4 ਆਪਣੇ ਨਾਲ ਹੁੰਦੀ ਬਦਸਲੂਕੀ ਵਿਰੁੱਧ ਰੋਸ ਜ਼ਾਹਰ ਕਰਨ ਲਈ ਗੁਰਦਿੱਤ ਸਿੰਘ ਅਤੇ ਮੁਸਾਫਰਾਂ ਨੇ ਭੁੱਖ ਹੜਤਾਲ ਕਰ ਦਿੱਤੀ।

ਵਕੀਲ ਬਰਡ ਗੁਰਦਿੱਤ ਸਿੰਘ ਨੂੰ ਇਮੀਗਰੇਸ਼ਨ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਮਿਲਿਆ।

ਜੂਨ 6 ਗੁਰਦਿੱਤ ਸਿੰਘ ਨੇ ਗਵਰਨਰ ਜਨਰਲ ਨੂੰ ਲਿਖਿਆ," ਚਾਰ ਦਿਨਾਂ ਤੋਂ ਖਾਣ ਪੀਣ ਲਈ ਕੁੱਝ ਨਹੀਂ। ਰੀਡ ਕੁੱਝ ਦੀ ਰਸਦ ਦੇਣ ਤੋਂ ਇਨਕਾਰੀ ਹੈ। ਕਿਰਾਏਦਾਰ ਅਤੇ ਮੁਸਾਫਰ ਭੁੱਖੇ ਤਾਣੇ ਕੈਦੀ ਬਣੇ ਹੋਏ ਹਨ।"

ਜੂਨ 8 ਭੁੱਖ ਹੜਤਾਲ ਖਤਮ ਕਰ ਦਿੱਤੀ ਗਈ।

ਜੂਨ 10 ਰਹੀਮ ਨੇ ਗਾਰਡਨਰ ਜੋਹਨਸਨ ਨੂੰ 11000 ਡਾਲਰ ਦਾ ਚੈਕ ਪੇਸ਼ ਕੀਤਾ ਅਤੇ ਕਿਹਾ ਕਿ ਉਹ ਮੁਕੰਮਲ ਕਿਰਾਇਆ ਦੇ ਦੇਵੇਗਾ ਜੇ ਜਹਾਜ ਦਾ ਕਿਰਾਏਨਾਮਾ ਉਸਦੇ ਨਾਂ ਤਬਦੀਲ ਕਰ ਦਿੱਤਾ ਜਾਵੇ। ਇਹ ਪ੍ਰਸਤਾਵ ਮਾਲਕਾਂ ਨੂੰ ਭੇਜ ਦਿੱਤਾ ਗਿਆ।

ਜੂਨ 11 ਸਥਾਨਕ ਹਿੰਦੁਸਤਾਨੀਆਂ ਦੀ ਕਮੇਟੀ ਨੇ ਕਈ ਟਨ ਖਾਣਾ ਕਾਮਾਗਾਟਾਮਾਰੂ ਲਈ ਭੇਜਿਆ।

ਰੀਡ ਨੇ ਇਨਕੁਆਰੀ ਬੋਰਡ ਦੀਆਂ ਮੀਟਿੰਗਾਂ ਬਰਖਾਸਤ ਕਰ ਦਿੱਤੀਆਂ। ਬਹਾਨਾ ਇਹ ਲਾਇਆ ਕਿ ਸਟਾਫ ਦੀ ਦਫਤਰ ਦੇ ਨਿੱਤਕਰਮੀ ਕੰਮ ਵਿੱਚ ਲੋੜ ਹੈ।

ਜੂਨ 18 ਜਹਾਜ ਦੇ ਮਾਲਕਾਂ ਨੇ ਹੁਕਮ ਕੀਤਾ ਕਿ ਜੇ 24 ਘੰਟਿਆਂ ਦੇ ਅੰਦਰ ਅੰਦਰ ਦੋ ਮਹੀਨਿਆਂ ਦਾ ਕਿਰਾਇਆ ਨਾ ਦਿੱਤਾ ਗਿਆ ਤਾਂ ਜਹਾਜ ਵਾਪਸ ਸੱਦ ਲਿਆ ਜਾਵੇਗਾ।

ਜੂਨ 20 ਰਹੀਮ ਅਤੇ ਭਾਗ ਸਿੰਘ ਨੇ ਗਾਰਡਨਰ ਜਾਹਨਸਨ ਨੂੰ 4000 ਡਾਲਰ ਹੋਰ ਅਦਾ ਕੀਤਾ ਅਤੇ ਐਲਾਨ ਕੀਤਾ

## ਵੈਨਕੂਵਰ ਸੱਥ ਦਾ 'ਕਾਮਾਗਾਟਾ ਮਾਰੂ-ਪ੍ਰਦਰਸ਼ਨੀ' ਰੀਲੀਜ਼ ਸਮਾਗਮ

ਵੈਨਕੂਵਰ ਸੱਥ ਵਲੋਂ ਕਾਮਾਗਾਟਾ ਮਾਰੂ ਦੀ ਪੰਝੱਤਰਵੀਂ ਬਰਸੀਂ ਮਨਾਉਣ ਦੇ ਸਬੰਧ ਵਿਚ ਇਕ ਪ੍ਰਦਰਸ਼ਨੀ ਤਿਆਰ ਕੀਤੀ ਗਈ ਹੈ। ਇਸ ਵਿਚ ਇਸ ਇਤਿਹਾਸਕ ਘਟਨਾ ਦੀਆਂ ਚੋਵੀ ਤਸਵੀਰਾਂ ਸ਼ਾਮਲ ਹਨ। ਇਹ ਤਸਵੀਰਾਂ ਉਹਨਾਂ ਮੁਸਾਫਰਾਂ ਦੀ ਕਹਾਣੀ ਦਰਸਾਉਂਦੀਆਂ ਹਨ ਜਿਹਨਾਂ ਨੇ ਕੈਨੇਡਾ ਦੇ ਨਸਲੀ ਕਾਨੂੰਨ ਨੂੰ ਵੰਗਾਰਨ ਦੀ 75 ਵਰ੍ਹੇ ਪਹਿਲਾਂ ਜੁਰਅਤ ਕੀਤੀ। ਇਹਨਾਂ ਤਸਵੀਰਾਂ ਦੇ ਰੂ-ਬ-ਰੂ ਖੜ ਕੇ ਕੁਝ ਪਲਾਂ ਲਈ ਤੁਸੀਂ ਸੱਚ ਮੁੱਚ ਪੰਝੱਤਰ ਵਰ੍ਹੇ ਪਹਿਲਾਂ ਦੇ ਮਾਹੌਲ ਵਿਚ ਪਹੁੰਚ ਜਾਂਦੇ ਹੋ ਅਤੇ ਉਹ ਕੁਝ ਮਹਿਸੂਸ ਕਰ ਸਕਦੇ ਹੋ ਜੋ ਕੁਝ ਸ਼ਾਇਦ ਮਾਰੂ ਦੇ ਮੁਸਾਫਰ ਮਹਿਸੂਸ ਕਰਦੇ ਹੋਣਗੇ।

ਇਹਨਾਂ ਤਸਵੀਰਾਂ ਤੋਂ ਬਿਨ੍ਹਾਂ ਇਸ ਪ੍ਰਦਰਸ਼ਨੀ ਵਿਚ ਮੁਸਾਫਰਾਂ ਦੀ ਸੂਚੀ ਅਤੇ ਮਾਰੂ ਨਾਲ ਸੰਬੰਧਤ ਮੁੱਖ ਘਟਨਾਵਾਂ ਦੀ ਸੂਚੀ ਵੀ ਸ਼ਾਮਲ ਹੈ। ਇਹ ਦੋਵੇਂ ਸੂਚੀਆਂ ਪੰਜਾਬੀ ਅਤੇ ਅੰਗਰੇਜ਼ੀ ਵਿਚ ਹਨ ਅਤੇ ਤਸਵੀਰਾਂ ਵਾਂਗ ਹੀ ਸ਼ੀਸ਼ੇ ਵਾਲੇ ਫਰੇਮਾਂ ਵਿਚ ਜੜੀਆਂ ਹੋਈਆਂ ਹਨ। ਦੋ ਨਕਸ਼ੇ - ਇਕ ਕਾਮਾਗਾਟਾ ਮਾਰੂ ਦੇ ਰੂਟ ਨੂੰ ਦਰਸਾਉਂਦਾ ਹੈ ਅਤੇ ਦੂਜਾ ਵੈਨਕੂਵਰ ਦੀ ਖਾੜੀ ਦੇ ਬਾਹਰ ਉਸ ਥਾਂ ਨੂੰ ਦਰਸਾਉਂਦਾ ਹੈ ਜਿਥੇ ਦੋ ਮਹੀਨੇ ਲਈ ਜਹਾਜ ਨੂੰ ਖੜਾ ਰੱਖਿਆ ਗਿਆ ਸੀ - ਵੀ ਇਸ ਵਿਚ ਸ਼ਾਮਲ ਹਨ।

ਵੈਨਕੂਵਰ ਸੱਥ ਨੇ ਇਹ ਪ੍ਰਦਰਸ਼ਨੀ 17 ਮਈ, ਬੁੱਧਵਾਰ ਦੀ ਸ਼ਾਮ ਨੂੰ ਪੰਜਾਬੀ ਮਾਰਕਿਟ ਦੇ ਮੋਤੀ ਮਹਿਲ ਰੈਸਟੋਰੈਂਟ ਵਿਚ ਰੀਲੀਜ਼ ਕੀਤੀ। ਇਸ ਸਮਾਗਮ ਵਿਚ ਵੈਨਕੂਵਰ ਦੇ ਭਾਰਤੀ ਭਾਈਚਾਰੇ ਵਿਚਲੀਆਂ ਵੱਖੋ ਵੱਖਰੀਆਂ ਸੰਸਥਾਵਾਂ ਦੇ ਲੋਕ ਜੋ ਕਾਮਾਗਾਟਾ ਮਾਰੂ ਦੀ ਬਰਸੀ ਮਨਾਉਣ ਲਈ ਸਰਗਰਮੀਆਂ ਕਰ ਰਹੇ ਹਨ ਅਤੇ ਹੋਰ ਵਿਅਕਤੀ ਜੋ ਸਮਾਜੀ ਕੰਮਾਂ ਵਿਚ ਦਿਲਚਸਪੀ ਰੱਖਦੇ ਹਨ, ਸ਼ਾਮਲ ਹੋਏ।

ਸਮਾਗਮ ਦੀ ਸ਼ੁਰੂਆਤ ਸਾਧੂ ਬਿਨਿੰਗ ਨੇ ਆਏ ਹੋਏ ਦਰਸ਼ਕਾਂ ਨੂੰ ਜੀ ਆਇਆਂ ਆਖ ਕੇ ਕੀਤੀ। ਜਾਣ ਪਛਾਣ ਦਿੰਦਿਆਂ ਉਹਨਾਂ ਕਿਹਾ ਕਿ ਇਹ ਪ੍ਰਦਰਸ਼ਨੀ ਤਿਆਰ ਕਰਦਿਆਂ ਸਾਨੂੰ ਖੁਸ਼ੀ ਤੇ ਮਾਣ ਮਹਿਸੂਸ ਹੋ ਰਿਹਾ ਸੀ ਕਿ ਅਸੀਂ ਆਪਣੀ ਕਮਿਊਨਿਟੀ ਵਲੋਂ ਮਨਾਏ ਜਾ ਰਹੇ ਇਸ ਮਹੱਤਵਪੂਰਨ ਵਰ੍ਹੇ ਵਿਚ ਆਪਣਾ ਯੋਗਦਾਨ ਪਾਉਣ ਦੀ ਕੋਸ਼ਿਸ਼ ਕਰ ਰਹੇ ਹਾਂ, ਪਰ ਉਹ ਖੁਸ਼ੀ ਅਧੂਰੀ ਸੀ, ਅਸਲੀ ਖੁਸ਼ੀ ਇਸ ਨੂੰ ਅੱਜ ਸਾਰਿਆਂ ਨਾਲ ਸਾਂਝਿਆਂ ਕਰ ਕੇ ਹੋ ਰਹੀ ਹੈ।

ਸੱਥ ਦੇ ਮੁੱਖ ਬੁਲਾਰੇ ਸੁਖਵੰਤ ਹੁੰਦਲ ਨੇ ਕਾਮਾਗਾਟਾ ਮਾਰੂ ਦੀ ਘਟਨਾ ਬਾਰੇ ਵਿਸਥਾਰ ਵਿਚ ਚਾਨਣਾ ਪਾਇਆ। ਉਹਨਾਂ ਨੇ ਦੱਸਿਆ ਕਿ ਕਾਮਾਗਾਟਾ ਮਾਰੂ ਭਾਰਤੀਆਂ ਵਲੋਂ ਅੰਗਰੇਜ਼ਾਂ ਵਿਰੁੱਧ ਚਲ ਰਹੀ ਜਦੋ ਜਹਿਦ ਦਾ ਹੀ ਇਕ ਹਿੱਸਾ ਸੀ। ਉਹਨਾਂ ਨੇ ਕਿਹਾ ਜਦੋਂ ਅਸੀਂ ਇਸ ਘਟਨਾ ਨੂੰ ਯਾਦ ਕਰਦੇ ਹਾਂ ਤਾਂ ਸਾਨੂੰ ਗੁੱਸਾ ਆਉਂਦਾ ਹੈ ਪਰ ਨਾਲ ਹੀ ਇਸ ਗੱਲ ਦਾ ਮਾਣ ਵੀ ਬਹੁਤ ਹੁੰਦਾ ਹੈ ਕਿ ਸਾਡੇ ਬਜ਼ੁਰਗਾਂ ਵਿਚ ਹਰ ਕਿਸਮ ਦੇ ਜ਼ੁਲਮ ਅੱਗੇ ਡੱਟ ਜਾਣ ਦੀ ਹਿੰਮਤ ਸੀ ਜਿਸ ਤੋਂ ਸਾਨੂੰ ਵੀ ਸਬਕ ਸਿੱਖਣਾ ਚਾਹੀਦਾ ਹੈ। ਜਿਸ ਤਰ੍ਹਾਂ ਉਸ ਸਮੇਂ ਸਾਡੀ ਵੈਨਕੂਵਰ ਦੀ ਕਮਿਊਨਿਟੀ ਦੇ ਭਾਗ ਸਿੰਘ ਤੇ ਹਸਨ ਰਹੀਮ ਵਰਗੇ ਸੂਝਵਾਨ ਲੋਕਾਂ ਨੇ ਇਥੋਂ ਦੇ ਦੂਜੇ ਲੋਕਾਂ ਨੂੰ ਆਪਣੀਆਂ ਜਦੋ ਜਹਿਦ ਨਾਲ ਜੋੜਿਆ, ਸਾਨੂੰ ਵੀ ਨਸਲਵਾਦ ਵਰਗੇ ਮਸਲਿਆਂ ਵਿਰੁੱਧ ਕੈਨੇਡਾ ਦੀ ਦੂਜੀ ਕਮਿਊਨਿਟੀ ਨਾਲ ਮਿਲ ਕੇ ਜਦੋ ਜਹਿਦ ਕਰਨੀ ਚਾਹੀਦੀ ਹੈ। ਉਹਨਾਂ ਨੇ ਅੱਗੇ ਕਿਹਾ ਕਿ ਜਦੋਂ ਇਸ ਘਟਨਾ ਨੂੰ ਯਾਦ ਕਰਦੇ ਹਾਂ ਤਾਂ ਵੈਨਕੂਵਰ ਆਪਣਾ ਆਪਣਾ ਲੱਗਣ ਲੱਗਦਾ ਹੈ ਕਿਉਂਕਿ ਇਥੇ ਸਾਡੇ ਬਜ਼ੁਰਗਾਂ ਨੇ ਬੇਇਨਸਾਫੀ ਵਿਰੁੱਧ ਜਦੋ ਜਹਿਦ ਕੀਤੀ ਸੀ। ਉਹਨਾਂ ਨੇ ਦੂਜੇ ਲੋਕਾਂ ਵਲੋਂ ਲਿਖੇ ਇਤਿਹਾਸ ਬਾਰੇ ਬੋਲਦਿਆਂ ਕਿਹਾ ਕਿ ਉਹ ਕਈ ਵਾਰੀ ਸਾਡੇ ਇਤਿਹਾਸ ਨਾਲ ਪੂਰਾ ਇਨਸਾਫ ਨਹੀਂ ਕਰ ਸਕਦੇ ਇਸ ਲਈ ਸਾਨੂੰ ਆਪਣਾ ਇਤਿਹਾਸ ਆਪ ਲਿਖਣਾ ਚਾਹੀਦਾ ਹੈ। ਅਖੀਰ ਵਿਚ ਉਹਨਾਂ ਨੇ ਕਿਹਾ ਕਿ ਅਸੀਂ ਵੈਨਕੂਵਰ ਸੱਥ ਦੀ ਆਵਾਜ਼ ਉਹਨਾਂ ਸਾਰੀਆਂ ਸੰਸਥਾਵਾਂ ਦੀ ਆਵਾਜ਼ ਨਾਲ ਮਿਲਾਉਂਦੇ ਹਾਂ ਜੋ ਇਹ ਮੰਗ ਕਰ ਰਹੀਆਂ ਹਨ ਕਿ ਕੈਨੇਡੀਅਨ ਸਰਕਾਰ ਪਬਲਿਕ ਤੌਰ 'ਤੇ ਮੁਆਫੀ ਮੰਗੇ ਅਤੇ ਇਹ ਮੰਨੇ ਕਿ ਇਹ ਇਕ ਗਲਤ ਗੱਲ ਸੀ ਅਤੇ ਇਸ ਘਟਨਾ ਦੀ ਯਾਦ ਵਿਚ ਕੋਈ ਪੱਕੀ ਯਾਦਗਾਰ ਸਥਾਪਤ ਕੀਤੀ ਜਾਵੇ।

ਸੱਥ ਦੇ ਮੈਂਬਰ ਹਰਜਿੰਦਰ ਸਾਂਗਰਾ ਨੇ ਅੰਗਰੇਜ਼ੀ ਵਿਚ ਪ੍ਰਦਰਸ਼ਨੀ ਬਾਰੇ ਆਪਣੇ ਪ੍ਰਭਾਵ ਸਾਂਝੇ ਕੀਤੇ। ਉਹਨਾਂ ਨੇ ਦੱਸਿਆ ਕਿ ਸੱਥ ਦੇ ਮੈਂਬਰਾਂ ਨਾਲ ਇਹ ਪ੍ਰਦਰਸ਼ਨੀ ਤਿਆਰ ਕਰਨ ਸਮੇਂ ਉਹਨੇ ਮਹਿਸੂਸ ਕੀਤਾ ਕਿ ਆਪਣੇ ਇਤਿਹਾਸ ਨੂੰ ਯਾਦ ਰੱਖਣਾ ਕਿੰਨਾ ਜ਼ਰੂਰੀ ਹੈ। ਉਹਨਾਂ ਨੇ ਕਿਹਾ ਕਿ ਕੈਨੇਡਾ ਵਿਚ ਜੰਮੀ ਪਲੀ ਪੀੜੀ ਦੀ ਮੈਂਬਰ ਹੋਣ ਕਰਕੇ ਮੈਂ ਮਹਿਸੂਸ ਕਰਦੀ ਹਾਂ ਕਿ ਸਾਨੂੰ ਆਪਣੇ ਪਿਛੋਕੜ ਨੂੰ ਹਰ ਹਾਲਤ ਵਿਚ ਯਾਦ ਰੱਖਣਾ ਚਾਹੀਦਾ ਹੈ, ਇਸ ਤੋਂ ਸਾਨੂੰ ਜੀਵਨ ਦੇ ਕੰਮਾਂ ਲਈ ਸ਼ਕਤੀ ਮਿਲਦੀ ਹੈ।

ਸੱਥ ਵਲੋਂ ਪੰਜਾਬੀ ਲੇਖਕ ਅਜਮੇਰ ਰੋਡੇ ਨੂੰ ਖਾਸ ਤੌਰ 'ਤੇ ਬੋਲਣ ਦਾ ਸੱਦਾ ਦਿੱਤਾ ਗਿਆ ਸੀ। ਉਹਨਾਂ ਦੀ ਜਾਣ ਪਛਾਣ ਕਰਾਉਂਦਿਆਂ ਸਾਧੂ ਨੇ ਕਿਹਾ ਕਿ ਸਾਨੂੰ ਮਾਣ ਹੈ ਕਿ ਸਾਡੇ ਵਿਚ ਇਹੋ ਜਿਹੇ ਲੇਖਕ ਵੀ ਹਨ ਜੋ ਕਾਮਾਗਾਟਾ ਮਾਰੂ ਵਰਗੀਆਂ ਘਟਨਾਵਾਂ ਦੀ ਮਹੱਤਤਾ ਨੂੰ ਪਛਾਣਦੇ ਹਨ ਅਤੇ ਸਹੀ ਰੂਪ ਵਿਚ ਲੋਕਾਂ ਸਾਹਮਣੇ ਪੇਸ਼ ਕਰਦੇ ਹਨ। ਅਜਮੇਰ ਹੋਰਾਂ ਨੇ ਦੱਸ ਸਾਲ ਪਹਿਲਾਂ ਇਸ ਘਟਨਾ ਬਾਰੇ ਨਾਟਕ ਲਿਖਿਆ ਅਤੇ ਜੋ ਵਤਨੋਂ ਦੂਰ ਆਰਟ ਫਾਉਂਡੇਸ਼ਨ ਵਲੋਂ ਇਹਨਾਂ ਦੀਆਂ ਹੀ ਕੋਸ਼ਿਸ਼ਾਂ ਨਾਲ ਖੇਡਿਆ ਗਿਆ।

ਅਜਮੇਰ ਹੋਰਾਂ ਨੇ ਆਪਣੀ ਗੱਲਬਾਤ ਵਿਚ ਕਾਮਾਗਾਟਾ ਮਾਰੂ ਦੀ ਮਹੱਤਤਾ ਬਾਰੇ ਦੱਸਿਆ ਅਤੇ ਇਹਦੇ ਕਾਰਨ ਜਾਣੀ ਕਿ ਨਸਲਵਾਦ ਬਾਰੇ ਵਿਦਵਤਾ ਭਰਪੂਰ ਚਾਨਣਾ ਪਾਇਆ। ਉਹਨਾਂ ਦੱਸਿਆ ਕਿ ਇਸ ਕੈਂਸਰ ਵਰਗੀ ਬੀਮਾਰੀ ਦੀ ਜੜ੍ਹ ਬਹੁਤ ਲੰਮੀ ਹੈ ਅਤੇ ਅੱਜ ਵੀ ਇਹ ਸਮਾਜ ਨੂੰ ਰੋਗੀ ਬਣਾ ਰਹੀ ਹੈ।

ਇਸ ਤੋਂ ਪਿਛੋਂ ਸੁੱਚਾ ਸਿੰਘ ਕਲੇਰ, ਚਰਨਪਾਲ ਗਿੱਲ, ਦਲਜੀਤ ਸਿੰਘ ਸਿੱਧੂ, ਕਰਤਾਰ ਸਿੰਘ, ਕਮਲਇੰਦਰ ਸਿੰਘ ਨੀਲ, ਉਜਲ ਦੋਸਾਂਝ, ਪ੍ਰਿਤਪਾਲ ਸਿੰਘ ਨਰਵਾਲ, ਡਾਕਟਰ ਹਰੀ ਸ਼ਰਮਾ, ਅਮਨਪਾਲ ਸਾਰਾ, ਅਸ਼ੋਕ ਸ਼ਰਮਾ ਨੇ ਕਾਮਾਗਾਟਾ ਮਾਰੂ ਦੀ ਮਹੱਤਤਾ ਬਾਰੇ ਅਤੇ ਵੈਨਕੂਵਰ ਸੱਥ ਵਲੋਂ ਤਿਆਰ ਕੀਤੀ ਪ੍ਰਦਰਸ਼ਨੀ ਵਰਗੀਆਂ ਹੋਰ ਸਰਗਰਮੀਆਂ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਇਹਨਾਂ ਸਜਣਾਂ

ਨੇ ਆਪੋ ਆਪਣੀਆਂ ਜਥੇਬੰਦੀਆਂ ਵਲੋਂ ਮਾਰੂ ਦੀ ਪੰਝੱਤਰਵੀਂ ਵਰ੍ਹੇ ਗੰਡ ਮਨਾਉਣ ਲਈ ਉਲੀਕੇ ਕੰਮਾਂ ਬਾਰੇ ਵੀ ਦੱਸਿਆ।

ਪ੍ਰਦਰਸ਼ਨੀ ਨੂੰ ਰੀਲੀਜ਼ ਕਰਨ ਲਈ ਕੀਤੇ ਗਏ ਇਸ ਸਮਾਗਮ ਦੀ ਸੱਭ ਤੋਂ ਵੱਡੀ ਪ੍ਰਾਪਤੀ ਜੇ ਕੋਈ ਹੈ ਤਾਂ ਇਹੀ ਹੈ ਕਿ ਇਸ ਵਿਚ ਵੱਖਰੀਆਂ ਵੱਖਰੀਆਂ ਸੰਸਥਾਵਾਂ ਦੇ ਲੋਕਾਂ ਨੇ ਬਹੁਤ ਹੀ ਸੁਖਾਂਵੇਂ ਮਾਹੌਲ ਵਿੱਚ ਬੈਠ ਕੇ ਕਾਮਾਗਾਟਾ ਮਾਰੂ ਦੀ ਯਾਦ ਨੂੰ ਤਾਜ਼ਾ ਕੀਤਾ ਅਤੇ ਇਸ ਸੰਬੰਧੀ ਹੋ ਰਹੀਆਂ ਸਰਗਰਮੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ। ਇਹ ਗੱਲ ਆਪਣੇ ਆਪ ਵਿਚ ਸ਼ਾਇਦ ਇੰਨੀ ਮਹੱਤਤਾ ਨਹੀਂ ਰੱਖਦੀ ਪਰ ਜਿਸ ਕਿਸਮ ਦੇ ਮਾਹੌਲ ਵਿਚੋਂ ਦੀ ਕੈਨੇਡਾ ਦੀ ਭਾਰਤੀ ਕਮਿਉਨਿਟੀ ਪਿਛਲੇ ਕੁਝ ਸਾਲਾਂ ਤੋਂ ਲੰਘੀ ਹੈ ਉਸ ਨੂੰ ਧਿਆਨ 'ਚ ਰੱਖਦਿਆਂ ਇਹ ਸ਼ਾਮ ਆਪਸੀ ਨੇੜਤਾ ਤੇ ਸੱਦਭਾਵਨਾ ਦੀ ਇਕ ਯਾਦਗਾਰ ਮਿਸਾਲ ਕਹੀ ਜਾ ਸਕਦੀ ਹੈ।

ਮੀਟਿੰਗ ਨੂੰ ਖਤਮ ਕਰਦਿਆਂ ਸਾਧੂ ਨੇ ਕਿਹਾ ਕਿ ਜਿਸ ਤਰ੍ਹਾਂ ਅੱਜ ਅਸੀਂ ਇਥੇ ਰਲ ਕੇ ਬੈਠੇ ਹਾਂ ਅਤੇ ਵਿਚਾਰ ਵਿਟਾਂਦਰਾ ਕੀਤਾ ਹੈ ਇਹ ਸ਼ਾਇਦ ਉਹਨਾਂ ਲੋਕਾਂ ਲਈ ਸੱਭ ਤੋਂ ਵੱਡੀ ਸ਼ਰਧਾਂਜਲੀ ਹੈ ਜੋ ਲੋਕ 75 ਵਰ੍ਹੇ ਪਹਿਲਾਂ ਕੋਸ਼ਿਸ਼ ਕਰਨ ਦੇ ਬਾਵਜੂਦ ਵੀ ਕੈਨੇਡਾ ਆ ਨਹੀਂ ਸਕੇ, ਜਿਹਨਾਂ ਨੂੰ ਦੋ ਮਹੀਨੇ ਇਹਦੇ ਦਰਾਂ ਤੋਂ ਬਾਹਰ ਬੈਠ ਕੇ ਵਾਪਿਸ ਮੁੜਨਾ ਪਿਆ। ਉਹਨਾਂ ਦੀਆਂ ਅੱਖਾਂ ਵਿਚ ਜਿਸ ਕਮਿਉਨਿਟੀ ਦਾ ਸੁਪਨਾ ਸੀ ਉਹ ਸ਼ਾਇਦ ਇਸੇ ਕਿਸਮ ਦੀ ਕਮਿਉਨਿਟੀ ਹੋਵੇ ਜੋ ਅਸੀਂ ਅੱਜ ਇਥੇ ਦੇਖ ਰਹੇ ਹਾਂ, ਮਹਿਸੂਸ ਕਰ ਰਹੇ ਹਾਂ।

ਵੈਨਕੂਵਰ ਸੱਥ


**1 HOUR PHOTO SERVICE**

**KARTAR PHOTO STUDIO**

ਪੰਝੱਤਰਵੀਂ ਬਰਸੀ 'ਤੇ ਕਾਮਾਗਾਟਾ ਮਾਰੂ ਦੀ ਯਾਦ ਨੂੰ ਪ੍ਰਣਾਮ।



872-6060
4279 Fraser St. (27th Ave)
Vancouver, B.C.



ਕੈਨੇਡਾ 'ਚ ਨਸਲਵਾਦ ਦੇ ਖਿਲਾਫ਼ ਲੜਾਈ, ਹਿੰਦੁਸਤਾਨੀ ਏਕਤਾ ਅਤੇ ਦੇਸ਼ਭਗਤੀ ਦੇ ਚਿੰਨ੍ਹ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਨੂੰ ਨਿੱਘੀ ਪ੍ਰਣਾਮ।

ਉੱਜਲ ਦੁਸਾਂਝ

**UJJAL DOSANJH**

LAWYER
#202-5887 VICTORIA DRIVE
VANCOUVER, B.C. V5P 3W5



ਕਾਮਾਗਾਟਾ ਮਾਰੂ ਦੀ 75ਵੀਂ ਵਰ੍ਹੇਗੰਢ ਉੱਪਰ ਉਨ੍ਹਾਂ ਬਹਾਦਰ ਮੁਸਾਫਰਾਂ ਨੂੰ ਯਾਦ ਕਰਦੇ ਹਨ।

**BAINS**

International Travel
Service Ltd. I.A.T.A. Approved
6364 Fraser St. Vancouver, B.C.
Ph.324-2277

935 Marine Drive
Capilano Mall,
North Vancouver

1710 Douglas Street
Victoria, B.C.
Ph. 386-6363

ਨਕਸ਼ਾ -ਹਰਜਿੰਦਰ ਸਾਂਗਰਾ

# ਕਾਮਾਗਾਟਾ ਮਾਰੂ ਦਾ ਰੂਟ



194 ਕਿਸ਼ਨ ਸਿੰਘ ਠੀਕਰੀਵਾਲਾ
195 ਬਚਨ ਸਿੰਘ ਠੀਕਰੀਵਾਲਾ
196 ਇੰਦਰ ਸਿੰਘ ਠੀਕਰੀਵਾਲਾ
197 ਚੰਦਾ ਸਿੰਘ ਠੀਕਰੀਵਾਲਾ
198 ਜੀਵਨ ਸਿੰਘ ਕੇਲੇ ਬੰਦਰ
199 ਹੀਰਾ ਸਿੰਘ ਕੇਲੇ ਬੰਦਰ
200 ਨੌਧਾ ਸਿੰਘ ਕੇਲੇ ਬੰਦਰ
201 ਚੰਨਣ ਸਿੰਘ ਤਲਵੰਡੀ
202 ਵਜ਼ੀਰ ਸਿੰਘ ਤਲਵੰਡੀ
203 ਸੰਤਾ ਸਿੰਘ ਖੁੱਡੀ
204 ਬਿਸ਼ਨ ਸਿੰਘ ਖੁੱਡੀ
205 ਵੀਰ ਸਿੰਘ ਰਲਾ
206 ਨਾਹਰ ਸਿੰਘ ਰਲਾ
207 ਭਾਗ ਸਿੰਘ ਸਹਿਣਾ
208 ਬਿਸ਼ਨ ਸਿੰਘ ਸਮੀਰ
209 ਨਰਾਇਣ ਸਿੰਘ ਭਿੰਡਰ
210 ਬਖਤਾਵਰ ਸਿੰਘ ਹਰੀ ਕਾ ਬੁਰਜ
211 ਗੁਰਦਿਤ ਸਿੰਘ ਸ਼ੇਖਾ
212 ਇੰਦਰ ਸਿੰਘ ਜੋਗਾ
213 ਹਰਦਿਤ ਸਿੰਘ ਦੱਤੇ
214 ਬੱਗਾ ਸਿੰਘ ਰਾਮਪੁਰਾ
215 ਪਰੇਮ ਸਿੰਘ ਪੰਡੋਰੀ
216 ਪ੍ਰਤਾ ਸਿੰਘ ਬਹਾਦਰ ਗੜ੍ਹ
217 ਨਾਹਰ ਸਿੰਘ ਜੋਗਾ ਰਲਾ
218 ਫੁੰਮਣ ਸਿੰਘ ਸੰਦੋਹਾ
219 ਪਾਲ ਸਿੰਘ ਜਲਾਲਦੀ ਆਲ
220 ਅਰਜਨ ਸਿੰਘ ਖਿਆਲਾ
221 ਕਪੂਰ ਸਿੰਘ ਖਿਆਲੀ
222 ਮਹਿਮਾ ਸਿੰਘ ਸੀਲ
223 ਸ਼ੇਰ ਸਿੰਘ ਵਡਾਲੀ ਸ਼ੇਰ ਸਿੰਘ
224 ਬਚਿੱਤਰ ਸਿੰਘ ਖੇੜੀ
225 ਰਾਮ ਸਿੰਘ ਮੋੜ
226 ਰਤਨ ਸਿੰਘ ਭਲਾਈ ਕੇ
227 ਸੰਤਾ ਸਿੰਘ ਕਾਲੇ ਕੇ
228 ਗੁੰਨਾ ਸਿੰਘ ਘਲੋਟੇ
229 ਦਿਆਲ ਸਿੰਘ ਸੰਦੇਰੀ
230 ਚੰਨਣ ਸਿੰਘ ਵਜ਼ੀਦ ਕੇ
231 ਗੁਰਦਿਤ ਸਿੰਘ ਖਾਸੇ
232 ਬਿਜਲਾ ਸਿੰਘ ਜੈਤੋਈ
233 ਸੋਹਨ ਸਿੰਘ ਮਹਿਤਾ
234 ਹਰਨਾਮ ਸਿੰਘ ਭੰਬੜਵਾਲ
235 ਮਨਸ਼ਾ ਸਿੰਘ ਚਨੇਰ
236 ਸਰੂਪ ਸਿੰਘ ਵਾਣਾਵਾਲੀ
237 ਹੀਰਾ ਸਿੰਘ ਰਾਮਗੜ੍ਹ
238 ਮਸਤਾਨ ਸਿੰਘ ਮੂਮ

ਜ਼ਿਲ੍ਹਾ ਜਲੰਧਰ

239 ਸਰੂਪ ਸਿੰਘ ਖੁਰਦਪੁਰ
240 ਮੇਲਾ ਸਿੰਘ ਖੁਰਦਪੁਰ
241 ਊਧਮ ਸਿੰਘ ਖੁਰਦਪੁਰ
242 ਬਧੀ ਸਿੰਘ ਖੁਰਦਪੁਰ
243 ਭਾਗ ਸਿੰਘ ਰੰਧਾਵੇ
244 ਹਰਨਾਮ ਸਿੰਘ ਰੰਧਾਵੇ
245 ਅਰਜਨ ਸਿੰਘ ਰੰਧਾਵੇ
246 ਮੀਹਾਂ ਸਿੰਘ ਰਾਇਪੁਰ
247 ਭਗਵਾਨ ਸਿੰਘ ਰਾਇਪੁਰ
248 ਕਰਤਾਰ ਸਿੰਘ ਰਾਇਪੁਰ
249 ਦਲੀਪ ਸਿੰਘ ਮੁੱਲਾਂਪੁਰ
250 ਕਰਤਾਰ ਸਿੰਘ ਮੁੱਲਾਂਪੁਰ
251 ਮੁਨਸ਼ਾ ਸਿੰਘ ਮੁਹੇਮ
252 ਰਲਾ ਸਿੰਘ ਮੁਹੇਮ
253 ਮੋਤਾ ਸਿੰਘ ਭਲੋਲੀ
254 ਗੁਰਬਖਸ਼ ਸਿੰਘ ਭਲੋਲੀ
255 ਸ਼ੇਰ ਸਿੰਘ ਭਾਲੀਵਾਲ
256 ਸ਼ੇਰ ਸਿੰਘ(ਦੂਜਾ) ਭਾਲੀਵਾਲ
257 ਕਰਪਾ ਸਿੰਘ ਡਰੋਲੀ
258 ਪੀਰ ਬਖਸ਼ ਨੂਰ ਮਹਿਲ
259 ਗੰਡਾ ਸਿੰਘ ਬੱਲ
260 ਗੁਰਦਿਤ ਸਿੰਘ ਕਹੂਰ
261 ਅਰਜਨ ਸਿੰਘ ਦੱਤੇ
262 ਵੀਰ ਸਿੰਘ ਕੁਲਾਰ
263 ਸੁੰਦਰ ਸਿੰਘ ਕਾਲੇ
264 ਕਾਬਲ ਸਿੰਘ ਹਰੀਪੁਰ
265 ਈਸ਼ਰ ਸਿੰਘ ਬੋਹੜ
266 ਰਤਨ ਸਿੰਘ ਜਮਸ਼ੇਰ
267 ਬਅੰਤ ਸਿੰਘ ਸਾਲਨ
268 ਇੰਦਰ ਸਿੰਘ ਬਜੈਰ
269 ਹਜ਼ਾਰਾ ਸਿੰਘ ਪਾਂਸ਼ਟਾ
270 ਏਂਦਰ ਸਿੰਘ ਸਿਧਵਾਂ
271 ਕਰਤਾਰ ਸਿੰਘ ਮਿਹਲੀ
272 ਭਾਨ ਸਿੰਘ ਵੜਿੰਗ
273 ਹਰਨਾਮ ਸਿੰਘ ਸਿੱਧਮ
274 ਸੁੰਦਰ ਸਿੰਘ ਨਿੰਗੜ
275 ਪੰਜਾਬ ਸਿੰਘ ਕੋਟਲੀ ਥਾਨ ਸਿੰਘ
276 ਕਰਮ ਸਿੰਘ ਰੁੜਕਾ
277 ਦਲੀਪ ਸਿੰਘ ਬੁਡਾਲਾ
278 ਗੁਰਚਰਨ ਸਿੰਘ ਸ਼ਰੀਂਹ

ਜ਼ਿਲਾ ਲਾਹੌਰ

279 ਗਣੇਸ਼ਾ ਸਿੰਘ ਭੜਾਣਾ
280 ਮਹਾਂ ਸਿੰਘ ਭੜਾਣਾ
281 ਸੁਰੈਣ ਸਿੰਘ ਭੜਾਣਾ
282 ਮਈਆ ਸਿੰਘ ਭੜਾਣਾ
283 ਸੁੱਚਾ ਸਿੰਘ ਸੁਰ ਸਿੰਘ
284 ਨਰਾਇਣ ਸਿੰਘ ਸੁਰ ਸਿੰਘ
285 ਨੰਦ ਸਿੰਘ ਸੁਰ ਸਿੰਘ
286 ਮਿੱਤ ਸਿੰਘ ਗੁੱਦੇ
287 ਆਸਾ ਸਿੰਘ ਗੁੱਦੇ
288 ਬੀਰ ਸਿੰਘ ਗੁੱਦੇ
289 ਨੰਦ ਸਿੰਘ ਬੁਲੇਰ
290 ਭਗਤ ਸਿੰਘ ਬੁਲੇਰ
291 ਮੰਗਲ ਸਿੰਘ ਧੁੰਨ
292 ਨਰਾਇਣ ਸਿੰਘ ਧੁੰਨ
293 ਬਘੇਲ ਸਿੰਘ ਪੂਨੀਆਂ
294 ਭਗਤ ਸਿੰਘ ਪੂਨੀਆਂ
29 ਸੁੰਦਰ ਸਿੰਘ ਈਚੋਗਿਲ
296 ਬਹਾਲ ਸਿੰਘ ਕਿੜਕਾ
297 ਇੰਦਰ ਸਿੰਘ ਭਿੱਖੀਵਿੰਡ
298 ਡੋਗਰ ਸਿੰਘ ਮਾਨਕੇ
299 ਵੀਰ ਸਿੰਘ ਕਰਬਾਨ
300 ਭਾਗ ਸਿੰਘ ਮੋਕੀ ਸਾਵਾ
301 ਜਗਤ ਸਿੰਘ ਭੱਗੂਪੁਰ
302 ਹਰਨਾਮ ਸਿੰਘ ਖਾਲੜਾ
303 ਅਮਰ ਸਿੰਘ ਸਾਨਪੁਰਾ
304 ਨਰ ਸਿੰਘ ਕੋਟ ਰਾਏ ਬੂਟਾ
305 ਭਾਨ ਸਿੰਘ ਲਾਹੌਰ
306 ਮੰਗਲ ਸਿੰਘ ਕਰਨਕੇ
307 ਸੁੰਦਰ ਸਿੰਘ ਤਲਵੰਡੀ ਗਿੱਲ
308 ਸੁਰੈਣ ਸਿੰਘ ਕਿਰਤੋਵਾਲ
309 ਬੰਤ ਸਿੰਘ ਠੱਟਾ

ਜ਼ਿਲਾ ਸ਼ਾਹਪੁਰ

310 ਫਤੇਹ ਸ਼ਾਹ ਜਾਹਲਰ
311 ਰਮਜ਼ਾਨ ਜਾਹਲਰ
312 ਰਾਜਮ ਅਲੀ ਜਾਹਲਰ
313 ਨਾਦਰ ਸ਼ਾਹ ਜਾਹਲਰ
314 ਸ਼ੇਰ ਖ਼ਾਨ ਜਾਹਲਰ
315 ਨੂਰ ਖ਼ਾਨ ਜਾਹਲਰ
316 ਮੀਆਂ ਮੁਹੰਮਦ ਜਾਹਲਰ
317 ਜਵਾਂਇਆ ਜਾਹਲਰ
318 ਬਾਗ ਅਲੀ ਜਾਹਲਰ
319 ਹੈਦਰ ਖ਼ਾਨ ਜਾਹਲਰ
320 ਹਾਜੀ ਜਾਹਲਰ
321 ਸਿਰਖਰੂ ਖ਼ਾਨ ਜਾਹਲਰ
322 ਅਨਵਰ ਖ਼ਾਨ ਜਾਹਲਰ
323 ਯਾਹੀਨ ਜਾਹਲਰ
324 ਫ਼ਕੀਰ ਮੁਹੰਮਦ ਜਾਹਲਰ
325 ਗੌਹਰ ਅਲੀ ਜਾਹਲਰ
326 ਗੁਲਾਬ ਸਿੰਘ ਜਾਹਲਰ
327 ਬਵਾਓਦੀਨ ਜੱਲੀ
328 ਖ਼ਾਨ ਮੁਹੰਮਦ ਜੱਲੀ
329 ਅਰਜਨ ਸਿੰਘ ਚੌਂਕ
330 ਬਿਸ਼ਨ ਸਿੰਘ ਚੌਂਕੀ

ਜ਼ਿਲਾ ਹੁਸ਼ਿਆਰਪੁਰ

331 ਹਰਬਿਸ਼ਨ ਸਿੰਘ ਮੋਰਾਂਵਾਲੀ
332 ਦਲੀਪ ਸਿੰਘ ਮੋਰਾਂਵਾਲੀ
333 ਰਲਾ ਸੂਸ
334 ਭੋਲਾ ਸੂਸ
335 ਸੰਤਾ ਸਿੰਘ ਨੰਗਲ
336 ਚੰਦਾ ਸਿੰਘ ਕੋਟ ਫਤੂਹੀ
337 ਰਾਮ ਚੰਦ ਜੰਡੋਲੀ
338 ਠਾਕਰ ਸਿੰਘ ਮਾਹਲਪੁਰ
339 ਪੋਹਲੋ ਰਾਮ ਅਨੰਦਪੁਰ
340 ਮੰਗਲ ਸਿੰਘ ਮਿਰਜ਼ਾਪੁਰ
341 ਮੁਨਸ਼ੀ ਸਿੰਘ ਗੁੱਲਪੁਰ
342 ਮੁਨਸ਼ਾ ਸਿੰਘ ਟੂਟੋ ਮਾਜਰਾ

ਜ਼ਿਲਾ ਅੰਬਾਲਾ

343 ਬਦਨ ਸਿੰਘ ਸਲਾਮਤ ਪੁਰ
344 ਕਾਬਲ ਸਿੰਘ ਸਲਾਮਤ ਪੁਰ
345 ਨੰਦ ਸਿੰਘ ਸਲਾਮਤ ਪੁਰ
346 ਮੰਗਲ ਸਿੰਘ ਸਿਆਰਪੁਰ
347 ਬਦਨ ਸਿੰਘ ਸਿਆਰਪੁਰ
348 ਮੰਗਲ ਸਿੰਘ ਲਖਮੀ ਪੁਰ
349 ਕਿਰਪਾ ਸਿੰਘ ਮੀਆਂ ਪੁਰ
350 ਕਿਹਰ ਸਿੰਘ ਪੱਤੋ
351 ਹਾਕਮ ਸਿੰਘ ਨਹੇੜੀ
352 ਕਰਮ ਇਲਾਹੀ ਧੰਗ
353 ਰਾਮ ਸਿੰਘ ਡੱਪਰ

ਰਿਆਸਤ ਨਾਭਾ

354 ਲਾਲ ਸਿੰਘ ਗਿੱਲ ਬੁਰਜ
355 ਸੁਰਜਨ ਸਿੰਘ ਗਿੱਲ ਬੁਰਜ
356 ਸੁਰਜਨ ਸਿੰਘ ਖਾਨੀਆ
357 ਭਜਨ ਸਿੰਘ ਰਾਜੀਆ
358 ਨਾਭ ਕੰਵਲ ਸਿੰਘ ਮਹਿਰਾਜ ਭੈਣੀ

ਜ਼ਿਲਾ ਗੁਰਦਾਸਪੁਰ

359 ਬਹਾਦਰ ਸਿੰਘ ਗਿਲੀਆਂਵਾਲੀ
360 ਸੁੰਦਰ ਸਿੰਘ ਬਚੋਕੇ
361 ਕਿਸ਼ਨ ਸਿੰਘ ਡੱਲਾ
362 ਇੰਦਰ ਸਿੰਘ ਘਣੀਏ ਕੇ ਬਾਂਗ

ਜ਼ਿਲਾ ਗੁਜਰਾਂਵਾਲਾ

363 ਦੁਰਭਜਨ ਸਿੰਘ ਸੰਤ ਪੁਰਾ
364 ਬਰਕਤ ਸਿੰਘ ਸੰਤ ਪੁਰਾ
365 ਨਾਨਕ ਸਿੰਘ ਗੁਜਰਾਂਵਾਲਾ

ਰਿਆਸਤ ਕਪੂਰਥਲਾ

366 ਸੰਤਾ ਸਿੰਘ ਕਪੂਰਥਲਾ
367 ਰਲਾ ਸਿੰਘ ਤਾਸਪੁਰ
368 ਅਮਰ ਸਿੰਘ ਕਾਹਲਮਾ

ਜ਼ਿਲਾ ਹਿਸਾਰ

369 ਹਾਕਮ ਸਿੰਘ ਪੱਕਾ
370 ਅਮਰ ਸਿੰਘ ਦਾਦੂ

ਰਿਆਸਤ ਕਲਸੀਆਂ

371 ਤਿਰਲੋਚਨ ਸਿੰਘ ਚੁਬਾਰਾ

ਰਿਆਸਤ ਫਰੀਦਕੋਟ

372 ਕੇਹਰ ਸਿੰਘ ਖੋਸੋਆਨਾ
373 ਕਰਮ ਦਾਦ ਨੰਡੂ

ਜ਼ਿਲਾ ਸਿਆਲਕੋਟ

374 ਮਹਿੰਗਾ ਸਿੰਘ ਡਿੰਗਾ

ਜ਼ਿਲਾ ਲਾਇਲਪੁਰ

375 ਬੇਲਾ ਸਿੰਘ ਕੱਕੜ ਚੱਕ ਨੰਬਰ 44
376 ਧੰਬੀ ਨਲੂਰ ਜਫ਼ਨਾ

ਵੈਨਕੂਵਰ ਸੱਥ, ਵੈਨਕੂਵਰ ਬੀ ਸੀ
ਮਈ 1989

JUl./Aug./Sep. 1989

**WATAN** A Quarterly of Punjabi Language, Literature and culture.
P.O. Box 67681, Stn. O.
Vancouver, B.C. V5W - 3V2



ਕਾਮਾਗਾਟਾ ਮਾਰੂ ਦੀ 75ਵੀਂ ਬਰਸੀ ਉੱਤੇ - ਬੇਇਨਸਾਫੀ ਅਤੇ ਅਨਿਆਂ ਵਿਰੁੱਧ ਲੜਾਈ ਦੇ ਪ੍ਰਤੀਕ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਦੀ ਯਾਦ ਨੂੰ ਪ੍ਰਣਾਮ।

ਗਿੱਲਫੋਰਡ ਫਰਨੀਚਰ

**GILLFORD FURNITURE**

31776-South Fraser Hwy.
CLEARBROOK, B.C.
850-2909